I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.31 / No.09
28 February, 2025
੧੭ ਫੱਗਣ ਨਾਨਕਸ਼ਾਹੀ ਸੰਮਤ ੫੫੬

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

## ਓਂਟਾਰੀਓ ਸੂਬੇ ਦੀਆਂ ਚੋਣਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਹੋਈ ਜਿੱਤ

### ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਮਿਲੀਆਂ 79 ਸੀਟਾਂ, ਐਨ.ਡੀ.ਪੀ. ਨੂੰ 25 ਅਤੇ ਲਿਬਰਲ ਨੂੰ 14 ਗਰੀਨ ਦੇ ਪੱਲੇ ਦੋ ਸੀਟਾਂ ਹੀ ਪਈਆਂ




**ਸਰੀ (ਏਕਜੋਤ ਸਿੰਘ):** ਓਂਟਾਰੀਓ ਸੂਬੇ ਵਿੱਚ ਅੱਜ ਹੋਈਆਂ ਚੋਣਾਂ ਦੌਰਾਨ ਡਗ ਫੋਰਡ ਇਕਵਾਰ ਫੇਰ ਚੋਣਾਂ ਵਿੱਚ ਬਾਜ਼ੀ ਮਾਰ ਗਏ ਹਨ ਤੇ ਉਨਾਂ ਨੇ ਲਗਾਤਾਰ ਤੀਜੀ ਵਾਰ ਚੋਣਾਂ ਲਗਾਤਾਰ ਜਿੱਤ ਕੇ ਇਤਹਾਸਿਕ ਪ੍ਰਾਪਤੀ ਕੀਤੀ ਹੈ। ਇਨ੍ਹਾਂ ਚੋਣਾਂ ਦੇ ਨਤੀਜੇ ਬਹੁਤ ਜਲਦੀ ਹੀ ਆ ਗਏ, ਜਿਸ ਵਿੱਚ ਟੋਰੀ ਪਾਰਟੀ 79 ਸੀਟਾਂ 'ਤੇ ਅੱਗੇ ਰਹੀ, ਜਦਕਿ ਐਨ.ਡੀ.ਪੀ. ਨੇ 25, ਲਿਬਰਲਜ਼ ਨੇ 14 ☛ ਬਾਕੀ ਸਫ਼ਾ 3 'ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com




A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

SUPER VISAS
PNPs
EXPRESS ENTRY
idea immigration
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਖਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਸ. ਬਲਤੇਜ ਸਿੰਘ ਢਿੱਲੋਂ ਢਿੱਲੋ ਨੇ ਸੈਨਟਰ ਵਜੋਂ ਅਹੁਦਾ ਸੰਭਾਲਿਆ





**ਸਰੀ, (ਡਾ. ਗੁਰਵਿੰਦਰ ਸਿੰਘ):** ਕੈਨੇਡਾ ਦੇ ਇਤਿਹਾਸ ਵਿੱਚ ਸਿੱਖਾਂ ਲਈ ਵਿਸ਼ੇਸ਼ ਕਰਕੇ ਅਤੇ ਬਹੁਤ ਸੱਭਿਆਚਾਰਕ ਢਾਂਚੇ ਵਜੋਂ ਆਮ ਕਰਕੇ, ਇਹ ਪੰਨਾ ਸੁਨਹਿਰੀ ਹੋ ਨਿਬੜਿਆ, ਜਦੋਂ ਸਿੱਖ ਭਾਈਚਾਰੇ ਦੀ ਸ਼ਖਸੀਅਤ ਬਲਤੇਜ ਸਿੰਘ ਢਿੱਲੋ ਨੇ ਕੈਨੇਡਾ ਦੇ ਸੈਨੇਟਰ ਵਜੋਂ ਅਹੁਦਾ ਸੰਭਾਲਿਆ ਹੈ। ਸਿਰਫ ਕੈਨੇਡਾ ਹੀ ਨਹੀਂ, ਬਲਕਿ ਸੰਸਾਰ ਭਰ 'ਚ ਵੱਸਦੇ ਸਿੱਖਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਧਰਤੀ 'ਤੇ ਰੌਇਲ ਕੈਨੇਡੀਅਨ ਮੌਂਟਿਡ ਪੁਲਿਸ ਫ਼ੋਰਸ ਦੇ ਪਹਿਲੇ ਦਸਤਾਰਧਾਰੀ ਸਿੱਖ ਅਫਸਰ ਸ. ਬਲਤੇਜ ਸਿੰਘ ਢਿੱਲੋ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ, ਕੈਨੇਡਾ ਦੇ ਸੈਨੇਟਰ ਵਜੋਂ ਨਿਯੁਕਤ ਕੀਤਾ ਗਿਆ। ਸੰਨ 1991 ਵਿੱਚ ਬਲਤੇਜ ਸਿੰਘ ਢਿੱਲੋ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਕੈਨੇਡਾ ਦੀ ਪੁਲਿਸ ਵਿੱਚ ਦਸਤਾਰ ਸਜਾਉਣ ਵਾਲੇ ਪਹਿਲੇ ਅਧਿਕਾਰੀ ਬਣੇ ਸਨ।ਉਹ 16 ਸਾਲ ਦੀ ਉਮਰੇ ਆਪਣੇ ਮਾਤਾ ਜੀ ਤੇ ਭੈਣਾਂ ਨਾਲ ਕੈਨੇਡਾ ਦੀ ਧਰਤੀ 'ਤੇ ਆਏ ਅਤੇ ਲੰਮੇ ਸੰਘਰਸ਼ ਵਿੱਚੋਂ ਦੀ ਲੰਘੇ। ਇੱਥੇ ਵੱਡੇ ਭਾਈ ਤੇ ਭਰਜਾਈ ਦੇ ਸਹਿਯੋਗ ਨਾਲ ਉਹ ਅਗਾਂਹ ਵਧਦੇ ਗਏ। ਨਸਲਵਾਦੀ ਮੁਸ਼ਕਲਾਂ ਵਿੱਚੋਂ ਦੀ ਲੰਘ ਕੇ ਉਹ ਜ਼ਿੰਦਗੀ ਦੇ ਉੱਚੇ ਥਾਂ 'ਤੇ ਪਹੁੰਚੇ। ਕੈਨੇਡਾ ਵਸਦੇ ਸਿੱਖਾਂ ਸਮੇਤ, ਬਹੁ-ਸੱਭਿਆਚਾਰਕ ਭਾਈਚਾਰਿਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਅਜਿਹੇ ਵਿਅਕਤੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸੈਨੇਟਰ ਚੁਣਿਆ ਹੈ। ਸੈਨੇਟਰ ਦੀ ਉਪਾਧੀ ਕੈਨੇਡਾ ਵਿੱਚ ਉੱਪਰਲੇ ਸਦਨ ਵਿੱਚ ਸਨਮਾਨਯੋਗ ਮੰਨੀ ਜਾਂਦੀ ਹੈ।

ਸ. ਬਲਤੇਜ ਸਿੰਘ ਢਿੱਲੋ ਬੇਹੱਦ ਨਰਮ, ਸਾਦੇ, ਗੁਰਬਾਣੀ ਨਾਲ ਜੁੜੇ ਅਤੇ ਕੈਨੇਡਾ ਦੇ ਬਹੁ ਸੱਭਿਆਚਾਰਕ ਢਾਂਚੇ ਦੇ ਪ੍ਰਤੀਕ ਵਜੋਂ ਮੰਨੇ ਜਾਂਦੇ ਹਨ। ਉਹ ਅਕਸਰ ਗੁਰਮਤਿ ਦੇ ਆਸ਼ੇ ਅਨੁਸਾਰ ਕੀਰਤਨ ਅਤੇ ਗੁਰਮਤਿ ਵਿਚਾਰਾਂ ਕਰਨ ਦੇ ਨਾਲ-ਨਾਲ, ਵਿਆਹ-ਸ਼ਾਦੀਆਂ ਅਤੇ ਹੋਰਨਾਂ ਸਮਾਗਮਾਂ ਵਿੱਚ ਸੰਗਤਾਂ ਨੂੰ ਸੰਬੋਧਨ ਵੀ ਕਰਦੇ ਰਹਿੰਦੇ ਹਨ। ਸਰਦਾਰ ਬਲਤੇਜ ਸਿੰਘ ਢਿੱਲੋ ਦੀ ਕੈਨੇਡਾ ਦੇ ਸੈਨੇਟਰ ਵਜੋਂ ਨਿਯੁਕਤੀ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਅਤੇ ਸਮੂਹ ਕੈਨੇਡਾ ਵਾਸੀਆਂ ਦਾ ਧੰਨਵਾਦ ਹੈ, ਜਿਨਾਂ ਨੇ ਸਿੱਖੀ ਦੇ ਜਜ਼ਬੇ ਨੂੰ ਸਮਰਪਿਤ ਆਲਾ ਦਰਜੇ ਦੇ ਅਫਸਰ ਅਤੇ ਸਾਊ ਇਨਸਾਨ ਨੂੰ ਇਸ ਮੁਕਾਮ ਤੱਕ ਪਹੁੰਚਾਇਆ।

# ਜੇਰੋਮੀ ਫ਼ਾਰਕਾਸ ਦੁਬਾਰਾ ਕੈਲਗਰੀ ਦੇ ਮੇਅਰ ਦੀ ਦੌੜ 'ਚ ਸ਼ਾਮਲ, 2025 ਦੀ ਚੋਣ ਲਈ ਐਲਾਨ

ਕੈਲਗਰੀ (ਏਕਜੋਤ ਸਿੰਘ): ਕੈਲਗਰੀ ਦੇ ਸਾਬਕਾ ਸ਼ਹਿਰੀ ਕੌਂਸਲਰ ਜੇਰੋਮੀ ਫ਼ਾਰਕਾਸ ਨੇ 2025 ਦੀ ਚੋਣ 'ਚ ਮੇਅਰ ਦੀ ਦੌੜ ਵਿੱਚ ਦੁਬਾਰਾ ਹਿੱਸਾ ਲੈਣ ਦਾ ਐਲਾਨ ਕਰ ਦਿੱਤਾ ਹੈ। ਇਹ ਉਹਨਾਂ ਦੀ ਦੂਜੀ ਕੋਸ਼ਿਸ਼ ਹੋਵੇਗੀ, ਕਿਉਂਕਿ 2021 ਦੀ ਮਿਉਂਸੀਪਲ ਚੋਣ 'ਚ ਉਹ ਮੌਜੂਦਾ ਮੇਅਰ ਜੋਤੀ ਗੋਂਡਕ ਤੋਂ ਹਾਰ ਗਏ ਸਨ। ਉਹ 29% ਵੋਟਾਂ ਨਾਲ ਦੂਜੇ ਨੰਬਰ 'ਤੇ ਰਹੇ ਸਨ।

ਫ਼ਾਰਕਾਸ ਨੇ ਬੁੱਧਵਾਰ ਸਵੇਰੇ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਆਪਣੀ ਅਧਿਕਾਰਕ ਵੈੱਬਸਾਈਟ 'ਤੇ ਐਲਾਨ ਕੀਤਾ ਕਿ ਉਹ ਕੈਲਗਰੀ ਦੀ ਆਉਣ ਵਾਲੀ ਦਹਾਕੇ ਦੀ ਤਸਵੀਰ ਬਦਲਣਾ ਚਾਹੁੰਦੇ ਹਨ।



ਗਲੋਬਲ ਨਿਊਜ਼ ਨਾਲ ਗੱਲਬਾਤ ਦੌਰਾਨ, ਉਨ੍ਹਾਂ ਨੇ ਕਿਹਾ, "ਮੈਂ ਕੈਲਗਰੀ ਨਿਵਾਸੀਆਂ ਨੂੰ ਕਿਸੇ ਵਿਰੋਧ 'ਚ ਨਹੀਂ, ਬਲਕਿ ਉਨ੍ਹਾਂ ਦੇ ਹੱਕ 'ਚ ਚੋਣ ਲੜਨ ਦਾ ਮੌਕਾ ਦੇਣਾ ਚਾਹੁੰਦਾ ਹਾਂ। ਇਹ ਪਿਛਲੇ ਚਾਰ ਸਾਲਾਂ ਬਾਰੇ ਨਹੀਂ, ਨਾਂ ਹੀ ਕਿਸੇ ਇੱਕ ਵਿਅਕਤੀ ਬਾਰੇ, ਬਲਕਿ ਕੈਲਗਰੀ ਦੇ ਆਉਣ ਵਾਲੇ ਦੱਸ ਸਾਲਾਂ ਬਾਰੇ ਹੈ।"

ਫ਼ਾਰਕਾਸ ਨੇ ਕਿਹਾ ਕਿ ਉਨ੍ਹਾਂ ਦੀ ਚੋਣ ਮੁਹਿੰਮ ਸਮਾਜਿਕ ਅਤੇ ਆਰਥਿਕ ਤੌਰ 'ਤੇ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਨੇ ਕਿਹਾ, "ਕੈਲਗਰੀ ਤੇਜ਼ੀ ਨਾਲ ਵਧ ਰਹੀ ਆਬਾਦੀ, ਨਵੇਂ ਘਰ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਸ਼ਹਿਰੀ ਸੁਰੱਖਿਆ 'ਤੇ ਕੇਂਦਰਤ ਹੋਣੀ ਚਾਹੀਦੀ ਹੈ।"

This report was written by Ekjot Singh as part of the Local Journalism Initiative.


ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ

## ਸ਼ੋਕ ਸਮਾਚਾਰ

ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

### ਸਵ: ਸਰਦੂਲ ਸਿੰਘ ਦਿਓਲ

ਜਿਨ੍ਹਾਂ ਦਾ ਪਿਛਲਾ ਪਿੰਡ ਖਾਰਾ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਜੋ ਹੁਣ ਆਪਣੇ ਪਰਿਵਾਰ ਨਾਲ 1972 ਤੋਂ ਵੈਨਕੂਵਰ ਵਿਖੇ ਰਹਿ ਰਹੇ ਸਨ। ਬੀਤੀ 24 ਫਰਵਰੀ ਦਿਨ ਸੋਮਵਾਰ ਨੂੰ ਕਰੀਬ 10:30 ਵਜੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਪੰਜਾਬ ਤੋਂ ਬੀ.ਏ., ਬੀ.ਐੱਡ ਕੀਤੀ ਹੋਣ ਕਰਕੇ ਇਥੇ ਕੁਝ ਹੋਰ ਪੜ੍ਹਾਈ ਕਰਕੇ 1976 ਤੋਂ ਵੈਨਕੂਵਰ ਸਕੂਲ ਬੋਰਡ ਵਿੱਚ ਬਤੌਰ ਇੰਜੀਨੀਅਰ ਨੌਕਰੀ ਕਰਨ ਲੱਗੇ, 2006 ਤੱਕ ਉਥੇ ਰਹੇ। ਉਹ ਹਮੇਸ਼ਾ ਭਾਈਚਾਰੇ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਤੱਤਪਰ ਰਹੇ। ਉਹ ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਦੇ ਮੁਢਲੇ ਮੈਂਬਰ ਸਨ ਅਤੇ ਹੁਣ ਤੱਕ ਲਗਾਤਾਰ ਸੁਸਾਇਟੀ ਵਿੱਚ ਸੇਵਾ ਕਰਦੇ ਰਹੇ। ਉਨ੍ਹਾਂ ਦਾ

## ਅੰਤਮ ਸੰਸਕਾਰ

### 8 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10:00 ਵਜੇ

ਰਿਵਰਸਾਈਡ ਹੋਪ-ਕੋਟ ਰੋਡ ਡੈਲਟਾ ਵਿਖੇ ਸਥਿਤ ਫਿਊਨਰਲ ਹੋਮ ਵਿਖੇ ਕੀਤਾ ਜਾਵੇਗਾ, ਉਪਰੰਤ

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਗੁਰਦੁਆਰਾ ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ

7749 Prince Edward St, Vancouver, BC ਵਿਖੇ 12:00 ਵਜੇ ਹੋਵੇਗੀ।



ਸਵ: ਸਰਦੂਲ ਸਿੰਘ ਦਿਓਲ

ਪਰਿਵਾਰ ਨਾਲ ਹਮਦਰਦੀ ਲਈ ਸੰਪਰਕ ਕਰ ਸਕਦੇ ਹੋ

ਕਿਰਪਾਲ ਕੌਰ (ਸੁਪਤਨੀ) ਮਨਜਿੰਦਰ ਸਿੰਘ (ਬੇਟਾ) - ਕੰਵਲਜੀਤ ਕੌਰ (ਨੂੰਹ) , ਉਰਮਿੰਦਰ ਕੌਰ (ਬੇਟੀ) - ਜੇਸਨ (ਜਵਾਈ) , ਰਾਜਵਿੰਦਰ ਕੌਰ (ਬੇਟੀ)- ਦਲਜੀਤ ਸਿੰਘ (ਜਵਾਈ)

ਮਨਪ੍ਰੀਤ ਕੌਰ, ਅਮਨੀਤ ਕੌਰ (ਪੋਤਰੀਆਂ), ਹਰਜੋਤ ਸਿੰਘ ਦਿਓਲ (ਪੋਤਰਾ), ਸਿਆਨਾ (ਦੋਹਤੀ)

ਸੰਪਰਕ : 604-327-6853

# ਬੀ.ਸੀ. 'ਚ ਸਰਹੱਦ ਪਾਰ ਕਰਨ ਵਾਲਿਆਂ ਦੀ ਗਿਣਤੀ 30% ਘਟੀ

**ਸਰੀ (ਏਕਜੋਤ ਸਿੰਘ):** ਨਵੇਂ ਅੰਕੜਿਆਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਤਾਰ ਟੈਰੀਫ਼ ਲਗਾਉਣ ਦੇ ਖ਼ਤਰੇ ਦੇ ਮੱਦੇਨਜ਼ਰ, ਬ੍ਰਿਟਿਸ਼ ਕੋਲੰਬੀਆ ਤੋਂ ਅਮਰੀਕਾ ਜਾਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ।




ਕੈਸਕੇਡ ਗੇਟਵੇ, ਜੋ ਸਰਹੱਦੀ ਇੰਤਜ਼ਾਰ ਸਮੇਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਦੇ ਅੰਕੜਿਆਂ ਮੁਤਾਬਕ, ਫਰਵਰੀ ਮਹੀਨੇ ਦੌਰਾਨ, ਪੀਸ ਆਰਚ ਸਰਹੱਦ ਰਾਹੀਂ ਹਰ ਰੋਜ਼ ਔਸਤਨ 3,500 ਗੱਡੀਆਂ ਅਮਰੀਕਾ ਜਾ ਰਹੀਆਂ ਹਨ, ਜਦਕਿ ਪਿਛਲੇ ਸਾਲ ਫਰਵਰੀ ਵਿੱਚ ਇਹ ਗਿਣਤੀ ਲਗਭਗ 5,000 ਸੀ।

ਵੈਸਟਰਨ ਵਾਸ਼ਿੰਗਟਨ ਯੂਨੀਵਰਸਿਟੀ ਦੀ ਸਰਹੱਦ ਨੀਤੀ ਵਿਸ਼ਲੇਸ਼ਕ ਲੌਰੀ ਟਰਾਟਮੈਨ ਨੇ ਦੱਸਿਆ, "ਹਾਲਾਂਕਿ ਇਹ ਸ਼ੁਰੂਆਤੀ ਦਿਨ ਹਨ, ਪਰ ਅਸੀਂ ਦੇਖ ਰਹੇ ਹਾਂ ਕਿ ਯਾਤਰਾ ਕਰਨ ਵਾਲਿਆਂ ਦੀ ਗਿਣਤੀ 30% ਘੱਟੀ ਹੈ। ਇਹ ਗਿਰਾਵਟ ਸਿਰਫ਼ ਕੈਨੇਡੀਅਨਾਂ ਕਰਕੇ ਨਹੀਂ ਹੋਈ, ਕਿਉਂਕਿ ਫਰਵਰੀ ਦੇ ਸ਼ੁਰੂ ਵਿੱਚ ਇੱਕ ਵੱਡਾ ਬਰਫ਼ੀਲਾ ਤੂਫ਼ਾਨ ਵੀ ਆਇਆ ਸੀ। ਇਸ ਕਰਕੇ ਸਿਰਫ਼ ਟੈਰੀਫ਼ ਦੇ ਅਸਰ ਨੂੰ ਪੂਰੀ ਤਰ੍ਹਾਂ ਅਲੱਗ ਕਰਨਾ ਮੁਸ਼ਕਲ ਹੈ।"

ਉਨ੍ਹਾਂ ਨੇ ਅੱਗੇ ਕਿਹਾ ਕਿ ਕੈਨੇਡਾ ਵਿੱਚ ਵਪਾਰੀ ਆਗੂ ਅਤੇ ਰਾਜਨੀਤਕ ਨੇਤਾ ਦੇਸ਼ ਵਾਸੀਆਂ ਨੂੰ "ਲੋਕਲ ਖਰੀਦੋ" ਮੁਹਿੰਮ ਦੇ ਨਾਲ ਜੁੜਨ ਲਈ ਉਤਸ਼ਾਹਿਤ ਕਰ ਰਹੇ ਹਨ, ਜੋ ਕਿ ਇਸ ਗਿਰਾਵਟ ਦਾ ਇੱਕ ਹੋਰ ਕਾਰਨ ਹੋ ਸਕਦਾ ਹੈ।

ਦੂਜੇ ਪਾਸੇ, ਟਰੰਪ ਨੇ ਆਪਣੇ ਨਵੇਂ ਨਿਯੁਕਤ ਕੈਬਨਿਟ ਦੀ ਪਹਿਲੀ ਮੀਟਿੰਗ ਦੌਰਾਨ, ਸਰਹੱਦੀ ਸੁਰੱਖਿਆ ਉੱਪਰ ਹੋ ਰਹੇ ਕੰਮ ਬਾਵਜੂਦ, ਟੈਰੀਫ਼ ਹਟਾਉਣ ਜਾਂ ਰੋਕਣ ਦੇ ਸੰਕੇਤ ਨਹੀਂ ਦਿੱਤੇ।

ਅਮਰੀਕੀ ਵਪਾਰ ਸਕੱਤਰ ਹੋਵਰਡ ਲਟਨਿਕ, ਜੋ ਇਸ ਮੀਟਿੰਗ ਵਿੱਚ ਹਾਜ਼ਰ ਸਨ, ਨੇ ਸਪਸ਼ਟ ਕੀਤਾ ਕਿ ਟਰੰਪ ਨੇ ਦੋ ਵੱਖ-ਵੱਖ ਟੈਰੀਫ਼ ਬਾਰੇ ਗੱਲ ਕੀਤੀ ਹੈ। ਪਹਿਲੀ 25% ਟੈਰੀਫ਼ ਕਨੇਡਾ ਅਤੇ ਮੈਕਸੀਕੋ ਉੱਤੇ ਲਾਗੂ ਹੋਣ ਜਾ ਰਹੀ ਹੈ, ਜੋ 4 ਮਾਰਚ ਤੋਂ ਲਾਗੂ ਹੋਵੇਗੀ। ਦੂਜੀ, ਅਮਰੀਕਾ ਦੇ ਸਭ ਵਪਾਰਕ ਸਾਥੀਆਂ ਉੱਤੇ ਲਾਗੂ ਕੀਤੀ ਜਾਣ ਵਾਲੀ ਪਰਸਪਰ ਟੈਰੀਫ਼ ਹੈ, ਜੋ 2 ਅਪਰੈਲ ਤੋਂ ਲਾਗੂ ਹੋਣ ਦੀ ਸੰਭਾਵਨਾ ਹੈ।

ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਦੀ ਪ੍ਰਧਾਨ ਅਤੇ ਸੀਈਓ ਬ੍ਰਿਜਿਟ ਐਂਡਰਸਨ ਨੇ ਕਿਹਾ ਕਿ ਟੈਰੀਫ਼ਾਂ ਦੇ ਕਾਰਨ ਪਹਿਲਾਂ ਹੀ ਨੁਕਸਾਨ ਹੋ ਚੁੱਕਾ ਹੈ। ਅੰਕੜਿਆਂ ਅਤੇ ਵਿਸ਼ਲੇਸ਼ਣਾਂ ਨੂੰ ਦੇਖਦੇ ਹੋਏ, ਇਹ ਸਾਫ਼ ਹੋ ਰਿਹਾ ਹੈ ਕਿ ਟੈਰੀਫ਼ ਦੇ ਡਰ ਨੇ ਬੀ.ਸੀ. ਤੋਂ ਅਮਰੀਕਾ ਜਾਣ ਵਾਲੇ ਲੋਕਾਂ ਦੀ ਗਿਣਤੀ ਉੱਤੇ ਪ੍ਰਭਾਵ ਪਾਇਆ ਹੈ। ਜੇਕਰ ਇਹ ਟੈਰੀਫ਼ ਲਾਗੂ ਹੋਈਆਂ, ਤਾਂ ਦੋਵੇਂ ਦੇਸ਼ਾਂ ਦੇ ਵਪਾਰ ਅਤੇ ਆਰਥਿਕਤਾ ਉੱਤੇ ਹੋਰ ਵੀ ਨਕਾਰਾਤਮਕ ਪ੍ਰਭਾਵ ਪੈ ਸਕਦੇ ਹਨ। This report was written by Ekjot Singh as part of the Local Journalism Initiative.

## ਸਫ਼ਾ 1 ਦਾ ਬਾਕੀ

ਗ੍ਰੀਨ ਪਾਰਟੀ ਨੇ 2 ਅਤੇ ਇੱਕ ਆਜ਼ਾਦ ਉਮੀਦਵਾਰ ਨੇ ਵੀ ਜਿੱਤ ਹਾਸਲ ਕੀਤੀ।

ਐਨ.ਡੀ.ਪੀ. ਨੇ ਦੂਜੇ ਨੰਬਰ 'ਤੇ ਰਹਿ ਕੇ ਰਸਮੀ ਵਿਰੋਧੀ ਪਾਰਟੀ ਬਣਨ ਦੀ ਪੱਕੀਗੀਰ ਦੀ, ਹਾਲਾਂਕਿ ਲੋਕ-ਪ੍ਰਸਿੱਧਤਾ ਵਿੱਚ ਲਿਬਰਲ ਪਾਰਟੀ 30% ਵੋਟਾਂ ਨਾਲ ਐਨ.ਡੀ.ਪੀ. (18%) ਤੋਂ ਕਾਫੀ ਅੱਗੇ ਸੀ। ਪਰ ਸੀਟਾਂ ਦੀ ਗਿਣਤੀ ਲਿਬਰਲਜ਼ ਲਈ ਨੁਕਸਾਨਦਾਇਕ ਰਹੀ। ਸਭ ਤੋਂ ਵੱਡਾ ਝਟਕਾ ਲਿਬਰਲ ਆਗੂ ਬੋਨੀ ਕਰੌਮਬੀ ਨੂੰ ਲੱਗਿਆ, ਜੋ ਮਿਸੀਸਾਗਾ ਵਿੱਚ ਆਪਣੀ ਸੀਟ ਹਾਰ ਗਈ।

ਫੋਰਡ ਨੇ ਆਪਣੇ ਭਾਸ਼ਣ ਦੌਰਾਨ ਆਮ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ, "ਮੈਂ ਓਨਟਾਰੀਓ ਦੇ ਲੋਕਾਂ ਲਈ ਹਮੇਸ਼ਾਂ ਖੜ੍ਹਾ ਰਹਾਂਗਾ। ਅਸੀਂ ਉਨ੍ਹਾਂ ਦੇ ਪਰਿਵਾਰਾਂ, ਨੌਕਰੀਆਂ ਅਤੇ ਕਾਰੋਬਾਰਾਂ ਦੀ ਰੱਖਿਆ ਕਰਾਂਗੇ।"

ਐਨ.ਡੀ.ਪੀ. ਨੇ ਦੂਜੇ ਨੰਬਰ 'ਤੇ ਰਹਿ ਕੇ ਰਸਮੀ ਵਿਰੋਧੀ ਪਾਰਟੀ ਬਣੀ ਹੈ, ਹਾਲਾਂਕਿ ਲੋਕ-ਪ੍ਰਸਿੱਧਤਾ ਵਿੱਚ ਲਿਬਰਲ ਪਾਰਟੀ 30% ਵੋਟਾਂ ਨਾਲ ਐਨ.ਡੀ.ਪੀ. (18%) ਤੋਂ ਕਾਫੀ ਅੱਗੇ ਸੀ। ਪਰ ਸੀਟਾਂ ਦੀ ਗਿਣਤੀ ਲਿਬਰਲਜ਼ ਲਈ ਨੁਕਸਾਨਦਾਇਕ ਰਹੀ। ਸਭ ਤੋਂ ਵੱਡਾ ਝਟਕਾ ਲਿਬਰਲ ਆਗੂ ਬੋਨੀ ਕਰੌਮਬੀ ਨੂੰ ਲੱਗਿਆ, ਜੋ ਮਿਸੀਸਾਗਾ ਵਿੱਚ ਆਪਣੀ ਸੀਟ ਹਾਰ ਗਈ।

ਜ਼ਿਕਰਯੋਗ ਹੈ ਕਿ ਡੱਗ ਫੋਰਡ ਨੂੰ 2026 ਤੱਕ ਚੋਣ ਨਹੀਂ ਕਰਵਾਉਣੀ ਪੈਂਦੀ, ਪਰ ਤਕਰੀਬਨ 1.5 ਸਾਲ ਪਹਿਲਾਂ ਹੀ ਮੈਦਾਨ 'ਚ ਉਤਰ ਕੇ ਨਵਾਂ ਮੱਤ ਪ੍ਰਾਪਤ ਕਰਨ ਦੀ ਗੱਲ ਕੀਤੀ। ਉਸਨੇ ਤਰਕ ਦਿੱਤਾ ਕਿ ਉਨ੍ਹਾਂ ਨੂੰ ਟਰੰਪ ਵਲੋਂ ਲਾਏ ਜਾਣ ਵਾਲੇ ਟੈਰੀਫ਼ ਦੇ ਮੁਕਾਬਲੇ ਓਨਟਾਰੀਓ ਨੂੰ ਮਜ਼ਬੂਤ ਬਣਾਉਣ ਲਈ ਨਵੀਂ ਮਨਜ਼ੂਰੀ ਲੈਣੀ ਲੋੜੀਂਦੀ ਸੀ। ਪਰ ਉਨ੍ਹਾਂ ਦੇ ਵਿਰੋਧੀਆਂ ਨੇ ਇਨ੍ਹਾਂ ਚੋਣਾਂ ਨੂੰ "ਤਾਕਤਵਰ ਚੋਣ ਨਤੀਜਿਆਂ ਦਾ ਲਾਭ ਲੈਣ ਦੀ ਕੋਸ਼ਿਸ਼" ਕਰਾਰ ਦਿੱਤਾ। ਫੋਰਡ ਨੇ ਲਗਾਤਾਰ ਤੀਜੀ ਵਾਰ ਬਹੁਮਤ ਪ੍ਰਾਪਤ ਕਰਕੇ ਲੈਸਲੀ ਫਰੌਸਟ (1951-1959) ਦੇ ਇਤਿਹਾਸਕ ਰਿਕਾਰਡ ਦੀ ਬਰਾਬਰੀ ਕਰ ਲੈਣੀ। ਉਸ ਤੋਂ ਬਾਅਦ, ਜੌਨ ਰਾਬਾਰਟਸ ਤੇ ਬਿੱਲ ਡੇਵਿਸ ਨੇ ਵੀ ਚਾਰ-ਚਾਰ ਚੋਣਾਂ ਜਿੱਤੀਆਂ, ਪਰ ਤਿੰਨ ਲਗਾਤਾਰ ਬਹੁਮਤ ਪ੍ਰਾਪਤ ਨਹੀਂ ਕਰ ਸਕੇ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD (Value $500)
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ



ਜਸਬੀਰ ਸਿੰਘ ਬਾਧ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਅਮਰੀਕੀ ਟੈਰੀਫ਼ ਖ਼ਤਰਿਆਂ ਦੇ ਚਲਦੇ ਕੈਨੇਡਾ ਵਲੋਂ ਯੂਰਪ ਨਾਲ ਵਪਾਰ ਵਧਾਉਣ ਦੀ ਯੋਜਨਾ



**ਸਰੀ, (ਏਕਜੋਤ ਸਿੰਘ):** ਅਮਰੀਕਾ ਵੱਲੋਂ ਵਪਾਰ ਉੱਤੇ ਨਵੇਂ ਟੈਰੀਫ਼ ਲਗਾਉਣ ਦੀਆਂ ਧਮਕੀਆਂ ਦੇ ਬਾਅਦ, ਕੈਨੇਡਾ ਦੀਆਂ ਕੰਪਨੀਆਂ ਅਤੇ ਆਪਣੇ ਯੂਰਪੀ ਸਾਥੀਆਂ ਨਾਲ ਮਿਲ ਕੇ ਵਪਾਰ ਵਿੱਚ ਤੇਜ਼ੀ ਲਿਆਉਣ ਦੇ ਤਰੀਕੇ ਖੋਜ ਰਹੇ ਹਨ।

ਜਰਮਨ ਦੀ ਕੈਨੇਡਾ ਵਿੱਚ ਰਾਜਦੂਤ ਟਿਯੋਰਵਨ ਬੈੱਲਮੈਨ ਨੇ ਕਿਹਾ, "ਅਸੀਂ ਹੱਲ ਦਾ ਹਿੱਸਾ ਬਣਨਾ ਚਾਹੁੰਦੇ ਹਾਂ, ਨਵੇਂ ਵਪਾਰਕ ਮੌਕਿਆਂ ਦੀ ਸਿਰਜਣਾ ਅਤੇ ਵਪਾਰ ਵਿੱਚ ਤੇਜ਼ੀ ਲਿਆਉਣ ਦੀ ਦਿਸ਼ਾ ਵਿੱਚ।" ਉਹ ਹੈਨੋਵਰ ਮੈੱਸ (ਦੁਨੀਆ ਦਾ ਸਭ ਤੋਂ ਵੱਡਾ ਵਪਾਰ ਮੇਲਾ) ਦੇ ਸੰਬੰਧ ਵਿੱਚ ਬੁਧਵਾਰ ਨੂੰ ਹੋਈ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਇਸ ਦੇ ਆਪਣੇ ਵਿਚਾਰ ਸਾਂਝੇ ਕੀਤੇ।

ਇਹ ਵਪਾਰ ਮੇਲਾ ਹਰ ਸਾਲ ਜਰਮਨੀ ਵਿੱਚ ਹੁੰਦਾ ਹੈ, ਅਤੇ ਇਸ ਵਾਰ ਕੈਨੇਡਾ ਇਸ ਦਾ ਸਾਥੀ ਦੇਸ਼ ਹੈ। ਬੈੱਲਮੈਨ ਨੇ ਕਿਹਾ "ਇਹ ਸਮਾਂ ਬਹੁਤ ਹੀ ਉਚਿਤ ਹੈ, ਜਿਹੜਾ ਮੌਜੂਦਾ ਰਾਜਨੀਤਕ ਹਾਲਾਤਾਂ ਅਤੇ ਵਪਾਰ ਵਿੱਚ ਤੇਜ਼ੀ ਦੀ ਲੋੜ ਉੱਤੇ ਚਰਚਾ ਲਈ ਬੇਹੱਦ ਮਹੱਤਵਪੂਰਨ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਔਟਵਾ ਵਿੱਚ ਤੈਨਾਤ ਯੂਰਪੀ ਰਾਜਨਾਇਕ ਅਤੇ ਵਪਾਰੀ, ਖੋਜਕਾਰ ਤੇ ਸਰਕਾਰੀ ਅਧਿਕਾਰੀ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰ ਰਹੇ ਹਨ, ਤਾਂ ਜੋ ਵਪਾਰ ਨੂੰ ਮਜ਼ਬੂਤ ਕੀਤਾ ਜਾ ਸਕੇ।

ਬੈੱਲਮੈਨ ਨੇ ਕਿਹਾ ਕਿ 2017 ਵਿੱਚ ਕੈਨੇਡਾ ਅਤੇ ਯੂਰਪ ਵੱਲੋਂ ਦਸਤਖਤ ਕੀਤੀ ਗਈ ਕੰਪ੍ਰੀਹੈਂਸਿਵ ਇਕਨੌਮਿਕ ਐਂਡ ਟਰੇਡ ਅਗਰੀਮੈਂਟ (CETA) ਉੱਤੇ ਹੁਣ ਧਿਆਨ ਕੇਂਦਰਤ ਕਰਨ ਦੀ ਲੋੜ ਹੈ। "ਮੈਂ ਕੈਨੇਡਾ ਭਰ ਵਿੱਚ ਵੱਖ-ਵੱਖ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੀ ਹਾਂ, ਅਤੇ ਮੇਰਾ ਸਵਾਲ ਹਮੇਸ਼ਾ ਇਹ ਹੁੰਦਾ ਸੀਂ 9ਵੀਂ ਛਓਠਅ ਨੂੰ ਹੋਰ ਕਿਵੇਂ ਪ੍ਰਭਾਵਸ਼ਾਲੀ ਬਣਾ ਸਕਦੇ ਹਾਂ?"

ਉਨ੍ਹਾਂ ਨੇ ਇਹ ਵੀ ਕਿਹਾ ਕਿ ਦੋਵੇਂ ਪਾਸਿਆਂ ਨੂੰ CETA ਦੇ ਅਧੀਨ ਵਪਾਰਕ ਮੌਕਿਆਂ ਦੀ ਪਛਾਣ ਕਰਨ ਲਈ ਹੋਰ ਕੰਮ ਕਰਨ ਦੀ ਲੋੜ ਹੈ।

ਬੈੱਲਮੈਨ ਨੇ ਕਿਹਾ ਕਿ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਪਾਰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਹੀਆਂ ਹਨ, ਖਾਸ ਤੌਰ 'ਤੇ ਹਰੇ-ਭਰੇ ਊਰਜਾ (Green Energy) ਅਤੇ Quantum Computing ਵਰਗੇ ਖੇਤਰਾਂ ਵਿੱਚ।

ਲਿਬਰਲ ਸੰਸਦ ਮੈਂਬਰ ਰਾਇਨ ਟਰਨਬੁਲ ਨੇ ਕਿਹਾ ਕਿ ਕੈਨੇਡਾ ਹੁਣ ਯੂਰਪ ਨਾਲ ਆਪਣੇ ਸੰਬੰਧ ਮਜ਼ਬੂਤ ਕਰ ਰਿਹਾ ਹੈ, ਤਾਂ ਜੋ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਈ ਜਾ ਰਹੀਆਂ ਟੈਰੀਫ਼ ਧਮਕੀਆਂ ਦਾ ਪ੍ਰਭਾਵ ਘੱਟ ਕੀਤਾ ਜਾ ਸਕੇ।ਹੈਨੋਵਰ ਮੈੱਸ ਵਿੱਚ ਲਗਭਗ 130,000 ਲੋਕ ਹਿੱਸਾ ਲੈਣਗੇ, ਜਿਸ ਵਿੱਚ ਇੰਜੀਨੀਅਰ, ਅਤੇ ਵਪਾਰਕ ਅਗੂ ਸ਼ਾਮਲ ਹੋਣਗੇ।

ਜਰਮਨੀ ਦੇ ਚਾਂਸਲਰ ਓਲਾਫ ਸ਼ੋਲਤਜ਼ ਨੇ 2022 ਵਿੱਚ ਨਿਊਫਾਊਂਡਲੈਂਡ ਦੌਰੇ ਦੌਰਾਨ ਕੈਨੇਡਾ ਨਾਲ ਹਾਈਡਰੋਜਨ ਨਿਰਯਾਤ ਸੰਬੰਧੀ ਸਮਝੌਤਾ ਕਰਨ ਸਮੇਂ ਐਲਾਨ ਕੀਤਾ ਸੀ ਕਿ ਕੈਨੇਡਾ 2024 ਵਿੱਚ ਇਹ ਮੇਲਾ ਹੋਸਟ ਕਰੇਗਾ।

ਉਨ੍ਹਾਂ ਦੱਸਿਆ ਕਿ 250 ਤੋਂ ਵੱਧ ਕੈਨੇਡੀਅਨ ਕੰਪਨੀਆਂ, 280 ਪ੍ਰਤੀਨਿਧੀਆਂ ਅਤੇ 1,000 ਹਿੱਸੇਦਾਰ ਇਸ ਮੇਲੇ ਵਿੱਚ ਸ਼ਿਰਕਤ ਕਰਨ ਜਾ ਰਹੇ ਹਨ। ਜਰਮਨੀ ਦੀਆਂ ਰਾਜਨਾਇਕ ਏਜੰਸੀਆਂ ਅਤੇ ਕੈਨੇਡਾ-ਜਰਮਨ ਉਦਯੋਗ ਤੇ ਵਪਾਰ ਏਜੰਸੀ ਵੱਲੋਂ ਇੱਕ ਸੰਯੁਕਤ ਬਿਆਨ ਜਾਰੀ ਕੀਤਾ ਗਿਆ, ਜਿਸ ਵਿੱਚ ਦੱਸਿਆ ਗਿਆ ਕਿ "ਛਓਠਅ ਨੂੰ ਅਜੇ ਵੀ ਪੂਰੀ ਤਰ੍ਹਾਂ ਲਾਭਕਾਰੀ ਨਹੀਂ ਬਣਾਇਆ ਗਿਆ।"

ਬੈੱਲਮੈਨ ਨੇ ਇਹ ਵੀ ਕਿਹਾ ਕਿ ਅਮਰੀਕਾ ਵੱਲੋਂ ਟੈਰੀਫ਼ ਖ਼ਤਰੇ ਦੇ ਬਾਵਜੂਦ ਜਰਮਨ ਕੰਪਨੀਆਂ ਨੇ ਕੈਨੇਡਾ ਵਿੱਚ ਨਿਵੇਸ਼ ਕਰਨ ਵਿੱਚ ਰੁਚੀ ਦਿਖਾਈ ਹੈ, ਪਰ ਹੋਰ ਬਹੁਤੀਆਂ ਸੰਸਥਾਵਾਂ ਹਾਲਾਤ ਸਥਿਰ ਹੋਣ ਦੀ ਉਡੀਕ ਕਰ ਰਹੀਆਂ ਹਨ।

This report was written by Ekjot Singh as part of the Local Journalism Initiative.

# ਲਿਬਰਲ ਆਗੂ ਬਣਨ ਦੇ ਮਜ਼ਬੂਤ ਦਾਵੇਦਾਰ ਮਾਰਕ ਕਾਰਨੀ ਤੇ ਕੰਜ਼ਰਵੇਟਿਵ ਪਾਰਟੀ ਸਾਧਿਆ ਨਿਸ਼ਾਨਾ

**ਬਰੂਕਫ਼ੀਲਡ ਦਾ ਦਫ਼ਤਰ ਸ਼ਿਫ਼ਟ ਹੋਣ 'ਤੇ ਭੱਖਿਆ ਵਿਵਾਦ**



**ਔਟਵਾ (ਏਕਜੋਤ ਸਿੰਘ):** ਲਿਬਰਲ ਪਾਰਟੀ ਦੇ ਮੁੱਖ ਆਗੂ ਦੀ ਦੌੜ ਵਿੱਚ ਮਾਰਕ ਕਾਰਨੀ ਮਜ਼ਬੂਤ ਉਮੀਦਵਾਰ ਬਣਦੇ ਨਜ਼ਰ ਆ ਰਹੇ ਹਨ। ਇਕ ਪਾਸੇ ਜਿੱਥੇ ਚੋਣ ਜ਼ਰੂਰੀਆਂ, ਫੰਡ ਰੈਜ਼ਿੰਗ ਅਤੇ ਸਮਰਥਨ ਉਨ੍ਹਾਂ ਦੇ ਹੱਕ ਵਿੱਚ ਜਾ ਰਹੇ ਹਨ, ਉਥੇ ਹੀ ਕੰਜ਼ਰਵੇਟਿਵ ਪਾਰਟੀ ਵੀ ਉਨ੍ਹਾਂ ਨੂੰ ਮੁੱਖ ਨਿਸ਼ਾਨਾ ਬਣਾ ਰਹੀ ਹੈ।

ਹਾਲ ਹੀ ਵਿੱਚ, ਕੰਜ਼ਰਵੇਟਿਵ ਪਾਰਟੀ ਨੇ ਕਾਰਨੀ 'ਤੇ ਮੀਡੀਆ ਨਾਲ ਝੂਠ ਬੋਲਣ ਦਾ ਦੋਸ਼ ਲਗਾਇਆ। ਪਾਰਟੀ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਅਗਾਈ ਹੇਠ ਬਰੂਕਫ਼ੀਲਡ ਐਸੈੱਟ ਮੈਨੇਜਮੈਂਟ ਨੇ ਟੋਰਾਂਟੋ ਤੋਂ ਨਿਊਯਾਰਕ ਆਪਣੇ ਮੁੱਖ ਦਫ਼ਤਰ ਨੂੰ ਸ਼ਿਫ਼ਟ ਕਰਨ ਦਾ ਫ਼ੈਸਲਾ ਕੀਤਾ, ਜੋ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੀਤੀ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ।

ਮਾਰਕ ਕਾਰਨੀ ਨੇ ਆਪਣੀ ਪਿਛਲੀ ਮੀਟਿੰਗ ਵਿੱਚ ਦੱਸਿਆ ਕਿ ਉਹ ਜਨਵਰੀ ਦੇ ਮੱਧ ਵਿੱਚ ਲਿਬਰਲ ਆਗੂ ਦੀ ਦੌੜ ਵਿੱਚ ਸ਼ਾਮਲ ਹੋਣ ਤੋਂ ਬਾਅਦ ਬੋਰਡ ਚੇਅਰਮੈਨ ਦੀ ਭੂਮਿਕਾ ਤੋਂ ਹਟ ਗਏ ਸਨ। ਪਰ ਕੰਜ਼ਰਵੇਟਿਵ ਪਾਰਟੀ ਨੇ ਇੱਕ 1 ਦਸੰਬਰ 2024 ਦੀ ਚਿੱਠੀ ਜਾਰੀ ਕਰਕੇ ਇਹ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ ਬੋਰਡ ਵੱਲੋਂ ਟੋਰਾਂਟੋ ਤੋਂ ਨਿਊਯਾਰਕ ਦਫ਼ਤਰ ਭੇਜਣ ਦੇ ਫ਼ੈਸਲੇ 'ਤੇ ਦਸਤਖ਼ਤ ਕਰ ਦਿੱਤੇ ਸਨ।

ਕੰਜ਼ਰਵੇਟਿਵ ਨੈਤਿਕਤਾ ਵਿਭਾਗ ਦੇ ਪ੍ਰਵਕਤਾ ਮਾਈਕਲ ਬੈਰਿਟ ਨੇ ਕਿਹਾ, "ਇਸ ਚਿੱਠੀ 'ਚ ਸਾਫ਼ ਦੱਸਿਆ ਗਿਆ ਹੈ ਕਿ ਮਾਰਕ ਕਾਰਨੀ, ਜੋ ਕਿ ਉਸ ਸਮੇਂ ਬੋਰਡ ਚੇਅਰ ਸਨ, ਨੇ ਬਰੂਕਫ਼ੀਲਡ ਦਫ਼ਤਰ ਨੂੰ ਨਿਊਯਾਰਕ ਭੇਜਣ ਦੀ ਮਨਜ਼ੂਰੀ ਦਿੱਤੀ।"

ਕਾਰਨੀ ਦੀ ਚੋਣ ਮੁਹਿੰਮ ਦੀ ਟੀਮ ਵੱਲੋਂ ਲਿਆਮ ਰੋਚ ਨੇ ਇਸ ਦੋਸ਼ ਦੀ ਤਿੱਖੀ ਵਿਰੋਧਤਾ ਕੀਤੀ। ਰੋਚ ਨੇ ਕਿਹਾ "ਪੀਅਰ ਪੌਲੀਐਵ ਮਾਰਕ ਕਾਰਨੀ ਦੇ ਆਉਣ ਨਾਲ ਡਰੇ ਹੋਏ ਹਨ ਅਤੇ ਉਹ ਉਨ੍ਹਾਂ ਦੀ ਵਪਾਰਕ ਤਜਰਬੇ ਨੂੰ ਗਲਤ ਢੰਗ ਨਾਲ ਪੇਸ਼ ਕਰ ਰਹੇ ਹਨ" । ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬਰੂਕਫ਼ੀਲਡ ਨੇ ਖੁਦ ਸਵੀਕਾਰ ਕੀਤਾ ਹੈ ਕਿ ਕੰਪਨੀ ਦੇ ਕੈਨੇਡੀਆਈ ਸੰਚਾਲਨ ਉੱਤੇ ਇਸ ਫ਼ੈਸਲੇ ਦਾ ਕੋਈ ਪ੍ਰਭਾਵ ਨਹੀਂ ਪਿਆ।

This report was written by Ekjot Singh as part of the Local Journalism Initiative.


## ਟਰੱਕ ਡਰਾਇਵਰਾਂ ਦੀ ਲੋੜ

### 8 ਤੋਂ 10 ਹਜ਼ਾਰ ਡਾਲਰ ਕਮਾਓ

TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।

ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



# ਕਿਉਬੈਕ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 'ਚ ਕਟੌਤੀ, ਸਰਕਾਰ ਨੇ ਨਵੀਂ ਨੀਤੀ ਦਾ ਕੀਤਾ ਐਲਾਨ

## ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਕੈਬੇਕ ਐਕਸੈਪਟੈਂਸ ਸਰਟੀਫਿਕੇਟ (CAQ) ਦੀ ਗਿਣਤੀ ਘਟਾਈ

**ਮੋਂਟਰੀਆਲ (ਏਕਜੋਤ ਸਿੰਘ):** ਕਿਉਬੈਕ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਨਵੇਂ ਕਦਮ ਚੁੱਕਣ ਦਾ ਫ਼ੈਸਲਾ ਲਿਆ ਹੈ। ਇਸ ਦੇ ਤਹਿਤ, ਹੁਣ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਕੈਬੇਕ ਐਕਸੈਪਟੈਂਸ ਸਰਟੀਫਿਕੇਟ (CAQ) ਦੀ ਸੰਖਿਆ ਘਟਾ ਦਿੱਤੀ ਗਈ ਹੈ। ਸਰਕਾਰ ਨੇ 2024 ਵਿੱਚ 124,000 ਤੋਂ ਵੱਧ CAQ ਜਾਰੀ ਨਾ ਕਰਨ ਦਾ ਫ਼ੈਸਲਾ ਲਿਆ ਹੈ, ਜੋ ਕਿ 2023 ਵਿੱਚ 156,000 ਤੋਂ ਵੀ ਜ਼ਿਆਦਾ ਸੀ।



ਕਿਉਬੈਕ ਦੀ ਉੱਚ ਸਿੱਖਿਆ ਮੰਤਰੀ ਪਾਸਕਾਲ ਡੇਰੀ ਨੇ ਕਿਹਾ ਕਿ ਇਹ ਨੀਤੀ ਖਾਸ ਤੌਰ 'ਤੇ ਉਹਨਾਂ ਨਿੱਜੀ ਕਾਲਜਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜੋ ਕਿ ਸਿੱਖਿਆ ਨੂੰ ਸਿਰਫ਼ ਇੱਕ ਵਪਾਰਕ ਮਾਡਲ ਵਜੋਂ ਵਰਤ ਰਹੇ ਹਨ ਅਤੇ ਲੋਕਾਂ ਨੂੰ ਸਿੱਖਿਆ ਰਾਹੀਂ ਨਾਗਰਿਕਤਾ ਵੇਚਣ ਦੀ ਕੋਸ਼ਿਸ਼ ਕਰ ਰਹੇ ਹਨ।

ਹਾਲਾਂਕਿ, ਸਰਕਾਰ ਨੇ ਇਹ ਨਹੀਂ ਦੱਸਿਆ ਕਿ ਇਸ ਨਵੇਂ ਫ਼ੈਸਲੇ ਕਰਕੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਿੰਨੀ ਕਟੌਤੀ ਹੋਵੇਗੀ।

ਉਨ੍ਹਾਂ ਕਿਹਾ ਕਿ "ਇਹ ਅੰਕ ਸਿਰਫ਼ ਛਅਥ ਦੇ ਜਾਰੀ ਹੋਣ ਉੱਤੇ ਆਧਾਰਤ ਹਨ, ਪਰ ਹਮੇਸ਼ਾ ਹਰ ਵਿਦਿਆਰਥੀ, ਜਿਸ ਨੂੰ ਛਅਥ ਮਿਲਦਾ ਹੈ, ਉਹ ਦਾਖਲਾ ਨਹੀਂ ਲੈਂਦਾ। ਇਸ ਕਰਕੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਅਸਲ ਵਿਦਿਆਰਥੀ ਗਿਣਤੀ ਕਿੰਨੀ ਘਟੇਗੀ ।

ਸਰਕਾਰੀ ਅੰਕੜਿਆਂ ਮੁਤਾਬਕ, 2023 ਵਿੱਚ 120,000 ਵਿਦੇਸ਼ੀ ਵਿਦਿਆਰਥੀ ਕਿਉਬੈਕ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਸਨ। ਇਹ ਗਿਣਤੀ 2013 ਵਿੱਚ ਕੇਵਲ 50,000 ਸੀ, ਜਿਸ ਦਾ ਮਤਲਬ ਹੈ ਕਿ 10 ਸਾਲਾਂ ਵਿੱਚ ਇਹ ਸੰਖਿਆ ਦੋ ਗੁਣਾ ਤੋਂ ਵੀ ਵੱਧ ਹੋ ਗਈ।

ਇਸ ਵਾਧੂ ਗਿਣਤੀ ਦੀ ਇੱਕ ਵੱਡੀ ਵਜ੍ਹਾ ਨਿੱਜੀ ਕਾਲਜਾਂ ਦੀ ਵਧ ਰਹੀ ਗਿਣਤੀ ਹੈ, ਜੋ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੀ ਸੰਸਥਾ ਵਿੱਚ ਦਾਖਲਾ ਦੇਣ ਲਈ ਪ੍ਰਮੋਟ ਕਰਦੇ ਹਨ।

ਕਿਉਬੈਕ ਸਰਕਾਰ ਨੇ ਸੂਬੇ ਵਿੱਚ ਗੈਰ-ਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਦਾ ਵਾਅਦਾ ਕੀਤਾ ਹੈ। ਇਸ ਸਮੇਂ, ਸਰਕਾਰ ਅੰਦਾਜ਼ਾ ਲਗਾ ਰਹੀ ਹੈ ਕਿ ਕਿਉਬੈਕ ਵਿੱਚ ਲਗਭਗ 615,000 ਗੈਰ-ਸਥਾਈ ਨਿਵਾਸੀ ਰਹਿ ਰਹੇ ਹਨ।

ਕਿਉਬੈਕ ਦੇ ਮੁੱਖ ਮੰਤਰੀ ਫ਼ਰਾਂਸਵਾ ਲੇਗੋ ਪਹਿਲਾਂ ਹੀ ਇਮੀਗ੍ਰੇਸ਼ਨ ਸੰਬੰਧੀ ਸਖ਼ਤ ਨੀਤੀਆਂ ਲਾਗੂ ਕਰ ਚੁੱਕੇ ਹਨ। ਉਹਨਾਂ ਨੇ ਕਿਹਾ ਕਿ ਉੱਚ ਇਮੀਗ੍ਰੇਸ਼ਨ ਦਰਾਂ ਕਾਰਨ ਫ਼ਰੈਂਚ ਭਾਸ਼ਾ ਨੂੰ ਖਤਰਾ ਹੈ, ਅਤੇ ਸਰਕਾਰ ਚਾਹੁੰਦੀ ਹੈ ਕਿ ਸੂਬੇ ਵਿੱਚ ਫ਼ਰੈਂਚ ਭਾਸ਼ਾ ਦੀ ਰਾਖੀ ਹੋਵੇ।

ਇਸ ਨਵੇਂ ਨਿਯਮ ਦਾ ਵੱਡਾ ਪ੍ਰਭਾਵ ਨਿੱਜੀ ਕਾਲਜਾਂ ਉੱਤੇ ਪੈਣ ਦੀ ਸੰਭਾਵਨਾ ਹੈ। ਇਹਨਾਂ ਕਾਲਜਾਂ ਦੀ ਵਾਧੂ ਗਿਣਤੀ ਕਾਰਨ ਪਿਛਲੇ ਕੁਝ ਸਾਲਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਤੇਜ਼ੀ ਨਾਲ ਵਧੀ।

ਕਈ ਕਾਲਜ ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਉਨ੍ਹਾਂ ਨੂੰ ਦਾਖਲੇ ਅਤੇ ਫ੍ਰ ਪ੍ਰਕਿਰਿਆ ਵਿੱਚ ਮਦਦ ਕਰਨ ਦੀ ਗੱਲ ਕਰਦੇ ਹਨ, ਜੋ ਕਿ ਸਰਕਾਰ ਨੂੰ ਸਵੀਕਾਰਯੋਗ ਨਹੀਂ।

ਉਧਰ ਬਹੁਤ ਸਾਰੇ ਵਿਦਿਆਰਥੀ ਜੋ ਕਿਉਬੈਕ 'ਚ ਆਉਣ ਦੀ ਯੋਜਨਾ ਬਣਾ ਰਹੇ ਸਨ, ਉਹ ਹੁਣ ਪਰੇਸ਼ਾਨ ਹਨ। ਕੁਝ ਵਿਦਿਆਰਥੀਆਂ ਨੇ ਕਿਹਾ ਕਿ "ਅਸੀਂ ਆਪਣਾ ਭਵਿੱਖ ਇਸ ਸੂਬੇ ਵਿੱਚ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਹੁਣ ਸਰਕਾਰੀ ਨੀਤੀਆਂ ਸਾਨੂੰ ਰੋਕ ਰਹੀਆਂ ਹਨ।" ਨਿੱਜੀ ਕਾਲਜਾਂ ਨੇ ਵੀ ਇਸ ਫ਼ੈਸਲੇ ਦੀ ਵਿਰੋਧਤਾ ਕੀਤੀ ਹੈ। ਕਿਉਬੈਕ ਦੇ ਇੱਕ ਪ੍ਰਸਿੱਧ ਨਿੱਜੀ ਕਾਲਜ ਦੇ ਪ੍ਰਿੰਸੀਪਲ ਨੇ ਕਿਹਾ, "ਸਾਡੀ ਸੰਸਥਾ ਕੈਨੇਡਾ ਦੀ ਉੱਚ-ਸਤਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ। ਇਹ ਨਵੀਆਂ ਪਾਬੰਦੀਆਂ ਵਿਦਿਆਰਥੀਆਂ ਦੀ ਤਕਦੀਰ ਨਾਲ ਖਿਲਵਾੜ ਕਰਨ ਦੇ ਬਰਾਬਰ ਹਨ।"

ਕਿਉਬੈਕ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਇੱਕ ਨਵਾਂ ਪੜਾਅ ਸ਼ੁਰੂ ਕੀਤਾ ਹੈ। ਹਾਲਾਂਕਿ, ਇਹ ਨਵੀਂ ਨੀਤੀ ਨਿੱਜੀ ਕਾਲਜਾਂ, ਵਿਦਿਆਰਥੀਆਂ ਅਤੇ ਸੂਬੇ ਦੀ ਆਰਥਿਕਤਾ ਉੱਤੇ ਅਸਰ ਪਾ ਸਕਦੀ ਹੈ।

ਇਸ ਗੱਲ ਦੀ ਸੰਭਾਵਨਾ ਹੈ ਕਿ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਕਿਉਬੈਕ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਦਾਖਲਾ ਦਰ ਘਟੇਗੀ, ਅਤੇ ਇਹ ਵਿਵਾਦ ਹੋਰ ਗਹਿਰਾ ਹੋ ਸਕਦਾ ਹੈ। This report was written by Ekjot Singh as part of the Local Journalism Initiative.


IN LOVING MEMORY OF



July 18th 1994 to Feb 18th 2025

Arshjot Singh Gill

March 1st 2025

Funeral Services at
Riverside Funeral Home
& Crematorium
7410 Hopcott Rd,
Delta
2.00 pm

Bhog & Antim Ardass
Gurdwara Sahib
Dasmesh Darbar,
Surrey
4.00 pm

Gian Singh Gill
604.518.6150

Jeewan Singh Gill
250.891.6351



Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਐਂਡਰੂ ਫੂਰੇ ਵੱਲੋਂ ਅਸਤੀਫ਼ੇ ਦਾ ਐਲਾਨ



ਸੇਂਟ ਜੌਂਨਜ਼ : ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ 14ਵੇਂ ਪ੍ਰੀਮੀਅਰ ਐਂਡਰੂ ਫੂਰੇ ਨੇ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਹੈ। ਉਹ ਪਿਛਲੇ ਸਾਡੇ ਚਾਰ ਸਾਲ ਤੋਂ ਇਸ ਅਹੁਦੇ 'ਤੇ ਰਹੇ ਹਨ। ਉਨ੍ਹਾਂ ਦੇ ਹਟਣ ਦਾ ਐਲਾਨ ਰਾਜਨੀਤਕ ਮੰਚਾਂ 'ਤੇ ਹੈਰਾਨੀ ਦਾ ਵਿਸ਼ਾ ਬਣ ਗਿਆ ਹੈ।

ਸੇਂਟ ਜੌਂਨਜ਼ 'ਚ ਕਨਫ਼ੈਡਰੇਸ਼ਨ ਬਿਲਡਿੰਗ ਵਿੱਚ ਇੱਕ ਕੌਕਸ ਮੀਟਿੰਗ ਤੋਂ ਬਾਅਦ, ਐਂਡਰੂ ਫੂਰੇ ਨੇ ਸ਼ਾਰਟ ਨੋਟਿਸ 'ਤੇ ਮੀਡੀਆ ਅਤੇ ਆਪਣੇ ਸਮਰਥਕਾਂ ਨੂੰ ਬੁਲਾਇਆ ਅਤੇ ਆਪਣੇ ਅਸਤੀਫ਼ੇ ਦੀ ਘੋਸ਼ਣਾ ਕੀਤੀ। ਉਨ੍ਹਾਂ ਨੇ ਕਿਹਾ ਕਿ ਉਹ ਹੁਣ ਸਿਆਸਤ ਛੱਡ ਰਹੇ ਹਨ ਅਤੇ ਆਪਣੇ ਪੇਸ਼ੇ ਵੱਲ ਮੁੜ ਰਹੇ ਹਨ। ਫੂਰੇ ਪੇਸ਼ੇਵਰ ਤੌਰ 'ਤੇ ਹੱਡੀਆਂ ਦੇ ਸਰਜਨ ਹਨ। ਫੂਰੇ ਨੇ ਕਿਹਾ, "ਮੈਂ ਹਮੇਸ਼ਾ ਲਈ ਸਿਆਸਤਦਾਨ ਨਹੀਂ ਸੀ। ਇਹ ਅਹੁਦਾ ਇੱਕ ਨਿਰੰਤਰ ਕੰਮਕਾਜ ਵਾਲੀ ਜ਼ਿੰਮੇਵਾਰੀ ਹੈ, ਅਤੇ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਪਾਸੇ ਹੋ ਜਾਣਾ ਚਾਹੀਦਾ ਹੈ"। ਉਨ੍ਹਾਂ ਕਿਹਾ ਕਿ ਉਹਨਾਂ ਦੀ ਸ਼ਿਫ਼ਟ ਪਿਛਲੇ ਪੰਜ ਸਾਲਾਂ ਤੋਂ ਚੱਲ ਰਹੀ ਹੈ, ਅਤੇ ਹੁਣ ਉਹ ਵਾਪਸ ਆਪਣੇ ਮੂਲ ਪੇਸ਼ੇ ਵੱਲ ਜਾਣ ਦੀ ਯੋਜਨਾ ਬਣਾਉਣਗੇ।

ਆਪਣੇ ਭਾਸ਼ਣ ਦੌਰਾਨ ਐਂਡਰੂ ਫੂਰੇ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਕਿਹਾ, "ਮਾਣ ਨਾਲ ਭਰੇ ਦਿਲ ਅਤੇ ਸਖ਼ਤ ਮਿਹਨਤ ਨਾਲ ਪ੍ਰਾਪਤ ਕੀਤੇ ਭਰੋਸੇ ਦੇ ਨਾਲ, ਮੈਂ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਭਵਿੱਖ ਲਈ ਆਸ ਰੱਖਦਾ ਹਾਂ। ਹੁਣ ਸਮਾਂ ਆ ਗਿਆ ਹੈ ਕਿ ਮੈਂ ਪਾਸੇ ਹੋ ਜਾਵਾਂ"।

ਉਨ੍ਹਾਂ ਨੇ ਅਖੀਰ ਵਿੱਚ ਕਿਹਾ, "ਪਰਮਾਤਮਾ ਇਸ ਸੁੰਦਰ ਸੂਬੇ ਅਤੇ ਇਸ ਦੇ ਵਧੀਆ ਲੋਕਾਂ ਦੀ ਰਾਖੀ ਕਰੇ"।

ਫੂਰੇ ਨੇ ਆਪਣੇ ਅਸਤੀਫ਼ੇ ਦੇ ਕਾਰਨਾਂ ਬਾਰੇ ਜ਼ਿਆਦਾ ਖੁਲਾਸਾ ਨਹੀਂ ਕੀਤਾ। ਡਿਪਟੀ ਪ੍ਰੀਮੀਅਰ ਸਾਇਓਬਹੈਨ ਕੋਡੀ ਨੇ ਵੀ ਮੰਨਿਆ ਕਿ ਉਨ੍ਹਾਂ ਨੂੰ ਇਸ ਐਲਾਨ ਦੀ ਜਾਣਕਾਰੀ ਬਹੁਤ ਥੋੜੇ ਸਮੇਂ ਪਹਿਲਾਂ ਹੀ ਮਿਲੀ।

ਐਂਡਰੂ ਫੂਰੇ 2020 ਵਿੱਚ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਬਣੇ ਸਨ, ਜੋ ਕਿ ਕੋਵਿਡ-19 ਮਹਾਂਮਾਰੀ ਦੇ ਸਭ ਤੋਂ ਨਾਜ਼ੁਕ ਦੌਰ ਵਿੱਚ ਸੀ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਸੂਬੇ ਦੀ ਆਰਥਿਕ ਅਤੇ ਸਿਹਤ ਸੰਬੰਧੀ ਸਥਿਤੀ ਨੂੰ ਸੰਭਾਲਣ ਲਈ ਕਈ ਫ਼ੈਸਲੇ ਲਏ।

ਸੂਬਾਈ ਲਿਬਰਲ ਪਾਰਟੀ ਹੁਣ ਨਵੇਂ ਲੀਡਰ ਦੀ ਚੋਣ ਕਰੇਗੀ। ਤਕਰੀਬਨ ਇੱਕ ਦਹਾਕੇ ਤੋਂ ਪਾਰਟੀ ਦੀ ਕਮਾਨ ਸੰਭਾਲ ਰਹੇ ਫੂਰੇ ਤਕ ਨਵੇਂ ਪ੍ਰੀਮੀਅਰ ਦੀ ਚੋਣ ਨਹੀਂ ਹੁੰਦੀ, ਤਦ ਤੱਕ ਅਹੁਦੇ 'ਤੇ ਰਹਿਣਗੇ।

ਪਿਛਲੇ ਹਫ਼ਤੇ ਪ੍ਰਿੰਸ ਐਡਵਰਡ ਆਈਲੈਂਡ ਦੇ ਪ੍ਰੀਮੀਅਰ ਡੈਨਿਸ ਕਿੰਗ ਨੇ ਵੀ ਅਚਾਨਕ ਅਸਤੀਫ਼ੇ ਦੀ ਘੋਸ਼ਣਾ ਕੀਤੀ ਸੀ। ਇਹ ਦੋਹਾਂ ਅਸਤੀਫ਼ਿਆਂ ਨੇ ਕੈਨੇਡਾ ਦੀ ਰਾਜਨੀਤਿਕ ਸਥਿਤੀ 'ਚ ਵੱਡੀ ਹਿਲਚਲ ਪੈਦਾ ਕਰ ਦਿੱਤੀ ਹੈ।

# ਔਟਵਾ 'ਚ 6-ਮੰਜ਼ਿਲਾ ਪਾਰਕਿੰਗ ਗੇਰਾਜ ਦਾ ਹਿੱਸਾ ਹੋਇਆ ਢਹਿ-ਢੇਰੀ



ਔਟਵਾ : ਔਟਵਾ ਦੇ ਡਾਊਨਟਾਊਨ 'ਚ ਬੁੱਧਵਾਰ ਸਵੇਰੇ ਇੱਕ 6-ਮੰਜ਼ਲਾ ਪਾਰਕਿੰਗ ਗੇਰਾਜ ਦਾ ਇੱਕ ਹਿੱਸਾ ਢਹਿ ਜਾਣ ਨਾਲ ਵੱਡਾ ਨੁਕਸਾਨ ਹੋਇਆ। ਇਹ ਹਾਦਸਾ ਸਲੇਟਰ ਸਟ੍ਰੀਟ ਅਤੇ ਲੌਰੀਏ ਐਵਨਿਊ ਵੈਸਟ 'ਤੇ ਹੋਇਆ, ਜਿੱਥੇ ਕਨਕਰੀਟ ਅਤੇ ਪੱਥਰ ਦਾ ਵੱਡਾ ਹਿੱਸਾ ਜ਼ਮੀਨ 'ਤੇ ਆ ਡਿੱਗਿਆ। ਘਟਨਾ ਦੌਰਾਨ ਗੇਰਾਜ ਵਿੱਚ ਕਰੀਬ 50 ਗੱਡੀਆਂ ਮੌਜੂਦ ਸਨ, ਪਰ ਕਿਸੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।

ਔਟਵਾ ਫ਼ਾਇਰ ਸਰਵਿਸੇਜ਼ ਅਨੁਸਾਰ, ਮੰਗਲਵਾਰ ਸ਼ਾਮ 5 ਵਜੇ ਇੱਕ ਵਿਅਕਤੀ ਨੇ 911 'ਤੇ ਕਾਲ ਕਰਕੇ ਗੇਰਾਜ ਦੇ ਇੱਕ ਹਿੱਸੇ ਵਿੱਚ ਨੁਕਸਾਨ ਹੋਣ ਦੀ ਜਾਣਕਾਰੀ ਦਿੱਤੀ। ਜਦੋਂ ਫ਼ਾਇਰਫ਼ਾਈਟਰਜ਼ ਮੌਕੇ 'ਤੇ ਪਹੁੰਚੇ, ਉਨ੍ਹਾਂ ਨੇ ਦੇਖਿਆ ਕਿ ਢਾਂਚੇ ਦੇ ਪੰਜ-ਛੇ ਗਾਡਰ ਝੁਕ ਗਏ ਸਨ, ਜੋ ਸੰਭਵ ਤੌਰ 'ਤੇ ਗੰਭੀਰ ਨੁਕਸਾਨ ਦੀ ਨਿਸ਼ਾਨੀ ਸੀ। ਬੁੱਧਵਾਰ ਸਵੇਰੇ 4:45 ਵਜੇ ਗੇਰਾਜ ਦਾ ਇੱਕ ਹਿੱਸਾ ਢਹਿ ਗਿਆ।

ਇਮਾਰਤ ਦੇ ਢਹਿਣ ਦੇ ਕਾਰਨਾਂ ਦੀ ਜਾਂਚ ਜਾਰੀ ਹੈ, ਪਰ ਔਟਵਾ ਦੇ ਡਿਪਟੀ ਚੀਫ਼ ਬਿਲਡਿੰਗ ਅਫਸਰ, ਸਕੌਟ ਲੌਕਹਾਰਟ ਨੇ ਇੰਜੀਨੀਅਰਾਂ ਦੀ ਰਾਏ ਦੇ ਆਧਾਰ 'ਤੇ ਕਿਹਾ ਕਿ ਭਾਰੀ ਬਰਫ਼ਬਾਰੀ ਅਤੇ ਬਾਅਦ 'ਚ ਹੋਏ ਮੀਂਹ ਕਰਕੇ ਇਮਾਰਤ 'ਤੇ ਜ਼ਿਆਦਾ ਭਾਰ ਪੈ ਗਿਆ ਹੋ ਸਕਦਾ ਹੈ। ਕਿਊਬੈਕ ਦੇ ਇੰਜੀਨੀਅਰ ਨੌਰਮੈਂਡ ਟੈਟਰੌ ਨੇ ਵੀ ਦੱਸਿਆ ਕਿ ਜੇਕਰ ਸਮੇਂ ਸਿਰ ਬਰਫ਼ ਹਟਾ ਦਿੱਤੀ ਜਾਂਦੀ, ਤਾਂ ਇਹ ਹਾਦਸਾ ਟਲ ਸਕਦਾ ਸੀ।

ਔਟਵਾ ਦੇ ਚੀਫ਼ ਬਿਲਡਿੰਗ ਅਫਸਰ, ਜੌਨ ਬਕ ਨੇ ਕਿਹਾ ਕਿ ਉਨ੍ਹਾਂ ਦੀ ਤਰਜੀਹ ਸਾਈਟ ਦੀ ਸੁਰੱਖਿਆ ਬਣਾਈ ਰੱਖਣ 'ਤੇ ਹੈ। ਫਿਲਹਾਲ ਇਹ ਤੈਅ ਨਹੀਂ ਹੋ ਸਕਿਆ ਕਿ ਕੀ ਇਹ ਗੇਰਾਜ ਦੁਬਾਰਾ ਮੁਰੰਮਤ ਕੀਤਾ ਜਾਵੇਗਾ ਜਾਂ ਪੂਰੀ ਤਰ੍ਹਾਂ ਢਾਹ ਦਿੱਤਾ ਜਾਵੇਗਾ।

ਪੁਲਿਸ ਨੇ ਬੈਂਕ ਸਟ੍ਰੀਟ ਅਤੇ ਓ'ਕੌਨਰ ਸਟ੍ਰੀਟ ਦੇ ਦਰਮਿਆਨ ਸਲੇਟਰ ਅਤੇ ਲੌਰੀਏ ਸਟ੍ਰੀਟ 'ਤੇ ਉੱਤਰੀ ਸਾਈਡਵਾਕ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਹੈ।

ਇਸ ਹਾਦਸੇ ਨੇ ਔਟਵਾ 'ਚ ਪਾਰਕਿੰਗ ਗੇਰਾਜਾਂ ਦੀ ਸੁਰੱਖਿਆ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਇੰਜੀਨੀਅਰਾਂ ਵੱਲੋਂ ਜਾਂਚ ਪੂਰੀ ਹੋਣ 'ਤੇ ਇਸ ਦੇ ਅਸਲ ਕਾਰਨਾਂ ਦੀ ਪੁਸ਼ਟੀ ਕੀਤੀ ਜਾਵੇਗੀ।


HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)




NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

**ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ.ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ.ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ.ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।**

# ਪਰਵਾਸ ਦੀਆਂ ਪਰਤਾਂ ਹੇਠ

**ਲਿਖਤ : ਗੁਰਬਚਨ ਜਗਤ**

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਜਿਸ ਨੂੰ ਯੂਨਾਨੀਆਂ ਨੇ 'ਪੈਂਟਾਪੋਟਾਮੀਆ' ਆਖਿਆ ਸੀ। ਇਹ ਖਿੱਤਾ ਸਿੰਧੂ ਘਾਟੀ ਦੀ ਸੱਭਿਅਤਾ ਨਾਲ ਜੁੜਿਆ ਰਿਹਾ, ਰਿਗਵੇਦ ਤੇ ਮਹਾਭਾਰਤ ਵਿੱਚ ਇਸ ਦਾ ਜ਼ਿਕਰ ਆਉਂਦਾ ਹੈ ਅਤੇ ਜਿਹਲਮ ਦਰਿਆ ਦੇ ਕੰਢਿਆਂ 'ਤੇ ਸਿਕੰਦਰ ਦਾ ਪੋਰਸ ਨਾਲ ਯੁੱਧ ਹੋਇਆ, ਬਾਬਰ ਦੀ ਇਬਰਾਹੀਮ ਲੋਧੀ ਨਾਲ ਜੰਗ ਹੁੰਦੀ ਹੈ ਅਤੇ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਲੜਾਈਆਂ ਹੋਈਆਂ। ਸਦੀਆਂ ਤੋਂ ਪੰਜਾਬ ਜਿਵੇਂ ਧਾੜਵੀਆਂ ਦੇ ਹਮਲਿਆਂ ਦਾ ਨਿਸ਼ਾਨਾ ਬਣਦਾ ਰਿਹਾ, ਤਬਾਹ ਹੁੰਦਾ ਰਿਹਾ ਹੈ, ਹੋਰ ਕਿਤਿਓਂ ਅਜਿਹੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ।

ਅਸੀਂ 1947 ਤੋਂ ਗੱਲ ਸ਼ੁਰੂ ਕਰਾਂਗੇ ਜਿਸ ਨੂੰ ਸ਼ਾਨਦਾਰ ਯੁੱਗ ਦੀ ਸਵੇਰ ਮੰਨਿਆ ਜਾਂਦਾ ਸੀ। ਪੰਜਾਬ ਅਤੇ ਬੰਗਾਲ ਨੂੰ ਛੱਡ ਕੇ ਬਾਕੀ ਭਾਰਤ ਲਈ ਤਾਂ ਇਹ ਖੁਸ਼ੀਆਂ ਅਤੇ ਰੌਸ਼ਨੀ ਦੀ ਸਵੇਰ ਹੀ ਸੀ। ਦੇਸ਼ ਦੀ ਜੋ ਵੰਡ ਹੋਈ, ਉਹ ਮੁੱਖ ਤੌਰ 'ਤੇ ਪੰਜਾਬ ਅਤੇ ਬੰਗਾਲ ਦੀ ਵੰਡ ਸੀ। ਅੰਗਰੇਜ਼ਾਂ ਨੇ ਖਿਆਲੀ ਲਕੀਰ ਵਾਹ ਦਿੱਤੀ ਅਤੇ ਇਸ ਨੂੰ ਕਾਂਗਰਸ ਲੀਡਰਸ਼ਿਪ, ਗਾਂਧੀ ਅਤੇ ਜਿਨਾਹ ਨੇ ਪ੍ਰਵਾਨਗੀ ਦੇ ਦਿੱਤੀ ਜਿਸ ਨਾਲ ਪੰਜਾਬ ਦੀਆਂ ਆਂਦਰਾਂ ਵੱਢ ਦਿੱਤੀਆਂ ਗਈਆਂ। ਇਹ ਪੰਜਾਬ ਦੇ ਜਿਸਮ ਅਤੇ ਆਤਮਾ ਦਾ ਵਢਾਂਗਾ ਸੀ ਤੇ ਇਸ ਨਾਲ ਹੱਤਿਆ, ਬਲਾਤਕਾਰ ਅਤੇ ਅਫ਼ਰਾ-ਤਫ਼ਰੀ ਦੀ ਸੁਨਾਮੀ ਦੀ ਲਹਿਰ ਪੈਦਾ ਹੋਈ। ਉਸ ਕਤਲੋਗ਼ਾਰਤ ਦੀ ਹੋਰ ਕਿਤੇ ਮਿਸਾਲ ਨਹੀਂ ਮਿਲਦੀ ਜਿਸ ਕਰ ਕੇ ਮਾਨਵ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ ਹੋਇਆ ਸੀ। 1950ਵਿਆਂ ਦੇ ਸ਼ੁਰੂ ਵਿੱਚ ਪੱਛਮੀ ਦੁਨੀਆ ਵੱਲ ਪਰਵਾਸ ਦੀ ਪਹਿਲੀ ਲਹਿਰ ਦੇ ਮੁੱਖ ਕਾਰਨ 'ਚੋਂ ਇੱਕ ਕਾਰਨ ਸ਼ਾਇਦ ਇਹ ਉਜਾੜਾ ਵੀ ਸੀ। ਸ਼ੁਰੂ-ਸ਼ੁਰੂ ਵਿੱਚ ਥੋੜ੍ਹੇ ਜਿਹੇ ਲੋਕ ਪਰਵਾਸ ਕਰਨ ਲੱਗੇ ਜੋ ਮੁੱਖ ਤੌਰ 'ਤੇ ਬਰਤਾਨੀਆ ਜਾਂਦੇ ਸਨ ਅਤੇ ਫਿਰ ਕੈਨੇਡਾ ਦਾ ਰੁਖ਼ ਕੀਤਾ ਜਾਣ ਲੱਗਿਆ। ਦੋ ਆਲਮੀ ਜੰਗਾਂ ਵਿੱਚ ਇਸ ਖਿੱਤੇ ਦਾ ਯੋਗਦਾਨ ਬਹੁਤ ਜ਼ਿਆਦਾ ਸੀ ਅਤੇ ਜੰਗ ਤੋਂ ਵਾਪਸ ਆਉਣ ਵਾਲੇ ਬੰਦੇ ਯੂਰੋਪ, ਅਫਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਮੱਧ-ਪੂਰਬ ਦੀਆਂ ਕਹਾਣੀਆਂ ਲੈ ਕੇ ਮੁੜੇ ਸਨ। ਇਨਸਾਨ ਹਮੇਸ਼ਾ ਬਿਹਤਰ ਭਵਿੱਖ ਦੀ ਤਲਾਸ਼ ਵਿੱਚ ਰਹਿੰਦਾ ਹੈ ਅਤੇ ਜਦੋਂ ਵੀ ਕਦੇ ਅਸੁਖਾਵੇਂ ਘਰੇਲੂ ਹਾਲਾਤ ਕਰ ਕੇ ਮੌਕੇ ਬਣਦੇ ਹਨ ਤਾਂ ਉਹ ਬਾਹਰ ਦੇ ਰਾਹ ਪੈ ਜਾਂਦੇ ਹਨ।

ਵੰਡ ਦੇ ਝੱਖੜ ਤੋਂ ਬਾਅਦ ਹੌਲੀ-ਹੌਲੀ ਪੰਜਾਬੀ ਜਜ਼ਬਾ ਉਭਰਿਆ ਅਤੇ ਚੰਗੀ ਲੀਡਰਸ਼ਿਪ ਤੇ ਪ੍ਰਸ਼ਾਸਨ ਦੀ ਬਦੌਲਤ ਅਸੀਂ ਆਪਣੇ ਤਿਣਕੇ ਸਮੇਟ ਕੇ ਇੱਕ ਵਾਰ ਫਿਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ। ਕੁਝ ਦਹਾਕਿਆਂ ਤੱਕ ਇਵੇਂ ਲੱਗਿਆ ਕਿ ਅਸੀਂ ਖੁਸ਼ਹਾਲੀ ਤੇ ਸ਼ਾਂਤੀ ਦੇ ਮਾਰਗ 'ਤੇ ਚੜ੍ਹ ਗਏ ਹਾਂ ਪਰ ਇਹ ਛਲਾਵਾ ਸਾਬਿਤ ਹੋਇਆ ਅਤੇ ਸਿਆਸੀ ਤੇ ਪ੍ਰਸ਼ਾਸਨਿਕ ਢਾਂਚਿਆਂ ਅੰਦਰ ਉਹੀ ਤਰੇੜਾਂ ਉੱਭਰਨ ਲੱਗ ਪਈਆਂ। ਪਹਿਲਾਂ ਹੀ ਵੱਢੇ-ਟੁੱਕੇ ਪੰਜਾਬ ਵਿੱਚ ਹੋਰ ਵੰਡ ਦੀਆਂ ਮੰਗਾਂ ਉੱਭਰ ਪਈਆਂ। ਅਕਾਲੀ ਆਗੂ ਸਿੱਖਾਂ ਦੇ ਦਬਦਬੇ ਵਾਲਾ ਸੂਬਾ ਚਾਹੁੰਦੇ ਸਨ ਅਤੇ ਇਵੇਂ ਹੀ ਪਹਾੜੀਆਂ ਤੇ ਹਰਿਆਣਵੀਆਂ ਨੇ ਆਪੋ-ਆਪਣੇ ਟਿਕਾਣਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਸਾਂਝੇ ਪੰਜਾਬ ਨੂੰ ਤਿੰਨ ਟੁਕੜਿਆਂ ਵਿੱਚ ਵੰਡ ਦਿੱਤਾ ਗਿਆ ਅਤੇ ਲਾਹੌਰ ਤੋਂ ਬਾਅਦ ਆਧੁਨਿਕ ਰਾਜਧਾਨੀ ਵਜੋਂ ਵਿਕਸਤ ਕੀਤੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ।

ਵੰਡ ਤੋਂ ਪਹਿਲਾਂ ਪੰਜਾਬ ਦੀਆਂ ਪੰਜ ਡਿਵੀਜ਼ਨਾਂ ਹੁੰਦੀਆਂ ਸਨ -ਜਲੰਧਰ, ਲਾਹੌਰ, ਦਿੱਲੀ, ਮੁਲਤਾਨ ਅਤੇ ਰਾਵਲਪਿੰਡੀ। ਇਸ ਨੂੰ ਵੱਡੀ ਪ੍ਰਾਪਤੀ ਵਜੋਂ ਦਰਸਾਇਆ ਗਿਆ ਹੈ ਪਰ ਅਸਲ ਵਿੱਚ ਇਸ ਨੇ ਪੰਜਾਬ ਦੇ ਪਤਨ ਦਾ ਮੁੱਢ ਬੰਨ੍ਹਿਆ ਸੀ ਕਿਉਂਕਿ ਅਰਥਚਾਰਾ ਕਮਜ਼ੋਰ ਹੋਣ ਅਤੇ ਮਾੜੀ ਲੀਡਰਸ਼ਿਪ ਕਰ ਕੇ ਇਹ ਅਫ਼ਰਾ-ਤਫ਼ਰੀ ਪੈਦਾ ਹੋਣ ਲੱਗੀ। ਪਹਾੜੀਆਂ, ਜੰਗਲ ਅਤੇ ਜਲ ਸਰੋਤ ਹਿਮਾਚਲ ਕੋਲ ਚਲੇ ਗਏ, ਕੌਮੀ ਰਾਜਧਾਨੀ ਨੇੜਲੇ ਗਤੀਸ਼ੀਲ ਇਲਾਕੇ ਅਤੇ ਯਮੁਨਾ ਨਦੀ ਹਰਿਆਣੇ ਵਿੱਚ ਆ ਗਏ। ਪੰਜਾਬ ਹੁਣ ਪੰਜ ਦਰਿਆਵਾਂ ਦੀ ਧਰਤੀ ਨਹੀਂ ਰਹਿ ਗਿਆ ਤੇ ਸ਼ਾਇਦ ਇਸ ਦਾ ਨਾਂ ਵੀ ਬਦਲ ਦੇਣ ਚਾਹੀਦਾ ਹੈ। ਇਹ ਤਿੰਨੇ ਸੂਬੇ ਵਿਕਾਸ ਦੇ ਜ਼ਿਆਦਾਤਰ ਮਾਪਕਾਂ ਪੱਖੋਂ ਪੱਛੜ ਗਏ ਹਨ। ਲੋਕਰਾਜ ਵਿੱਚ ਵੋਟਾਂ ਦਾ ਮੁੱਲ ਪੈਂਦਾ ਹੈ ਅਤੇ ਪਾਰਲੀਮੈਂਟ




ਵਿੱਚ 10 ਜਾਂ 13 ਸੀਟਾਂ ਵਾਲਿਆਂ ਦੀ ਬਜਾਇ 80 ਸੀਟਾਂ ਵਾਲੇ ਸੂਬੇ ਦੀ ਸੁਣੀ ਜਾਂਦੀ ਹੈ।

ਹੌਲੀ-ਹੌਲੀ ਨੌਜਵਾਨਾਂ ਨੂੰ ਕੱਟੜਵਾਦ ਦੀ ਪਾਣ ਚੜ੍ਹਨ ਲੱਗ ਪਈ ਅਤੇ ਹਿੰਸਕ ਲਹਿਰ ਨਾਲ ਸਬੰਧਿਤ ਧਰਮ ਦੀ ਆੜ ਹੇਠ ਨਵੇਂ ਨਾਅਰਿਆਂ ਸਹਿਤ ਨਵੀਂ ਖਾੜਕੂ ਲੀਡਰਸ਼ਿਪ ਉੱਭਰ ਆਈ। ਇਸ ਪਿੱਛੇ ਹਰ ਰੰਗ ਦੇ ਸਿਆਸਤਦਾਨਾਂ ਦੇ ਦਿਮਾਗ ਅਤੇ ਹੱਥ ਕੰਮ ਕਰਦੇ ਸਨ; ਹਾਲਾਤ ਪੈਦਾ ਕੀਤੇ ਗਏ ਅਤੇ ਹਿੰਸਾ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ ਤੇ ਰਾਜ ਦੇ ਦੁਸ਼ਮਣਾਂ ਵਿੱਚ ਵੀ ਵਾਧਾ ਹੋਇਆ। ਇਸ ਸਭ ਕਾਸੇ ਦਾ ਸਿੱਟਾ ਸਾਕਾ ਨੀਲਾ ਤਾਰਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਦੇ ਰੂਪ ਵਿੱਚ ਨਿਕਲਿਆ ਜਿਸ ਤੋਂ ਬਾਅਦ ਸਮੁੱਚੇ ਭਾਰਤ ਅੰਦਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇਸ ਕਤਲੇਆਮ ਨੂੰ ਉਦੋਂ ਤੱਕ ਚੱਲਣ ਦਿੱਤਾ ਗਿਆ ਜਿੰਨੀ ਦੇਰ ਖ਼ੂਨ ਦੀ ਪਿਆਸ ਅੰਸ਼ਕ ਤੌਰ 'ਤੇ ਬੁਝ ਨਹੀਂ ਗਈ।

ਅਗਲਾ ਦਹਾਕਾ ਇਸੇ 'ਚ ਗੁਆਚ ਗਿਆ, ਰੋਜ਼ ਬੇਕਸੂਰਾਂ ਦੇ ਕਤਲ ਹੁੰਦੇ ਰਹੇ। ਉੱਤਰ-ਪੱਛਮ 'ਚ ਸਾਡੇ ਗੁਆਂਢੀ ਨੇ ਇਸ ਸਥਿਤੀ ਦਾ ਪੂਰਾ ਲਾਹਾ ਲਿਆ ਅਤੇ ਅਤਿਵਾਦੀ ਤੇ ਖਾੜਕੂ ਕਾਰਵਾਈ ਦੀ ਆੜ 'ਚ ਅਸਿੱਧੀ ਜੰਗ ਛੇੜ ਦਿੱਤੀ। ਪੰਜਾਬ ਨੂੰ ਇਸ ਦੀ ਕੀਮਤ ਚੁਕਾਉਣੀ ਪਈ। ਪਾਕਿਸਤਾਨ ਸੰਨ 1948, 1965 ਤੇ 1971 ਵਿੱਚ ਵੱਡੀਆਂ ਜੰਗਾਂ ਹਾਰ ਚੁੱਕਾ ਸੀ; ਇਹ ਬਦਲਾ ਲੈਣ ਦੀ ਤਾਕ ਵਿੱਚ ਸੀ ਤੇ ਅਸੀਂ ਇਸ ਨੂੰ ਇਹ ਥਾਲ 'ਚ ਸਜਾ ਕੇ ਦੇ ਦਿੱਤਾ (ਉਹ ਵੀ ਪੰਜਾਬ ਹੀ ਸੀ ਜਿਸ ਨੇ 1965 ਦੀ ਜੰਗ ਦਾ ਬਹੁਤਾ ਨੁਕਸਾਨ ਸਹਿਣ ਕੀਤਾ ਕਿਉਂਕਿ ਜ਼ਿਆਦਾਤਰ ਕਾਰਵਾਈ ਇਸੇ ਮੋਰਚੇ ਤੱਕ ਸੀਮਤ ਸੀ)। ਪੰਜਾਬ 'ਚ ਮੁੜ ਉਹ ਗੱਲ ਨਹੀਂ ਬਣ ਸਕੀ ਤੇ ਚੋਣਾਂ ਹੋਣ ਤੱਕ ਲਗਭਗ ਪੂਰਾ ਦਹਾਕਾ ਇਹ ਰਾਸ਼ਟਰਪਤੀ ਰਾਜ ਹੇਠਾਂ ਰਿਹਾ।

ਕਈ ਪ੍ਰਮੁੱਖ ਮੰਗਾਂ ਦੇ ਬਾਵਜੂਦ, ਲੋਕਾਂ ਨੂੰ ਬਿਨਾਂ ਕਿਸੇ ਕਸੂਰ ਦਹਾਕਿਆਂ ਤੱਕ ਝੱਲਣੇ ਪਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਗਈ ਤੇ ਪੰਜਾਬ ਲਈ ਕੋਈ ਵਿੱਤੀ ਪੈਕੇਜ ਜਾਂ ਵਿਸ਼ੇਸ਼ ਵਿਕਾਸ ਯੋਜਨਾ ਨਹੀਂ ਐਲਾਨੀ ਗਈ। ਯਾਦ ਹੋਣਾ ਚਾਹੀਦਾ ਹੈ ਕਿ ਦੱਖਣੀ, ਪੱਛਮੀ ਤੇ ਪੂਰਬੀ ਤੱਟੀ ਖੇਤਰਾਂ ਤੋਂ ਉਲਟ ਪੰਜਾਬ ਦੇ ਚਹੁੰ ਪਾਸੇ ਜ਼ਮੀਨ ਹੈ। ਇਸ ਦਾ ਵਪਾਰ ਸਿਰਫ਼ ਤੇ ਸਿਰਫ਼ ਉੱਤਰ-ਪੱਛਮ ਤੇ ਕੇਂਦਰੀ ਏਸ਼ੀਆ ਵੱਲ ਖੁੱਲ੍ਹਦਾ ਹੈ। ਇਹ ਰਾਹ ਵੀ ਬੰਦ ਹੈ ਤੇ ਇਸ ਨੂੰ ਖੋਲ੍ਹਣ ਦੀਆਂ ਸਾਰੀਆਂ ਅਰਜ਼ੀਆਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਹਨ। ਅੱਸੀਵਿਆਂ ਦੀਆਂ ਘਟਨਾਵਾਂ ਨੇ ਪਰਵਾਸ ਦੀ ਦੂਜੀ ਲਹਿਰ ਨੂੰ ਜਨਮ ਦਿੱਤਾ ਤੇ ਇਸ ਵਾਰ ਇਹ ਬਹੁਤ ਵੱਡੀ ਸੀ। ਰਾਹਤ ਤੇ ਰੁਜ਼ਗਾਰ ਖਾਤਰ ਸੂਈ ਘੁੰਮ ਕੇ ਪੱਛਮੀ ਸਾਹਿਲੀ ਤੱਟਾਂ 'ਤੇ ਟਿਕ ਗਈ।

ਤੀਜੀ ਲਹਿਰ ਹੁਣ ਜਾਰੀ ਹੈ ਕਿਉਂਕਿ ਨੌਜਵਾਨ ਸਿੱਖਿਆ ਤੇ ਗੁਜ਼ਾਰੇ ਦੇ ਬਿਹਤਰ ਮੌਕੇ ਤਲਾਸ਼ ਰਹੇ ਹਨ। ਮੈਂ ਇਸ ਨੂੰ ਤੀਸਰੀ ਲਹਿਰ ਕਹਿੰਦਾ ਹਾਂ ਕਿਉਂਕਿ ਹੁਣ ਇਸ 'ਚ ਉਹ ਨੌਜਵਾਨ ਸ਼ਾਮਿਲ ਹਨ ਜਿਨ੍ਹਾਂ ਨੂੰ ਵਿਰਾਸਤ 'ਚ ਕਰਜ਼ਈ (ਪੰਜਾਬ ਸਿਰ ਕਰੀਬ 4 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ) ਸੂਬਾ ਮਿਲਿਆ ਹੈ ਜਿਸ ਨੂੰ ਮੌਕਿਆਂ ਜਾਂ ਉਨ੍ਹਾਂ ਨੂੰ ਪੈਦਾ ਕਰਨ ਵਾਲੀ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ ਹੈ। ਇੰਟਰਨੈੱਟ ਜਾਗਰੂਕਤਾ ਲਿਆਇਆ ਹੈ ਤੇ ਜਾਗਰੂਕਤਾ ਨੇ ਇੱਛਾਵਾਂ ਜਗਾਈਆਂ ਹਨ। ਨੌਜਵਾਨ ਪੱਛਮੀ ਸੰਸਾਰ ਦੀ ਜ਼ਿੰਦਗੀ ਤੇ ਆਰਾਮ ਲੋਚਦੇ ਹਨ। ਅਫ਼ਸੋਸ, ਉਨ੍ਹਾਂ ਨੂੰ ਇਹ ਇੱਥੇ ਨਹੀਂ ਮਿਲਦੇ ਜਾਂ ਇਨ੍ਹਾਂ ਨੂੰ ਇੱਥੇ ਸਿਰਜਣ ਦਾ ਮਾਹੌਲ ਤੇ ਸਾਧਨ ਨਹੀਂ ਮਿਲਦੇ। ਲੋਕ ਪੂਰੇ ਪੰਜਾਬ ਤੋਂ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਰਹੇ ਹਨ। ਸਿਆਸਤਦਾਨਾਂ, ਪੁਲੀਸ ਤੇ ਟਰੈਵਲ ਏਜੰਟਾਂ ਦਾ ਗੱਠਜੋੜ ਖੁੱਲ੍ਹੇਆਮ ਹੁੰਦਾ ਹੈ, ਮੋਟੀ ਰਾਸ਼ੀ ਵਸੂਲੀ ਜਾਂਦੀ ਹੈ। ਜ਼ਮੀਨ ਵਿਕ ਗਈ ਹੈ, ਕਰਜ਼ੇ ਲਏ ਗਏ ਹਨ ਤੇ ਰਹਿੰਦਾ ਪੈਸਾ ਰਿਸ਼ਤੇਦਾਰਾਂ ਤੋਂ ਜੁਟਾਇਆ ਗਿਆ ਹੈ।

ਅੰਗਰੇਜ਼ੀ ਸਿਖਾਉਣ ਲਈ ਕੋਚਿੰਗ ਕੇਂਦਰ ਆਏ ਤੇ ਫਿਰ ਪੈਸਾ ਖਿੱਚਿਆ ਗਿਆ। ਇਹ ਸਾਰੀ ਕਾਰਵਾਈ ਖੁੱਲ੍ਹੇਆਮ ਅਤੇ ਪਿੰਡਾਂ, ਕਸਬਿਆਂ ਤੇ ਸੱਤਾ ਦੇ ਗਲਿਆਰਿਆਂ 'ਚ, ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ ਹੋਈ ਪਰ, ਪੰਜਾਬ ਦੀ ਇਸ ਲੁੱਟ ਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟਿਆ ਗਿਆ।

ਹੁਣ, ਅਮਰੀਕਾ ਦੀ ਅਗਵਾਈ 'ਚ 'ਮਹਾਂ ਸ਼ੁੱਧੀਕਰਨ' ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਐਨੇ ਸ਼ਰਮਨਾਕ ਢੰਗ ਨਾਲ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਘੱਲਣਾ ਸ਼ੁਰੂ ਕੀਤਾ ਹੈ ਕਿ ਕੋਈ ਵੀ ਅਣਖੀ ਮੁਲਕ ਇਸ 'ਤੇ ਚੁੱਪ ਨਹੀਂ ਬੈਠ ਸਕਦਾ। ਪਰਵਾਸੀਆਂ ਦੇ ਹੱਥਾਂ-ਪੈਰਾਂ ਨੂੰ ਕੜੀਆਂ ਲਾ, ਬੰਨ੍ਹ ਕੇ ਬਿਨਾਂ ਦਸਤਾਰਾਂ ਤੋਂ ਲਿਆਂਦਾ ਗਿਆ ਹੈ। ਜਾਪਦਾ ਹੈ ਕਿ 'ਸਟੈਚੂ ਆਫ ਲਿਬਰਟੀ' ਦੀ ਸ਼ੇਖ਼ੀ ਮਾਰਨ ਵਾਲੇ ਮੁਲਕ ਲਈ ਲੋਕਾਂ ਨੂੰ ਕੜੀਆਂ 'ਚ ਬੰਨ੍ਹਣਾ ਹੁਣ ਆਮ ਜਿਹੀ ਗੱਲ ਹੋ ਗਿਆ ਹੈ। ਅਮਰੀਕੀ ਆਜ਼ਾਦੀ ਦੇ ਐਲਾਨਨਾਮੇ- "ਅਸੀਂ ਇਨ੍ਹਾਂ ਸਿਧਾਂਤਾਂ ਨੂੰ ਸਵੈ-ਸਿੱਧ ਮੰਨਦੇ ਹਾਂ, ਕਿ ਸਾਰੇ ਮਨੁੱਖ ਸਮਾਨ ਪੈਦਾ ਹੋਏ ਹਨ, ਕਿ ਉਨ੍ਹਾਂ ਨੂੰ ਆਪਣੇ ਰਚਣਹਾਰੇ ਵੱਲੋਂ ਕੁਝ ਅਟਲ ਹੱਕ ਮਿਲੇ ਹਨ, ਜੀਵਨ, ਸੁਤੰਤਰਤਾ ਤੇ ਸੁੱਖ ਦੀ ਤਲਾਸ਼ ਇਨ੍ਹਾਂ ਅਧਿਕਾਰਾਂ ਵਿੱਚੋਂ ਹਨ", ਨੂੰ ਆਖ਼ਿਰ ਕੀ ਹੋ ਗਿਆ ਹੈ?

ਜਿੱਥੋਂ ਤੱਕ ਮੈਨੂੰ ਪਤਾ ਹੈ, ਕੋਈ ਪੁਨਰਵਾਸ ਕਮੇਟੀ ਨਹੀਂ ਬਣੀ। ਕੋਈ ਰੋਸ ਦਰਜ ਨਹੀਂ ਕਰਾਇਆ ਗਿਆ, ਕੋਈ ਨੀਤੀ ਪਰਿਵਰਤਨ ਨਹੀਂ ਹੋਇਆ। ਵਿਸ਼ਵ ਆਰਥਿਕ ਫੋਰਮ ਦੀ ਰਿਪੋਰਟ ਮੁਤਾਬਿਕ, ਭਾਰਤ ਨੂੰ ਵਿਦੇਸ਼ਾਂ ਤੋਂ ਲੋਕ ਸਭ ਤੋਂ ਵੱਧ ਪੈਸਾ ਭੇਜਦੇ ਹਨ- ਸਾਲਾਨਾ 100 ਅਰਬ ਡਾਲਰ ਤੋਂ ਵੀ ਵੱਧ। ਇਹ 9 ਲੱਖ ਕਰੋੜ ਰੁਪਏ ਬਣਦਾ ਹੈ; ਜੀਐੱਸਟੀ ਦੀ ਪੂਰੀ ਰਾਸ਼ੀ ਹੀ 2023-24 ਲਈ 20 ਲੱਖ ਕਰੋੜ ਰੁਪਏ ਸੀ। ਆਵਾਸੀ ਸਰਕਾਰਾਂ ਤੋਂ ਕੁਝ ਸਤਿਕਾਰ ਅਤੇ ਸਰੋਕਾਰ ਦਾ ਹੱਕ ਰੱਖਦੇ ਹਨ। ਅਸੀਂ ਤਾਂ ਬਸ ਇਹੀ ਆਸ ਕਰ ਸਕਦੇ ਹਾਂ ਕਿ ਕੱਟੜ ਵਿਚਾਰਾਂ ਅਤੇ ਬੇਰੁਜ਼ਗਾਰ ਜਵਾਨੀ ਦਾ ਜ਼ਹਿਰੀਲਾ ਸੁਮੇਲ ਕਿਤੇ ਦੁਬਾਰਾ ਨਾ ਬਣੇ।

# ਦੁਬਈ ਦੀ ਕੰਪਨੀ ਤੋਂ ਚੋਰੀ ਹੋਈ 1.5 ਬਿਲੀਅਨ ਡਾਲਰ ਦੀ ਕ੍ਰਿਪਟੋਕਰੰਸੀ

ਵਾਸ਼ਿੰਗਟਨ : ਅਮਰੀਕੀ ਸੰਘੀ ਜਾਂਚ ਬਿਊਰੋ (ਐੱਫਬੀਆਈ) ਨੇ ਉੱਤਰੀ ਕੋਰੀਆ ਨਾਲ ਜੁੜੇ ਹੈਕਰਾਂ 'ਤੇ ਦੁਬਈ ਸਥਿਤ ਇੱਕ ਕੰਪਨੀ ਤੋਂ ਲਗਭਗ ਡੇਢ ਅਰਬ ਅਮਰੀਕੀ ਡਾਲਰ ਦੀ ਕੀਮਤ ਦੇ ਈਥਰਿਅਮ (ਇੱਕ ਕਿਸਮ ਦੀ ਕ੍ਰਿਪਟੋਕਰੰਸੀ) ਚੋਰੀ ਕਰਨ ਦਾ ਦੋਸ਼ ਲਗਾਇਆ ਹੈ। ਐੱਫਬੀਆਈ ਨੇ ਇਸਨੂੰ ਵਿਸ਼ਵ ਪੱਧਰ 'ਤੇ ਕ੍ਰਿਪਟੋਕਰੰਸੀ (ਵਰਚੁਅਲ ਕਰੰਸੀ) ਦੀ ਸਭ ਤੋਂ ਵੱਡੀ ਜਨਤਕ ਤੌਰ 'ਤੇ ਜਾਣੀ ਜਾਂਦੀ ਚੋਰੀ ਵਿੱਚੋਂ ਇੱਕ ਦੱਸਿਆ ਹੈ।

ਏਜੰਸੀ ਦੇ ਅਨੁਸਾਰ, 'ਟ੍ਰੇਡਰ ਟ੍ਰੈਟਰ' ਅਤੇ 'ਲਾਜ਼ਰਸ ਗਰੁੱਪ' ਸਮੂਹਾਂ ਦੇ ਹੈਕਰਾਂ ਨੇ ਫਰਵਰੀ ਦੇ ਸ਼ੁਰੂ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਕ੍ਰਿਪਟੋ ਐਕਸਚੇਂਜਾਂ ਵਿੱਚੋਂ ਇੱਕ, ਬਾਈਬਿਟ ਨੂੰ ਨਿਸ਼ਾਨਾ ਬਣਾਇਆ। ਬਾਈਬਿਟ ਨੇ ਕਿਹਾ ਕਿ ਹੈਕਰਾਂ ਨੇ "ਕੋਲਡ" ਜਾਂ ਆਫਲਾਈਨ ਵਾਲਿਟ ਰਾਹੀਂ ਈਥਰਿਅਮ ਦੇ ਨਿਯਮਤ ਟ੍ਰਾਂਸਫਰ ਵਿਚ "ਹੇਰਾਫੇਰੀ" ਕੀਤੀ ਅਤੇ ਉਨ੍ਹਾਂ ਨੂੰ ਵੱਖ-ਵੱਖ ਬਲਾਕਚੈਨਾਂ 'ਤੇ ਹਜ਼ਾਰਾਂ ਅਣਜਾਣ ਖਾਤਿਆਂ ਵਿੱਚ ਟ੍ਰਾਂਸਫਰ ਕੀਤਾ। ਐੱਫਬੀਆਈ ਨੇ ਕਿਹਾ ਕਿ ਹੈਕਰ "ਕ੍ਰਿਪਟੋਕਰੰਸੀ ਟ੍ਰੇਡਿੰਗ ਐਪਲੀਕੇਸ਼ਨਾਂ ਰਾਹੀਂ ਮਾਲਵੇਅਰ (ਵਾਇਰਸ) ਪਾ ਕੇ ਕ੍ਰਿਪਟੋਕਰੰਸੀ ਚੋਰੀ ਕਰਦੇ ਹਨ ਜੋ ਵਰਚੁਅਲ ਕਰੰਸੀ ਦੀ ਚੋਰੀ ਨੂੰ ਆਸਾਨ ਬਣਾਉਂਦੇ ਹਨ।" ਏਜੰਸੀ ਨੇ ਬੁੱਧਵਾਰ ਰਾਤ ਨੂੰ ਇੱਕ ਆਨਲਾਈਨ ਜਨਤਕ ਘੋਸ਼ਣਾ ਵਿੱਚ ਕਿਹਾ ਕਿ ਉਸਦਾ ਮੰਨਣਾ ਹੈ ਕਿ ਚੋਰੀ ਦੇ ਪਿੱਛੇ ਉੱਤਰੀ ਕੋਰੀਆ-ਸਮਰਥਿਤ ਹੈਕਰਾਂ ਦਾ ਹੱਥ ਹੈ।

ਘੋਸ਼ਣਾ ਦੇ ਅਨੁਸਾਰ, "ਟ੍ਰੇਡਰ ਟ੍ਰੇਟਰ ਹੈਕਰਾਂ ਨੇ ਤੇਜ਼ੀ ਨਾਲ ਕੰਮ ਕੀਤਾ ਅਤੇ ਕਈ ਬਲਾਕਚੈਨਾਂ 'ਤੇ ਹਜ਼ਾਰਾਂ ਅਗਿਆਤ ਖਾਤਿਆਂ ਰਾਹੀਂ ਚੋਰੀ ਕੀਤੇ ਗਏ ਕੁਝ ਈਥਰਿਅਮ ਨੂੰ ਬਿਟਕੋਇਨ ਅਤੇ ਹੋਰ ਵਰਚੁਅਲ ਮੁਦਰਾਵਾਂ ਵਿੱਚ ਬਦਲ ਦਿੱਤਾ।" 'ਬਲਾਕਚੇਨ' ਇੱਕ ਸਾਂਝਾ ਡਿਜੀਟਲ ਲੇਜਰ ਹੈ ਜੋ ਇੱਕ ਪਲੇਟਫਾਰਮ 'ਤੇ ਵਰਚੁਅਲ ਮੁਦਰਾ ਲੈਣ-ਦੇਣ ਨੂੰ ਟਰੈਕ ਤੇ ਰਿਕਾਰਡ ਕਰਦਾ ਹੈ। ਐੱਫਬੀਆਈ ਨੇ ਕਿਹਾ ਕਿ ਇਹ ਮੰਨਿਆ ਜਾਂਦਾ ਹੈ ਕਿ ਇਹ ਵਰਚੁਅਲ ਮੁਦਰਾਵਾਂ ਹੋਰ ਮੁਦਰਾਵਾਂ 'ਚ ਬਦਲੀਆਂ ਜਾਂਦੀਆਂ ਹਨ ਤੇ ਅੰਤ 'ਚ ਕਾਨੂੰਨੀ ਟੈਂਡਰ 'ਚ ਬਦਲੀਆਂ ਜਾਂਦੀਆਂ ਹਨ।"

ਉੱਤਰੀ ਕੋਰੀਆ ਦੇ ਸਰਕਾਰੀ ਮੀਡੀਆ ਨੇ ਅਜੇ ਤੱਕ ਚੋਰੀ ਦੀ ਰਿਪੋਰਟ ਜਾਂ ਐੱਫਬੀਆਈ ਦੇ ਦੋਸ਼ਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਹਾਲਾਂਕਿ, ਦੱਖਣੀ ਕੋਰੀਆ ਦੀ ਖੁਫੀਆ ਏਜੰਸੀ ਦਾ ਦਾਅਵਾ ਹੈ ਕਿ ਉੱਤਰੀ ਕੋਰੀਆ ਨੇ ਪਿਛਲੇ ਪੰਜ ਸਾਲਾਂ ਵਿੱਚ ਅੰਦਾਜ਼ਨ 1.2 ਬਿਲੀਅਨ ਅਮਰੀਕੀ ਡਾਲਰ ਦੀ ਕ੍ਰਿਪਟੋਕਰੰਸੀ ਅਤੇ ਹੋਰ ਵਰਚੁਅਲ ਸੰਪਤੀਆਂ ਚੋਰੀ ਕੀਤੀਆਂ ਹਨ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਦੀ ਇੱਕ ਕਮੇਟੀ ਨੇ ਕਿਹਾ ਕਿ ਉਹ 2017 ਅਤੇ 2023 ਵਿਚਕਾਰ ਉੱਤਰੀ ਕੋਰੀਆ ਵੱਲੋਂ ਕਥਿਤ ਤੌਰ 'ਤੇ ਕੀਤੇ ਗਏ 58 ਸਾਈਬਰ ਹਮਲਿਆਂ ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਨੇ "ਦੇਸ਼ ਦੇ ਪ੍ਰਮਾਣੂ ਹਥਿਆਰ ਪ੍ਰੋਗਰਾਮ ਨੂੰ ਸਮਰਥਨ ਦੇਣ ਲਈ" ਲਗਭਗ 3 ਬਿਲੀਅਨ ਡਾਲਰ ਦੀ ਚੋਰੀ ਕੀਤੀ ਸੀ।

ਬਾਈਬਿਟ ਦੇ ਸਹਿ-ਸੰਸਥਾਪਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਬੇਨ ਝੌ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਇਸ ਘਟਨਾ ਦੀ ਪੁਸ਼ਟੀ ਕੀਤੀ। ਉਸਨੇ ਪੋਸਟ ਦੇ ਨਾਲ ਇੱਕ ਵੈੱਬਸਾਈਟ ਦਾ ਲਿੰਕ ਸਾਂਝਾ ਕੀਤਾ ਜਿਸ ਨੇ ਚੋਰੀ ਹੋਈ ਵਰਚੁਅਲ ਕਰੰਸੀ ਦਾ ਪਤਾ ਲਗਾਉਣ ਅਤੇ ਇਸਨੂੰ ਹੋਰ ਐਕਸਚੇਂਜਾਂ ਦੁਆਰਾ 'ਫ੍ਰੀਜ਼' ਕਰਵਾਉਣ ਲਈ 140 ਮਿਲੀਅਨ ਅਮਰੀਕੀ ਡਾਲਰ ਦੇ ਇਨਾਮ ਦੀ ਪੇਸ਼ਕਸ਼ ਕੀਤੀ ਹੈ।

# ਬੇਲੀਜ਼ ਦੇ ਹੋਟਲ ਰੂਮ 'ਚ ਮਿਲੀਆਂ ਤਿੰਨ ਅਮਰੀਕੀ ਮਹਿਲਾਵਾਂ ਦੀਆਂ ਲਾਸ਼ਾਂ



ਬੇਲੀਜ਼ ਸਿਟੀ: ਬੇਲੀਜ਼ ਦੇ ਇੱਕ ਰਿਜ਼ੋਰਟ Royal Kahal Beach Resort ਵਿੱਚ ਤਿੰਨ ਅਮਰੀਕੀ ਮਹਿਲਾਵਾਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਮੌਤਾਂ ਡਰੱਗ ਓਵਰਡੋਜ਼ ਜਾਂ ਕਾਰਬਨ ਮਾਨੋਕਸਾਈਡ ਨਾਲ ਹੋਣ ਦਾ ਖਦਸ਼ਾ ਜਤਾਇਆ ਹੈ।

ਬੇਲੀਜ਼ ਪੁਲਿਸ ਨੇ ਮ੍ਰਿਤਕ ਮਹਿਲਾਵਾਂ ਦੀ ਪਛਾਣ 23 ਸਾਲਾ ਕਊਤਰ ਨੱਕਦ (Kaoutar Naqqad), 24 ਸਾਲਾ ਇਮਾਨੇ ਮੱਲਾਹ (Imane Mallah) ਅਤੇ 26 ਸਾਲਾ ਵਾਫ਼ਾ ਏਲ ਅਰਾਰ (Wafae El Arar) ਦੇ ਤੌਰ 'ਤੇ ਕੀਤੀ ਹੈ। ਇਹ ਤਿੰਨੋ ਹੀ ਮੈਸਾਚੂਸੇਟਸ ਦੇ ਰੀਵੀਅਰ (Revere, Mass.) ਦੀ ਰਹਿਣ ਵਾਲੀਆਂ ਸਨ।

ਪੁਲਿਸ ਮੁਤਾਬਕ, 21 ਫਰਵਰੀ ਨੂੰ ਹੋਟਲ ਕਰਮਚਾਰੀਆਂ ਨੇ ਉਨ੍ਹਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਵਲੋਂ ਕੋਈ ਜਵਾਬ ਨਹੀਂ ਮਿਲਿਆ। ਸੀ.ਸੀ.ਟੀ.ਵੀ. ਫੁਟੇਜ ਦੇ ਅਧਾਰ 'ਤੇ ਪੁਲਿਸ ਨੇ ਦੱਸਿਆ ਕਿ ਮਹਿਲਾਵਾਂ 20 ਫਰਵਰੀ ਦੀ ਸ਼ਾਮ ਨੂੰ ਆਪਣੇ ਕਮਰੇ 'ਚ ਦਾਖਲ ਹੋਈਆਂ ਸਨ ਅਤੇ ਫਿਰ ਬਾਹਰ ਨਹੀਂ ਆਈਆਂ। 22 ਫਰਵਰੀ ਦੀ ਸਵੇਰ, ਹੋਟਲ ਕਰਮਚਾਰੀਆਂ ਨੇ ਮਾਸਟਰ ਕੁੰਜੀ ਦੀ ਵਰਤੋਂ ਕਰਕੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਅੰਦਰ ਜਦੋਂ ਪੁਲਿਸ ਪਹੁੰਚੀ, ਤਾਂ ਉਨ੍ਹਾਂ ਨੇ ਮਹਿਲਾਵਾਂ ਮ੍ਰਿਤਕ ਪਾਈਆਂ ਗਈਆਂ।

ਬੇਲੀਜ਼ ਪੁਲਿਸ ਕਮਿਸ਼ਨਰ, ਚੈਸਟਰ ਵਿਲੀਅਮਸ ਨੇ ਦੱਸਿਆ ਕਿ, "ਲਾਸ਼ਾਂ 'ਤੇ ਕੋਈ ਹਿੰਸਾ ਦੇ ਨਿਸ਼ਾਨ ਨਹੀਂ ਸਨ, ਪਰ ਹਰੇਕ ਮਹਿਲਾ ਦੇ ਕੋਲ ਉਲਟੀਆਂ ਹੋਈਆਂ ਦਿਖਾਈ ਦਿੱਤੀਆਂ।"

ਪਹਿਲੀ ਨਜ਼ਰ ਵਿੱਚ, ਮੌਤ ਦਾ ਸਿੱਧਾ ਕਾਰਨ ਸਾਫ਼ ਨਹੀਂ, ਪਰ ਰਿਪੋਰਟ ਮੁਤਾਬਕ, ਮਹਿਲਾਵਾਂ ਦੇ ਮੂੰਹ 'ਚ ਫੇਂਕ (froth) ਪਾਇਆ ਗਿਆ, ਜੋ ਕਿ ਡਰੱਗ ਓਵਰਡੋਜ਼ (drug overdose) ਦੀ ਨਿਸ਼ਾਨੀ ਹੋ ਸਕਦੀ ਹੈ। ਪੁਲਿਸ ਹੁਣ ਜਾਂਚ ਕਰ ਰਹੀ ਹੈ ਕਿ ਕੀ ਇਹ ਕਾਰਬਨ ਮਾਨੋਕਸਾਈਡ ਗੈਸ ਲੀਕ ਹੋਣ ਕਾਰਨ ਵਾਪਰਿਆ ਹਾਦਸਾ ਸੀ ਜਾਂ ਨਹੀਂ। ਮ੍ਰਿਤਕ ਔਰਤਾਂ ਦੇ ਪਰਿਵਾਰਾਂ ਨੇ GoFundMe ਮੁਹਿੰਮ ਸ਼ੁਰੂ ਕੀਤੀ, ਤਾਂ ਜੋ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਨੂੰ ਅਮਰੀਕਾ ਵਾਪਸ ਲਿਆਂਦਾ ਜਾ ਸਕੇ ਅਤੇ ਅੰਤਿਮ ਸੰਸਕਾਰ ਲਈ ਪੈਸੇ ਜਮ੍ਹਾਂ ਕੀਤੇ ਜਾ ਸਕਣ। ਮੰਗਲਵਾਰ ਰਾਤ ਰੀਵੀਅਰ ਦੀ ਇਨ੍ਹਾਂ ਔਰਤਾਂ ਦੀ ਯਾਦ ਵਿੱਚ ਇੱਕ ਸ਼ਰਧਾਂਜਲੀ ਸਮਾਗਮ ਰੱਖਿਆ ਜਿਸ ਵਿੱਚ ਸੈਂਕੜੇ ਲੋਕਾਂ ਨੇ ਹਿੱਸਾ ਲਿਆ। ਪਰਿਵਾਰਾਂ, ਦੋਸਤਾਂ, ਅਤੇ ਕਮਿਊਨਟੀ ਦੇ ਆਗੂਆਂ ਨੇ ਇਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।


ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997
SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8



Keep Smiling Denture Clinic

Keep Smiling Denture Clinic

Complete Denture · Implant Denture · Partial Denture

Care Home Mobile S... ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist

SEMCD CERTIFIED CLINICIAN

Book Your Appointment

778-600-0811 | 778-600-0810

6834 King George Blvd Surrey BC | 2644 Cyril St Abbotsford BC

# ਕਿਥੋਂ ਲੱਭ ਲਿਆਵਾਂ ਸਿਰਦਾਰ ਕਪੂਰ ਸਿੰਘ ਜੇਹਾ ?

ਲੇਖਕ : ਗੁਰਿੰਦਰਪਾਲ ਸਿੰਘ ਧਨੌਲਾ
ਸੰਪਰਕ : 93161 76519



ਸਿੱਖ ਪੰਥ ਦੀ ਇੱਕ ਬੇਬਾਕ ਅਤੇ ਅਜੀਮ ਸ਼ਖਸੀਅਤ ਸ. ਕਪੂਰ ਸਿੰਘ ਆਈ.ਸੀ.ਐਸ. 2 ਮਾਰਚ 1909 ਨੂੰ ਜਿਲਾ ਲਾਇਲਪੁਰ ਦੇ ਪਿੰਡ ਚੱਕ ਵਿਚ ਪਿਤਾ ਸ. ਦੀਦਾਰ ਸਿੰਘ ਦੇ ਗ੍ਰਹਿ, ਮਾਤਾ ਹਰਨਾਮ ਕੌਰ ਦੀ ਕੁੱਖੋਂ ਜਨਮੇ ਸਨ। ਸੰਨ 1931 ਵਿਚ ਐਮ.ਏ. ਫਿਲਾਸਫੀ ਪੰਜਾਬ ਅਤੇ 1932 ਵਿਚ ਐਮ.ਏ. ਕੈਂਬਰਿਜ ਤੋਂ ਕਰਨ ਉਪਰੰਤ ਆਈ.ਸੀ.ਐਸ. ਬਣੇ। ਉਹਨਾਂ ਨੇ ਬਹੁਤ ਸਾਰੀਆਂ ਉੱਚ ਪਦਵੀਆਂ ਉੱਤੇ ਕੰਮ ਕੀਤਾ ਅਤੇ ਇੱਕ ਬੜੇ ਇਮਾਨਦਾਰ ਅਤੇ ਧੜੱਲੇਦਾਰ ਅਫਸਰ ਵਜੋਂ ਜਾਣੇ ਜਾਂਦੇ ਸਨ। ਜਿਥੇ ਆਪ ਜੀ ਦੀ ਸਿੱਖ ਪੰਥ ਪ੍ਰਤੀ ਪ੍ਰੱਕਤਾ ਸੀ, ਉਥੇ ਸੁਭਾ ਪੱਖੋਂ ਬੜੇ ਸਖਤ ਸਨ। ਬੇਸ਼ੱਕ ਉਹਨਾਂ ਨੇ ਸਰਕਾਰੀ ਨੌਕਰੀ ਵੀ ਕੀਤੀ, ਪਰ ਆਪਣੀ ਅਣਖ ਅਤੇ ਗੈਰਤ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ। ਜਦੋਂ ਕਦੇ ਧਰਮ ਦੀ ਜਾਂ ਕੌਮ ਦੀ ਗੱਲ ਹੋਵੇ, ਉਥੇ ਵੱਡੇ ਤੋਂ ਵੱਡਾ ਚੈਲਿੰਜ ਵੀ ਕਬੂਲ ਕਰਨ ਦੀ ਹਿੰਮਤ ਅਤੇ ਦਲੇਰੀ ਵੀ ਅਕਾਲ ਪੁਰਖ ਨੇ ਦਿੱਤੀ ਹੋਈ ਸੀ।

ਸ. ਕਪੂਰ ਸਿੰਘ ਦੇ ਜੀਵਨ ਨਾਲ ਅਨੇਕਾਂ ਅਜਿਹੀਆਂ ਘਟਨਾਵਾਂ ਜੁੜੀਆਂ ਹੋਈਆਂ ਹਨ, ਜਿਹਨਾਂ ਨੂੰ ਪੜ੍ਹਕੇ ਅੱਜ ਵੀ ਲੂੰ ਕੰਡੇ ਖੜੇ ਹੋ ਜਾਂਦੇ ਹਨ। ਹੁਣ ਦੇ ਪਾਕਿਸਤਾਨ ਅਤੇ 1939 ਦੇ ਵਿਸ਼ਾਲ ਭਾਰਤ ਦੇ ਜਿਲਾ ਗੁਜਰਾਤ ਵਿਚ ਇੱਕ ਪਿੰਡ ਆਹਲਾ ਸੀ, ਜਿਥੇ ਨਾ ਮਾਤਰ ਸਿੱਖ ਰਹਿੰਦੇ ਸਨ ਅਤੇ ਉਹਨਾਂ ਨੇ ਚਾਰ ਵਾਰ ਗੁਰਦਵਾਰਾ ਬਣਾਉਣ ਦਾ ਉਦਮ ਕੀਤਾ, ਲੇਕਿਨ ਮੁਸਲਮਾਨਾਂ ਵੱਲੋਂ ਚਾਰ ਵਾਰ ਹੀ ਗੁਰਦਵਾਰਾ ਢਾਹ ਕੇ ਗ੍ਰੰਥੀ ਦਾ ਕਤਲ ਕਰਨ ਉਪਰੰਤ ਲਾਸ਼ਾਂ ਵੀ ਦਰਿਆ ਬੁਰਦ ਕਰ ਦਿੱਤੀਆਂ ਗਈਆਂ। ਅਚਾਨਕ ਹੀ 1939 ਵਿਚ ਸ. ਕਪੂਰ ਸਿੰਘ ਨੂੰ ਗੁਜਰਾਤ ਦਾ ਡਿਪਟੀ ਕਮਿਸ਼ਨਰ ਲਗਾ ਦਿੱਤਾ ਗਿਆ ਅਤੇ ਗੁਰਦਵਾਰੇ ਸਬੰਧੀ ਜਾਣਕਾਰੀ ਹਾਸਲ ਕਰਕੇ, ਇਸ ਮਰਦ ਦਲੇਰ ਨੇ ਆਹਲਾ ਪਿੰਡ ਦਾ ਦੌਰਾ ਰੱਖ ਦਿੱਤਾ, ਉਸ ਵੇਲੇ ਉਥੇ ਸਰ ਉਮਰ ਹਿਆਤ ਖਾਂ ਟਿਵਾਣਾ, ਜਿਹੜੇ 35000 ਏਕੜ ਜਮੀਨ ਦੇ ਮਾਲਿਕ ਅਤੇ ਵਾਇਸ ਰਾਇ ਦੀ ਐਗਜੈਕਟਿਵ ਕੌਂਸਲ ਦਾ ਮੈਂਬਰ ਸੀ ਅਤੇ ਉਸਦਾ ਪੁੱਤਰ ਖਿਜਰ ਹਿਆਤ ਮੰਤਰੀ ਵੀ ਸੀ, ਜਿਹੜਾ ਬਾਅਦ ਵਿਚ ਅਣਵੰਡੇ ਪੰਜਾਬ ਦਾ ਆਖਰੀ ਮੁੱਖ ਮੰਤਰੀ ਵੀ ਬਣਿਆ, ਉਮਰ ਹਿਆਤ ਖਾਂ ਵੀ ਪੰਜ ਛੇ ਸੌ ਮੁਸਲਮਾਨਾ ਨੂੰ ਨਾਲ ਲੈਕੇ ਗੁਰਦਵਾਰੇ ਦੀ ਉਸਾਰੀ ਦੇ ਸਬੰਧ ਵਿਚ ਸ. ਕਪੂਰ ਸਿੰਘ ਦੇ ਦੌਰੇ ਉੱਤੇ ਆਪਣਾ ਪੱਖ ਰੱਖਣ ਅਤੇ ਰੋਹਬ ਦਿਖਾਉਣ ਵਾਸਤੇ ਹਾਜਰ ਸੀ। ਦੂਜੇ ਪਾਸੇ ਤਿੰਨ ਕੁ ਸੌ ਹਿੰਦੂ ਸਿੱਖ ਵੀ ਬੈਠੇ ਸਨ।

ਆਪਣੀ ਵੱਡੀ ਹੈਸੀਅਤ ਅਤੇ ਬਹੁਗਿਣਤੀ ਕੌਮ ਦੇ ਹੰਕਾਰ ਵਿਚ ਉਮਰ ਹਿਆਤ ਖਾਂ ਨੇ ਬੜੇ ਹੀ ਰੁੱਖੇ ਲਹਿਜੇ ਅਤੇ ਆਪਣੀ ਪੁਸ਼ਤੈਨੀ ਬੋਲੀ ਵਿਚ ਕਿਹਾ ਕਿਠ ਉਹ ਚਾ ਮਾਂ ਨਹੀਂ ਸੂਈ, ਜਿਸ ਨੇ ਚਾ ਬੱਚਾ ਜਣਿਆ ਹੋਵੇ ਜੋ ਇਥੇ ਗੁਰਦਵਾਰਾ ਬਣਾ ਦੇਵੇਠ, ਉਮਰ ਹਿਆਤ ਦੀ ਦਹਿਸ਼ਤ ਭਰੀ ਸ਼ਬਦਾਵਲੀ ਸੁਣ ਕੇ ਸੰਨਾਟਾ ਛਾ ਗਿਆ। ਸ. ਕਪੂਰ ਸਿੰਘ ਨੇ ਆਲੇ ਦੁਆਲੇ ਸਹਿਮੇ ਹਿੰਦੂ ਸਿੱਖਾਂ ਦੇ ਚੇਹਰੇ ਤੱਕ ਕੇ, ਆਪਣੇ ਹੱਥ ਵਿਚ ਫੜਿਆ ਅਫਸਰਾਂ ਵਾਲਾ ਡੰਡਾ, ਤਿੰਨ ਵਾਰ ਆਪਣੀ ਮੇਜ਼ ਉੱਤੇ ਖੜਕਾਇਆ ਅਤੇ ਟਿਵਾਣੇ ਦੀ ਬੋਲੀ ਵਿਚ ਜਵਾਬ ਦਿੱਤਾ ਠ ਉਮਰ ਹਿਆਤ! ਜਿਸ ਮਾਂ ਕਾ ਤੂੰ ਚਾ ਜ਼ਿਕਰ ਕਰੇ ਉਸ ਮਾਂ ਨੂੰ ਬੱਚਾ ਦਿੱਤੇ ਨੂੰ ਤ੍ਰੀਹ ਸਾਲ ਗਏ ਨੇ, ਉਹ ਬੱਚਾ ਕਪੂਰ ਸਿੰਘ ਮੈਂ ਹਾਜਰ ਹਾ ਅਤੇ ਗੁਰਦਵਾਰਾ ਬਣਾਵਾਂਗਾ ਠ ਯੂ ਆਰ ਅੰਡਰ ਅਰੈਸਟ, ਆਪਣੇ ਘਰ ਸੁਨੇਹਾ ਭੇਜ ਦੇਹ, ਤੇਰੇ ਘਰ ਦੀ ਤਲਾਸ਼ੀ ਕਰਨੀ ਹੈ, ਤੇਰੀਆਂ ਬੇਗਮਾਂ ਜਿਹੜੀਆਂ ਪੜ੍ਹਦੇ ਵਿਚ ਰਹਿੰਦੀਆਂ ਹਨ, ਉਹਨਾਂ ਨੂੰ ਖਬਰ ਕਰਦੇ ਕਿ ਡਿਪਟੀ ਕਮਿਸ਼ਨਰ ਖੁਦ ਤਲਾਸ਼ੀ ਲੈਣ ਆ ਰਿਹਾ। ਜਿਹੜੇ ਤੂੰ ਹਥਿਆਰ ਛੁਪਾ ਕੇ ਰੱਖੇ ਹਨ ਬਰਾਮਦ ਕਰਨੇ ਹਨ। ਨਾਲ ਹੀ ਆਪਣੇ ਸਟੈਨੋ ਨੂੰ ਕਿਹਾ ਕਿ ਉਮਰ ਦੀ ਗ੍ਰਿਫਤਾਰੀ ਅਤੇ ਤਲਾਸ਼ੀ ਦਾ ਵਰੰਟ ਆਰਡਰ ਟਾਈਪ ਕਰ ਦਿਓ ਅਤੇ ਨਾਲ ਆਪਣਾ ਤਿੰਨ ਦਿਨ ਦਫਤਰ ਦਾ ਕੈਂਪ ਵੀ ਉਥੇ ਦੀ ਲਗਾ ਦਿੱਤਾ। ਇੱਕ ਪਾਸੇ ਤੰਬੂ ਵਿਚ ਅਖੰਡ ਪਾਠ ਆਰੰਭ ਕਰਕੇ ਗੁਰਦਵਾਰੇ ਦੀ ਉਸਾਰੀ ਆਰੰਭ ਕਰਵਾ ਦਿੱਤੀ ਅਤੇ ਇੱਕ ਤੰਬੂ ਵਿਚ ਆਪਣਾ ਦਫਤਰ ਤੇ ਰਹਾਇਸ਼ ਕਰ ਲਈ।

ਉਮਰ ਹਿਆਤ ਖਾਂ ਟਿਵਾਣਾ ਦੀ ਗ੍ਰਿਫਤਾਰੀ ਨੇ ਭਾਰਤ ਹਿਲਾ ਦਿੱਤਾ। ਗਵਰਨਰ ਜੈਨਕਿਨ ਨੇ ਸ. ਕਪੂਰ ਸਿੰਘ ਨਾਲ ਗੱਲ ਕੀਤੀ ਕਿ ਇਹ ਕੀਹ ਹੈ ਤਾਂ ਸ. ਸਾਹਿਬ ਨੇ ਕਿਹਾ ਮੈਂ ਜੋ ਕੀਤਾ ਅਮਨ ਕਾਨੂੰਨ ਸਾਬਤ ਰੱਖਣ ਵਾਸਤੇ ਕੀਤਾ ਹੈ ਤੁਸੀਂ ਵੱਡੀ ਕੁਰਸੀ ਉੱਤੇ ਹੋ ਇਸ ਹੁਕਮ ਨੂੰ ਰੱਦ ਕਰ ਸਕਦੇ ਹੋ, ਲੇਕਿਨ ਜਦੋਂ ਗਵਰਨਰ ਨੇ ਭਾਰਤ ਦੇ ਵਾਇਸ ਰਾਇ ਲਾਰਡ ਲਿਨ ਲਿਥ ਗੋ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਸ ਨੇ ਗਵਰਨਰ ਨੂੰ ਕਿਹਾ ਕਿ ਅਮਨ ਕਾਨੂੰਨ ਦੇ ਮਾਮਲੇ ਵਿਚ ਤੁਹਾਡਾ ਸਾਡਾ ਦਖਲ ਗਲਤ ਹੈ ਤਾਂ ਟਿਵਾਣੇ ਦੀ ਰਿਹਾਈ ਦੇ ਰਸਤੇ ਬੰਦ ਹੋ ਗਏ। ਲੇਕਿਨ ਗੁਰਦਵਾਰਾ ਬਣਾ ਲੈਣ ਤੋਂ ਬਾਅਦ ਸ. ਕਪੂਰ ਸਿੰਘ ਨੇ ਆਪਣਾ ਆਰਡਰ ਖੁਦ ਹੀ ਨਵੇ ਸਿਰ ਤੋਂ ਕਰਕੇ ਟਿਵਾਣਾ ਦੀ ਰਿਹਾਈ ਵੀ ਕਰ ਦਿੱਤੀ। ਕੀਹ ਅੱਜ ਦੇ ਕਿਸੇ ਸਿੱਖ ਅਫਸਰ ਜਾਂ ਮੰਤਰੀ ਸੰਤਰੀ ਕੋਲ ਅਜਿਹਾ ਜਿਗਰ ਗੁਰਦਾ ਹੈ ਕਿ ਧਰਮ ਜਾਂ ਕੌਮ ਦੇ ਮਸਲੇ ਉੱਤੇ ਕਿਸੇ ਵੱਡੇ ਸਿਆਸੀ ਪਰਬਤ ਨਾਲ ਮੱਥਾ ਲਾ ਲੈਣ। ਅਜੋਕੇ ਸਿੱਖ ਡਿਪਟੀ ਕਮਿਸ਼ਨਰ ਤਾਂ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਦੀ ਇਜਾਜ਼ਤ ਤੇ ਦਸਤਖਤ ਕਰ ਦਿੰਦੇ ਹਨ ਅਤੇ ਸਿੱਖ ਪੁਲਿਸ ਅਫਸਰਾਂ ਨੇ ਹਜ਼ਾਰਾਂ ਬੇਦੋਸ਼ੇ ਸਿੱਖ ਬਚਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਹੈ।

ਉਹਨਾ ਦੇ ਜੀਵਨ ਨਾਲ ਜੁੜੀ ਇੱਕ ਹੋਰ ਘਟਨਾ 1945 ਵਿਚ ਸ. ਕਪੂਰ ਸਿੰਘ ਡਿਪਟੀ ਕਮਿਸ਼ਨਰ ਗੁੜਗਾਓਂ ਲੱਗੇ ਹੋਏ ਸਨ ਅਤੇ ਉਥੇ ਹੀ ਪੰਥਕ ਕਮੇਟੀ ਦੇ ਮੁਖੀ ਡਾਕਟਰ ਸੋਹਣ ਸਿੰਘ ਵੀ ਐਸ.ਐਮ.ਓ. ਲੱਗੇ ਹੋਏ ਸਨ, ਉਸ ਇਲਾਕੇ ਪਲਵਲ ਅਤੇ ਨੂੰਹ ਦੇ ਨਵਾਬਾਂ ਨੇ ਡਾਕਟਰ ਸੋਹਣ ਸਿੰਘ ਨਾਲ ਰੰਜਸ਼ ਹੋਣ ਕਰਕੇ, ਉਹਨਾਂ ਨੂੰ ਫੜ੍ਹਕੇ ਮੂੰਹ ਕਾਲਾ ਕਰਕੇ, ਖੋਤੇ ਉੱਤੇ ਬਿਠਾ ਕੇ ਸ਼ਹਿਰ ਵਿਚ ਘੁੰਮਾਇਆ। ਸ.ਕਪੂਰ ਸਿੰਘ ਉਸ ਦਿਨ ਛੁਟੀ ਗਏ ਹੋਏ ਸਨ, ਸ. ਕਪੂਰ ਸਿੰਘ ਅਤੇ ਡਾਕਟਰ ਸੋਹਣ ਸਿੰਘ ਦੋਹੇ ਮਿੱਤਰ ਵੀ ਸਨ, ਜਦੋਂ ਵਾਪਿਸ ਆਉਣ ਉੱਤੇ ਸੋਹਣ ਸਿੰਘ ਨੇ ਆਪਣਾ ਦੁੱਖ ਰੋਇਆ ਤਾਂ ਸ. ਕਪੂਰ ਸਿੰਘ ਨੇ ਸਾਰੇ ਨਵਾਬਾਂ ਨੂੰ ਫੜ੍ਹਕੇ ਥਾਣੇ ਬੁਲਾ ਲਿਆ ਅਤੇ ਖੁਦ ਕੁਰਸੀ ਡਾਹਕੇ ਡਾਕਟਰ ਸੋਹਣ ਸਿੰਘ ਨੂੰ ਵੀ ਨਾਲ ਥਾਣੇ ਬਿਠਾ ਲਿਆ। ਇਹਨਾਂ ਨਵਾਬਾਂ ਨੂੰ ਘੱਗਰੀਆਂ ਪਵਾਕੇ ਅਤੇ ਹਰਮੋਨੀਅਮ ਤੇ ਢੋਲਕੀ ਵਜਾਉਣ ਵਾਲੇ ਬੁਲਾ ਕੇ, ਜੁੱਤੀਆਂ ਮਾਰ ਮਾਰ ਕੇ ਨਚਾਇਆ ਅਤੇ ਸਾਰਿਆਂ ਨੇ ਡਾਕਟਰ ਸੋਹਣ ਸਿੰਘ ਤੋਂ ਮਾਫ਼ੀ ਮੰਗਕੇ ਰਾਜ਼ੀ ਨਾਮਾ ਕੀਤਾ। ਪਰ ਅੱਜ ਦਾ ਮੁੱਖ ਮੰਤਰੀ ਬਾਪੂ ਸੂਰਤ ਸਿੰਘ ਦੇ ਹੱਕ ਵਿਚ ਹਾਅ ਦਾ ਨਾਹਰਾ ਵਾਲੇ ਮਾਰਨ ਸ. ਜਸਪਾਲ ਸਿੰਘ ਹੇਰਾਂ ਸਮੇਤ ਬਹੁਤ ਸਾਰੇ ਪੰਥ ਦਰਦੀਆਂ ਨੂੰ ਥਾਣੇ ਬਿਠਾ ਕੇ ਬੇਇਜ਼ਤ ਕਰ ਰਿਹਾ ਹੈ।

ਸ. ਕਪੂਰ ਸਿੰਘ ਦੀ ਪੰਥ ਪ੍ਰਸਤੀ ਅਤੇ ਦਲੇਰੀ ਦੀ ਦਾਸਤਾਨ ਬਹੁਤ ਲੰਬੇਰੀ ਹੈ, ਅਖਬਾਰ ਦਾ ਇੱਕ ਪੰਨਾਂ ਕਾਫੀ ਨਹੀਂ, ਪਰ ਕੁਝ ਉਹ ਜਿਕਰਯੋਗ ਗੱਲਾਂ ਜਿਹੜੀਆਂ ਅੱਜ ਦੀ ਸਾਡੀ ਹਾਲਤ ਉੱਤੇ ਲਾਹਨਤਾਂ ਪਾਉਂਦੀਆਂ ਹਨ, ਉਸ ਮਰਦ ਨੂੰ ਜਨਮ ਦਿਨ ਉੱਤੇ ਯਾਦ ਕਰਦਿਆਂ ਸ਼ਰਧਾਂਜਲੀ ਵਜੋਂ ਹੀ ਪੇਸ਼ ਕੀਤੀਆਂ ਹਨ। ਆਪ ਜੀ ਤੁਰਲੇ ( ਫਰਲੇ) ਵਾਲੀ ਦਸਤਾਰ ਸਜਾਉਂਦੇ ਸਨ। ਕਿਸੇ ਨੇ ਸੁਭਾਵਕ ਹੀ ਆਖ ਦਿੱਤਾ ਤੁਸੀਂ ਤੁਰਲੇ ਵਾਲੀ ਪੱਗ ਕਿਉਂ ਬੰਨ•ਦੇ ਹੋ ਤਾਂ ਬੜੇ ਹਰਖ ਨਾਲ ਜਵਾਬ ਦਿੱਤਾ ਓਏ ਤੈਨੂੰ ਕੀਹ ਪਤਾ ਹੈ ਇਹ ਤਾਂ ਸਿੱਖਾਂ ਦੇ ਰਾਜ ਭਾਗ ਦਾ ਸਿੰਬਲ ਹੈ। ਆਪ ਜੀ ਨੂੰ ਗੁਜਰਾਤ, ਗੁੜਗਾਓਂ, ਕਰਨਾਲ, ਕਾਂਗੜਾ ਅਤੇ ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਰਹਿਣ ਦਾ ਮੌਕਾ ਮਿਲਿਆ, ਪਰ ਕਦੇ ਵੀ ਕਿਸੇ ਸਿੱਖ ਬਹੁਗਿਣਤੀ ਵਾਲੇ ਜਿਲੇ ਵਿਚ ਜਗਾ ਨਹੀਂ ਮਿਲੀ, 1947 ਵਿਚ ਆਜ਼ਾਦੀ ਮਿਲਣ ਵੇਲੇ ਆਪ ਜੀ ਡੀ.ਸੀ .ਕਾਂਗੜਾ ਸਨ, ਪਰ ਹਕੂਮਤ ਨੇ ਫਰਜ਼ੀ ਸ਼ਕਾਇਤਾਂ ਦੇ ਅਧਾਰ ਉੱਤੇ ਹੁਸ਼ਿਆਰਪੁਰ ਬਦਲੀ ਕਰ ਦਿੱਤੀ, ਜਿਥੇ 13 ਅਪ੍ਰੈਲ 1949 ਦੀ ਵਿਸਾਖੀ ਵਾਲੇ ਦਿਨ ਜਦੋਂ ਗੋਪੀ ਚੰਦ ਭਾਰਗਵ ਹਟਿਆ ਅਤੇ ਭੀਮ ਸੈਨ ਸੱਚਰ ਮੁੱਖ ਮੰਤਰੀ ਬਣਿਆਂ ਤਾਂ ਸ. ਕਪੂਰ ਸਿੰਘ ਨੂੰ ਮੁਅੱਤਲ ਕਰ ਦਿੱਤਾ। ਪੰਜਾਬ ਹਾਈ ਕੋਰਟ ਦੇ ਜੱਜ ਐਰਿਨ ਵਾਟਸਨ ਨੂੰ ਇਹ ਲਾਲਚ ਦੇ ਕੇ ਕਿ ਤੈਨੂੰ ਸੁਪ੍ਰੀਮ ਕੋਰਟ ਦਾ ਜੱਜ ਬਣਾ ਦਿੱਤਾ ਜਾਵੇਗਾ, ਸ. ਕਪੂਰ ਸਿੰਘ ਦੇ ਖਿਲਾਫ਼ ਫੈਸਲਾ ਕਰਵਾ ਲਿਆ। ਫਿਰ ਗਿਆਰਾਂ ਸਾਲ ਬਾਅਦ ਮੇਹਰ ਚੰਦ ਮਹਾਜਨ ਜਿਹੜਾ 1954 ਵਿੱਚ ਸੁਪ੍ਰੀਮ ਕੋਰਟ ਦਾ ਮੁੱਖ ਜੱਜ ਬਣਿਆ ਸੀ, ਨੇ ਬਿਨਾਂ ਕੇਸ ਦੀ ਫਾਇਲ ਪੜੇ ਸਿਰਫ ਇੱਕ ਸਬਦ ਲਿਖ ਕੇ ਠ ਡਿਸਮਿਸ ਠ ਸ. ਕਪੂਰ ਸਿੰਘ ਨੂੰ ਸਦਾ ਵਾਸਤੇ ਨੌਕਰਿਓ ਕਢ ਦਿੱਤਾ।

ਸ. ਕਪੂਰ ਸਿੰਘ ਫਰਵਰੀ 1962 ਵਿਚ ਲੁਧਿਆਣਾ ਹਲਕੇ ਤੋਂ ਹਿੰਦੋਸਤਾਨ ਟਾਈਮਜ਼ ਅਖਬਾਰ ਦੇ ਬਾਨੀ ਸ. ਮੰਗਲ ਸਿੰਘ ਗਿੱਲ ਨੂੰ ਹਰਾ ਕੇ ਲੋਕਸਭਾ ਦੇ ਮੈਂਬਰ ਬਣੇ ਅਤੇ ਅੱਜ ਤੱਕ ਸਿੱਖ ਮਸਲਿਆਂ ਉੱਤੇ ਬੋਲਣ ਵਿਚ ਉਹਨਾਂ ਦਾ ਰਿਕਾਰਡ ਕੋਈ ਸਿਖ ਐਮ.ਪੀ. ਨਹੀਂ ਤੋੜ ਸਕਿਆ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਸਕੱਤਰ ਹੋਣ ਦੇ ਨਾਤੇ ਸ.ਕਪੂਰ ਸਿੰਘ ਨੇ 1965 ਵਿਚ ਭਾਰਤ ਵੱਲੋਂ ਜੰਗ ਵਿਚ ਹਾਰਨ ਕਰਕੇ, ਨਹਿਰੂ ਸਰਕਾਰ ਦੇ ਖਿਲਾਫ਼ ਬੇਭਰੋਸਗੀ ਦਾ ਮਤਾ ਪੇਸ਼ ਕਰਦਿਆਂ ਕਿਹਾ ਕਿ ਮਹਾਨ ਸਿੱਖ ਜਰਨੈਲ ਜਰਨਲ ਜੋਰਾਵਰ ਸਿੰਘ ਕਹਿਲੂਰੀਆ ਵੱਲੋਂ ਵੱਡੀ ਜੱਦੋ ਜਹਿਦ ਕਰਕੇ ਸਿੱਖ ਸਾਮਰਾਜ ਵਿਚ ਸ਼ਾਮਲ ਕੀਤੇ ਤਿੱਬਤ ਅਤੇ ਲਾਸ ਦੇ ਇਲਾਕੇ ਅੱਜ ਇਸ ਪੰਡਿਤ ਨੇ ਗਵਾ ਦਿੱਤੇ ਹਨ। ਇਸ ਤੋਂ ਬਾਅਦ ਸ. ਕਪੂਰ ਸਿੰਘ ਨੇ ਕਪੂਰ ਸਿੰਘ ਨਸਰਾਲੀ, ਜਿਹੜਾ ਕਿ 1937 ਵਿਚ ਐਮ.ਐਲ.ਏ. 1947 ਵਿਚ ਸਪੀਕਰ 1952 ਤੋਂ 12 ਸਾਲ ਵਿਧਾਨ ਪਰਿਸ਼ਦ ਵਿਚ ਅਤੇ 1964 ਤੋਂ 1967 ਤੱਕ ਵਿੱਤ ਮੰਤਰੀ ਰਿਹਾ ਨੂੰ, ਸਮਰਾਲਾ ਹਲਕੇ ਤੋਂ ਹਰਾਕੇ ਐਮ.ਐਲ.ਏ. ਬਣੇ।

ਗੁਰਦਵਾਰਾ ਸਬਜ਼ੀ ਮੰਡੀ ਲੁਧਿਆਣਾ ਵਿਖੇ 4 ਜੁਲਾਈ 1965 ਨੂੰ ਜਰਨਲ ਹਰੀ ਸਿੰਘ ਨਲੂਆ ਕਾਨਫਰੰਸ ਕਰਵਾਕੇ ਸਿੱਖ ਹੋਮਲੈਂਡ ਦਾ ਮਤਾ ਪਾਸ ਕਰਨ ਦੀ ਵਿਉਂਤਬੰਦੀ ਕੀਤੀ, ਜਿਸ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਨੇ ਕਰਨੀ ਸੀ ਅਤੇ ਮਤਾ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ ਪੇਸ਼ ਕਰਨਾ ਸੀ, ਲੇਕਿਨ ਮਾਸਟਰ ਜੀ ਨੇ ਉਸ ਦਿਨ ਬਿਮਾਰੀ ਦਾ ਬਹਾਨਾ ਬਣਾ ਲਿਆ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਇੱਕ ਦਿਨ ਪਹਿਲਾਂ ਹੀ ਇਟਲੀ ਦੇ ਰਾਜਦੂਤ ਬਣਕੇ ਚਾਲੇ ਪਾ ਗਏ ਤਾਂ ਸ. ਕਪੂਰ ਸਿੰਘ ਨੇ ਆਪਣਾ ਹਠ ਪਗਾਉਂਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਭੁਪਿੰਦਰ ਸਿੰਘ ਦੀ ਪ੍ਰਧਾਨਗੀ ਵਿਚ ਖੁਦ ਸਿੱਖ ਹੋਮਲੈਂਡ ਦਾ ਮਤਾ ਪੇਸ਼ ਕਰਕੇ ਸ. ਧੰਨਾ ਸਿੰਘ ਗੁਲਸ਼ਨ ਤੋਂ ਤਾਇਦ ਕਰਵਾ ਦਿੱਤੀ। ਇਹ ਉਹਨਾ ਦੀ ਕੌਮ ਪ੍ਰਸਤੀ ਦੀ ਇੱਕ ਮਿਸਾਲ ਹੈ, 1973 ਵਾਲਾ ਅਨੰਦਪੁਰ ਸਾਹਿਬ ਦਾ ਮਤਾ ਵੀ ਸ. ਕਪੂਰ ਸਿੰਘ ਨੇ ਹੀ ਲਿਖਿਆ ਸੀ।

ਸ. ਕਪੂਰ ਸਿੰਘ ਨੇ ਪੰਥਕ ਏਕਤਾ ਵਾਸਤੇ ਮਾਸਟਰ ਅਤੇ ਸੰਤ ਦਲਾਂ ਸੁਲਾਹ ਕਰਵਾਉਣ ਲਈ ਨੌਂ ਮੈਂਬਰੀ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਮੋਹਨ ਸਿੰਘ ਤੁੜ,ਜਥੇਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਜਥੇਦਾਰ ਉਜਾਗਰ ਸਿੰਘ ਉਲਫਤ ਸੰਤ ਦਲ ਵੱਲੋਂ ਅਤੇ ਮਾਸਟਰ ਦਲ ਵੱਲੋਂ ਸ. ਕਪੂਰ ਸਿੰਘ, ਸ. ਹਰਗੁਰਨਾਦ ਸਿੰਘ, ਸ. ਕਿਰਪਾਲ ਸਿੰਘ ਚੱਕ ਸ਼ੇਰੇਵਾਲਾ ਅਤੇ ਜਥੇਦਾਰ ਸੰਤੋਖ ਸਿੰਘ ਦਿੱਲੀ ਅਤੇ ਆਲ ਇੰਡੀਆਂ ਸਿਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਸ. ਜਸਵੰਤ ਸਿੰਘ ਮਾਨ ਉਤੇ ਅਧਾਰਤ ਬਣਾਕੇ ਦੋਹਾਂ ਦਲਾਂ ਦੀ ਸੁਲਾਹ ਨੂੰ ਨੇਪਰੇ ਚਾੜ੍ਹਿਆ, ਜਿਸ ਵਿਚ ਸੰਤ ਫਤਿਹ ਸਿੰਘ ਪ੍ਰਧਾਨ , ਸ.ਕਪੂਰ ਸਿੰਘ ਸੀਨੀਅਰ ਮੀਤ ਪ੍ਰਧਾਨ, ਜਥੇਦਾਰ ਮੋਹਨ ਸਿੰਘ ਤੁੜ ਮੀਤ ਪ੍ਰਧਾਨ ਸ. ਆਤਮਾ ਸਿੰਘ ਅਤੇ ਜਥੇਦਾਰ ਉਮਰਾਨੰਗਲ ਨੂੰ ਜਰਨਲ ਸਕੱਤਰ ਅਤੇ ਸ. ਕਸ਼ਮੀਰ ਸਿੰਘ ਪੱਟੀ ਸਮੇਤ ਕੁਝ ਅੰਤ੍ਰਿੰਗ ਮੈਂਬਰ ਬਣਾਏ।

ਸ. ਕਪੂਰ ਸਿੰਘ ਇੱਕ ਚੰਗੇ ਲੇਖਕ ਵੀ ਸਨ। ਜਿਹਨਾਂ ਨੇ ਹਰ ਗਰਮੀ ਸਰਦੀ ਦਾ ਕਲਮ ਨਾਲ ਵੀ ਜਵਾਬ ਦਿੱਤਾ। ਸ. ਬਹਾਦਰ ਦੇ ਇੱਕ ਦੋਸਤ ਸੋਹਣ ਲਾਲ ਪਰਾਸ਼ਰ ਜਿਹੜੇ ਰੋਜ਼ ਸ਼ਾਮ ਨੂੰ ਸ਼ਿਮਲੇ ਵਿਖੇ ਇਕਠੇ ਸੈਰ ਕਰਦੇ ਸਨ, ਪਰਾਸ਼ਰ ਨੇ ਇੱਕ ਦਿਨ ਸਵਾਲ ਕਰ ਦਿੱਤਾ ਕਿ ਸ. ਸਾਹਿਬ ਹਿੰਦੂ ਅਤੇ ਸਿੱਖ ਵਿਚ ਕੀਹ ਫਰਕ ਹੈ ਤਾਂ ਸ. ਕਪੂਰ ਸਿੰਘ ਨੇ "ਪਰਾਸ਼ਰ ਪ੍ਰਸ਼ਨਾ" ਇੱਕ ਕਿਤਾਬ ਲਿਖ ਕੇ ਉਸਦਾ ਉੱਤਰ ਦਿਤਾ ਤਾਂ ਕਿ ਸਦੀਆਂ ਤੱਕ ਵੀ ਜੇ ਕਿਸੇ ਨੂੰ ਭੁਲੇਖਾ ਹੋਵੇ ਤਾਂ ਪੜ੍ਹ ਸਕੇਗਾ। ਇਸ ਤੋਂ ਇਲਾਵਾ ਸਪਤ ਸ੍ਰਿੰਗ, ਬਹੁ ਵਿਸਤਾਰ ਅਤੇ ਸਾਚੀ ਸਾਖੀ ਕਿਤਾਬਾਂ ਵੀ ਕੌਮ ਦੀ ਝੋਲੀ ਪਾਈਆਂ। ਹੋਰ ਵੀ ਬਹੁਤ ਜਾਣਕਾਰੀਆ ਉਹਨਾਂ ਨਾਲ ਰਹੇ ਸ. ਕਸ਼ਮੀਰ ਸਿੰਘ ਪੱਟੀ, ਸ.ਜਸਵੰਤ ਸਿੰਘ ਮਾਨ ਅਤੇ ਸ. ਗੁਰਤੇਜ ਸਿੰਘ ਆਈ.ਏ.ਐਸ ਪਾਸੋਂ ਮਿਲਦੀਆਂ ਹਨ। ਲੇਕਿਨ ਇਹਨਾਂ ਸੱਜਣਾ ਅਨੁਸਾਰ ਉਹ ਅਖੀਰਲੇ ਦਿਨਾਂ ਵਿਚ ਸਿੱਖਾਂ ਦੀ ਹਾਲਤ ਉੱਤੇ ਦੁਖੀ ਹੋ ਕੇ ਕਦੇ ਕਦੇ ਸਫਰ ਕਰਦਿਆਂ ਬੱਸ ਵਿਚ ਬੈਠੇ ਵੀ ਆਪ ਮੁਹਾਰੇ ਹਾਉਂਕਾ ਲੈ ਕੇ ਬੋਲ ਜਾਂਦੇ ਸਨ ਠ ਓਹ ਕੀਹ ਕਰਾਂ ਕਿੱਧਰ ਜਾਵਾਂ ਠ

ਅਜਾਦ ਭਾਰਤ ਵਿਚ ਸ. ਕਪੂਰ ਸਿੰਘ ਜਗਰਾਓਂ ਸ਼ਹਿਰ ਦੇ ਨਾਲ ਕੋਠੇ ਖਾਜਾ ਬਾਜੂ ਵਿਖੇ ਰਹੇ, 1960 ਵਿਚ ਪ੍ਰੋਫੈਸਰ ਆਫ਼ ਸਿੱਖ ਇਜ਼ਮ, ਖਾਲਸਾ ਕਾਲਿਜ਼ ਬੌਬੇ, 1973 ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨ ਹੁੰਦਿਆਂ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖ ਇਜਮ ਦੀ ਉਪਾਧੀ ਦਾ ਸਨਮਾਨ ਪ੍ਰਾਪਤ ਕਰਨ ਵਾਲਾ ਮੇਰੀ ਕੌਮ ਦਾ ਇਹ ਸ਼ਾਹ ਅਸਵਾਰ, ਇਥੇ ਹੀ ਅਗਸਤ 1986 ਵਿਚ ਅਕਾਲ ਚਲਾਣਾ ਕਰ ਗਿਆ। ਪੰਜਾਬ ਵਿਚ ਸ. ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਹੋਣ ਦੇ ਬਾਵਜੂਦ, ਲੋਕ ਸਭਾ ਅਤੇ ਵਿਧਾਨਸਭਾ ਦਾ ਮੈਂਬਰ ਰਹਿਣ ਵਾਲੇ ਇੱਕ ਨਿਧੜਕ ਸਿੱਖ ਜਰਨੈਲ ਦੇ ਸਿਵੇ ਤੇ ਕੋਈ ਤਹਿਸੀਲ ਪੱਧਰ ਦਾ ਅਧਿਕਾਰੀ ਵੀ ਨਾ ਪਹੁੰਚਿਆ, ਹਥਿਆਰ ਉਲਟੇ ਕਰਕੇ ਸਲਾਮੀ ਤਾਂ ਕਿਸੇ ਨੇ ਕੀਹ ਦੇਣੀ ਸੀ। ਅੱਜ ਅਜਿਹੇ ਸਿਰਦਾਰ ਨੂੰ ਯਾਦ ਕਰਕੇ ਅੱਜ ਦੇ ਫਖਰ-ਏ-ਕੌਮ ਵੱਲ ਤੱਕਦਿਆਂ ਕੌਮ ਉੱਤੇ ਵੀ ਗਿਲਾ ਆਉਂਦਾ ਹੈ, ਦਿਲ ਆਵਾਜ਼ਾਂ ਮਾਰਦਾ ਹੈ, ਪਰ ਕਿੱਥੋਂ ਲੱਭ ਲਿਆਵਾਂ ਸ. ਕਪੂਰ ਸਿੰਘ ਵਰਗੇ ਸਿਰਦਾਰ ਨੂੰ..? ਗੁਰੂ ਰਾਖਾ !!

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਸੋਹਣ ਸਿੰਘ ਸ਼ੀਤਲ

ਲੜੀਵਾਰ ਕਿਸ਼ਤ 47

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

3. ਰਾਜ ਪਰਬੰਧ ਚਲਾਉਣ ਵੇਲੇ ਲੋਕਾਂ ਦੇ ਧਰਮ, ਕੌਮੀ ਰਸਮੋ ਰਿਵਾਜ ਤੇ ਹਰ ਇਕ ਕੌਮ ਦੇ ਹਰ ਤਰ੍ਹਾਂ ਦੇ ਹੱਕਾਂ ਦਾ ਖ਼ਾਸ ਖ਼ਿਆਲ ਰਖਿਆ ਜਾਵੇਗਾ।
4. ਰਾਜ ਪਰਬੰਧ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਕੀਤੀ ਜਾਵੇਗੀ, ਬਿਨਾਂ ਉਸਦੇ, ਜੇ ਲੋੜ ਪਈ 'ਤੇ ਉੱਪਰ ਲਿਖੇ ਕਾਰਜ ਨੂੰ ਚਲਾਉਣ ਬਦਲੇ ਕੀਤਾ ਜਾਵੇ, ਜੋ ਪਰਬੰਧ ਲਾਹੌਰ ਦਰਬਾਰ ਦਾ ਮਾਮਲਾ ਕੱਠਾ ਕਰਨ ਬਦਲੇ ਕੀਤਾ ਜਾਊ। ਇਹਨਾਂ ਸਾਰੇ ਕੰਮਾਂ ਉੱਤੇ ਓਹੋ ਦੋਸ਼ੀ ਅਫ਼ਸਰ ਰਹਿਣਗੇ, ਜੋ
ਹੁਣ ਕੰਮ ਕਰਦੇ ਹਨ, ਜਾਂ ਜਿਹੜੇ ਰਾਜ ਸਭਾ (ਰੀਜੈਂਸੀ ਕੌਂਸਲ) ਥਾਪੇਗੀ। ਇਸ ਕੌਂਸਲ ਦੇ ਮੈਂਬਰ ਵੱਡੇ ਵੱਡੇ ਸਰਦਾਰ ਹੋਣਗੇ, ਜੋ ਹਰ ਤਰ੍ਹਾਂ ਅੰਗਰੇਜ਼ੀ ਰੈਜ਼ੀਡੈਂਟ ਦੇ ਮਾਤਹਿਤ ਹੋਣਗੇ।
5. ਹੇਠ ਲਿਖੇ ਸਰਦਾਰ ਕੌਂਸਲ ਦੇ ਮੈਂਬਰ ਹੋਣਗੇ : ਸ: ਤੇਜ ਸਿੰਘ, ਰਾ ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ ਦੀਨ, ਸ: ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ: ਅਤਰ ਸਿੰਘ ਕਾਲਿਆਂ ਵਾਲਾ ਤੇ ਸ: ਸ਼ਮਸ਼ੇਰ ਸਿੰਘ ਸੰਧਾਵਾਲੀਆ। ਗਵਰਨਰ-ਜੈਨਰਲ ਦੇ ਬਣਾਏ ਹੋਏ ਰੈਜ਼ੀਡੈਂਟ ਦੀ ਮਰਜ਼ੀ ਤੋਂ ਬਿਨਾਂ ਉਹਨਾਂ ਥਾਪੇ ਹੋਏ (ਨਾਮਜ਼ਦ) ਮੈਂਬਰਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ।
6. ਅੰਗਰੇਜ਼ੀ ਰੈਜ਼ੀਡੈਂਟ ਦੀ ਸਲਾਹ ਤੇ ਮਰਜ਼ੀ ਅਨੁਸਾਰ ਇਹ ਕੌਂਸਲ ਮੁਲਕ ਦਾ ਰਾਜ-ਪਰਬੰਧ ਕਰੇਗੀ ਤੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਹਰ ਮਹਿਕਮੇ ਵਿਚ ਹਰ ਤਰ੍ਹਾਂ ਦੇ ਪੂਰੇ ਅਖ਼ਤਿਆਰ ਹੋਣਗੇ।
7. ਇਕ ਅੰਗਰੇਜ਼ੀ ਫ਼ੌਜ-ਜਿੰਨੀ ਗਿਣਤੀ ਵਿਚ ਤੇ ਜਿਸ ਹਾਲ ਵਿਚ ਗਵਰਨਰ-ਜਨਰਲ ਠੀਕ ਸਮਝੇ-ਲਾਹੌਰ ਰਹੇਗੀ, ਜੋ ਮਹਾਰਾਜੇ ਤੇ ਉਸਦੇ ਮੁਲਕ ਦੀ ਰੱਖਿਆ ਕਰੇਗੀ।
8. ਗਵਰਨਰ-ਜੈਨਰਲ ਨੂੰ ਪੂਰਾ ਅਖ਼ਤਿਆਰ ਹੋਵੇਗਾ, ਕਿ ਲਾਹੌਰ ਰਾਜ ਦੇ ਜਿਸ ਕਿਲ੍ਹੇ 'ਚ ਚਾਹਵੇ, ਕਬਜ਼ਾ ਕਰ ਲਵੇ, ਜਿਸ ਉੱਤੇ ਕਬਜ਼ਾ ਕਰਨਾ ਅੰਗਰੇਜ਼ੀ ਸਰਕਾਰ



ਲਾਹੌਰ ਸ਼ਹਿਰ ਤੇ ਏਸ ਮੁਲਕ ਵਿਚ ਅਮਨ ਕਾਇਮ ਰਖਣ ਬਦਲੇ ਜ਼ਰੂਰੀ ਸਮਝੇ।
9. ਲਾਹੌਰ ਦਰਬਾਰ ਅੰਗਰੇਜ਼ੀ ਸਰਕਾਰ ਨੂੰ 22 ਲੱਖ ਰੁਪੈ-ਨਾਨਕ ਸ਼ਾਹੀ-ਸਾਲਾਨਾ ਦੇਵੇਗਾ, ਤਾਂ ਜੋ ਅੰਗਰੇਜ਼ੀ ਫ਼ੌਜ ਆਦਿ ਦਾ ਖ਼ਰਚ ਪੂਰਾ ਹੋ ਸਕੇ। ਇਹ ਰਕਮ ਸਾਲ ਵਿਚ ਦੋ ਵਾਰ ਕਰਕੇ 13 ਲੱਖ 20 ਹਜ਼ਾਰ ਮਈ ਜਾਂ ਜੂਨ ਵਿਚ ਤੇ 8 ਲੱਖ 80 ਹਜ਼ਾਰ ਨਵੰਬਰ ਜਾਂ ਦਸੰਬਰ ਵਿਚ ਦੇਣੀ ਪਵੇਗੀ।
10. ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੂੰ ਉਸਦੇ ਤੇ ਉਹਦੇ ਨੌਕਰਾਂ ਦੇ ਗੁਜ਼ਾਰੇ ਵਾਸਤੇ ਡੇਢ ਲੱਖ ਰੁਪਇਆ ਸਾਲਾਨਾ ਦਿੱਤਾ ਜਾਇਆ ਕਰੇਗਾ। ਇਸ ਰੁਪੈ ਨੂੰ ਖ਼ਰਚਣ ਦਾ ਮਹਾਰਾਣੀ ਨੂੰ ਪੂਰਾ ਅਖ਼ਤਿਆਰ ਹੋਵੇਗਾ।
11. ਇਸ ਅਹਿਦਨਾਮੇ ਦੀਆਂ ਸ਼ਰਤਾਂ ਮਹਾਰਾਜੇ ਦੀ ਬਾਲ ਅਵਸਥਾ (ਨਾਬਾਲ਼ਗੀ) ਵਿਚ ਹੀ ਲਾਗੂ ਹੋਣਗੀਆਂ। 4 ਸਤੰਬਰ, 1854 ਈ। ਨੂੰ ਜਦ ਮਹਾਰਾਜਾ 16 ਸਾਲ ਦਾ ਹੋ ਜਾਵੇਗਾ, ਇਹ ਅਹਿਦਨਾਮਾ ਮੁਕ ਜਾਵੇਗਾਫ਼ ਮਗਰ ਗਵਰਨਰ-ਜੈਨਰਲ ਨੂੰ ਮਹਾਰਾਜੇ ਦੇ ਜੁਆਨ (16 ਸਾਲ ਦਾ) ਹੋਣ ਤੋਂ ਪਹਿਲਾਂ ਵੀ ਅਹਿਦਨਾਮਾ ਖ਼ਤਮ ਕਰ ਦੇਣ ਦੀ ਆਗਿਆ ਹੋਵੇਗੀ, ਪਰ ਅਜਿਹਾ ਓਦੋਂ ਹੀ ਕੀਤਾ ਜਾਵੇਗਾ, ਜਦੋਂ ਲਾਹੌਰ ਦਰਬਾਰ ਤੇ ਗਵਰਨਰ-ਜੈਨਰਲ ਨੂੰ ਪੂਰੀ ਤਸੱਲੀ ਹੋ ਜਾਵੇਗੀ, ਕਿ ਹੁਣ ਅੰਗਰੇਜ਼ੀ ਸਰਕਾਰ ਦੇ ਦਖ਼ਲ ਤੋਂ ਬਿਨਾਂ ਮਹਾਰਾਜਾ ਦਲੀਪ ਸਿੰਘ ਦਾ ਰਾਜ ਪਰਬੰਧ ਚਲ ਸਕਦਾ ਹੈ।

ਇਹ ਅਹਿਦਨਾਮਾ-ਜਿਸ ਵਿਚ 11 ਸ਼ਰਤਾਂ ਹਨ-16 ਦਸੰਬਰ, 1846 ਈ, ਨੂੰ ਲਾਹੌਰ ਵਿਚ, ਸਰਦਾਰਾਂ, ਅਮੀਰਾਂ ਤੇ ਅਫ਼ਸਰਾਂ-ਜਿਨ੍ਹਾਂ ਦੇ ਨਾਮ ਉਪਰ ਲਿਖੇ ਹਨ-ਨੇ ਲਿਖਿਆ ਤੇ ਪਰਵਾਨ ਕੀਤਾ।"

## ਭਰੋਵਾਲ ਦੀ ਸੁਲ੍ਹਾ ਪਿੱਛੋਂ

ਏਸ ਸੁਲ੍ਹਾ ਦੀਆਂ ਸ਼ਰਤਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੂੰ ਡੇਢ ਲੱਖ ਸਾਲਾਨਾ ਪੈਨਸ਼ਨ ਦੇ ਕੇ ਰਾਜ ਦੇ ਕੰਮਾਂ ਤੋਂ ਵੱਖ ਕਰ ਦਿੱਤਾ ਗਿਆ ਤੇ ਰਾਜ-ਪਰਬੰਧ ਨਵੀਂ ਕੌਂਸਲ (ਜੋ ਅੰਗਰੇਜ਼ੀ ਰੈਜ਼ੀਡੈਂਟ ਦੇ ਪੂਰੀ ਤਰ੍ਹਾਂ ਅਧੀਨ ਸੀ) ਦੇ ਹੱਥ ਵਿਚ ਦਿੱਤਾ ਗਿਆ। ਪੰਜਾਬ ਦਾ ਪਹਿਲਾ ਰੈਜ਼ੀਡੈਂਟ ਹੈਨਰੀ ਲਾਰੰਸ ਬਣਿਆਂ ਤੇ ਕੌਂਸਲ ਦੇ ਮੈਂਬਰ ਸਰਦਾਰ ਤੇਜ ਸਿੰਘ, ਰਾ : ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫ਼ਕੀਰ ਨੂਰੁੱਦੀਨ, ਸ. ਰਣਜੋਰ ਸਿੰਘ ਮਜੀਠਾ, ਭਾਈ ਨਿਧਾਨ ਸਿੰਘ, ਸ. ਅਤਰ ਸਿੰਘ ਕਾਲਿਆਂ ਵਾਲਾ ਤੇ ਸ. ਸ਼ਮਸ਼ੇਰ ਸਿੰਘ ਸੰਧਾਵਾਲੀਆ ਥਾਪੇ ਗਏ।

## ਹੈਨਰੀ ਲਾਰੰਸ

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੇਂਦ? ਇਹ ਇਤਿਹਾਸ

ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੂਰੇਡੀਆਂ ਮਿਥੀਆਂ ਹੋਈਆਂ

-ਚਲਦਾ


BHULLAR
EXCAVATING AND DEMOLITION



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All Leaky Basement & Drainage Problems



Vicky Bhullar
778-681-8200



Pavi Bhullar
647-667-9242



Bill Bhulllar
778-891-4556



Jassi Bhullar
604-441-7118



Balraj Bhullar

# ਹੱਕਾਂ ਦੀ ਗੱਲ




**ਲਿਖਤ : ਐੱਸਵਾਈ ਕੁਰੈਸ਼ੀ**

ਜਦੋਂ ਚੋਣਾਂ ਆਉਂਦੀਆਂ ਹਨ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਵੋਟਰਾਂ 'ਤੇ ਵਾਅਦਿਆਂ ਦੀ ਝੜੀ ਲਗਾ ਦਿੰਦੀਆਂ ਹਨ। ਸਿਆਸਤਦਾਨਾਂ ਨੂੰ ਆਮ ਆਦਮੀ ਅਤੇ ਉਨ੍ਹਾਂ ਦੇ ਦੁੱਖ ਦਰਦਾਂ ਦਾ ਇੱਕਦਮ ਚੇਤਾ ਆ ਜਾਂਦਾ ਹੈ। ਜਿਨ੍ਹਾਂ ਗ਼ਰੀਬ ਗੁਰਬਿਆਂ, ਬੇਰੁਜ਼ਗਾਰ ਨੌਜਵਾਨਾਂ, ਘੱਟਗਿਣਤੀਆਂ, ਝੁੱਗੀ ਝੌਂਪੜੀ ਵਾਲਿਆਂ ਅਤੇ ਕਬਾਇਲੀਆਂ ਨੂੰ ਪੰਜ ਸਾਲਾਂ ਦੇ ਜ਼ਿਆਦਾਤਰ ਅਰਸੇ ਤੱਕ ਦਰਕਿਨਾਰ ਕਰ ਕੇ ਰੱਖਿਆ ਜਾਂਦਾ ਹੈ ਤਾਂ ਉਹ ਇੱਕਦਮ ਫੌਰੀ ਅਤੇ ਗਹਿ-ਗੱਡਵੇਂ ਬਹਿਸ ਮੁਬਾਹਸਿਆਂ ਦਾ ਮਰਕਜ਼ ਬਣ ਜਾਂਦੇ ਹਨ। ਇਹ ਮਹਾਂ ਤਮਾਸ਼ਾ ਹੁੰਦਾ ਹੈ, ਵਾਅਦਿਆਂ ਦਾ ਓਪੇਰਾ ਜਿੱਥੇ ਮੁਫ਼ਤ ਬਿਜਲੀ, ਅਨਾਜ ਤੇ ਟੀਵੀ, ਸਾਈਕਲ ਤੇ ਲੈਪਟਾਪ ਜਿਹੇ ਮਾਲ ਅਸਬਾਬ ਦੇ ਨਾਲੋ-ਨਾਲ ਨਕਦਨਾਵਾਂ, ਸਭ ਕੁਝ ਸਿਆਸੀ ਪ੍ਰਵਚਨ ਦਾ ਵਾਹਕ ਬਣ ਜਾਂਦਾ ਹੈ।

ਹਾਲੀਆ ਅਰਸੇ ਦੌਰਾਨ ਨਵਾਂ ਸ਼ਬਦ 'ਰਿਓੜੀ ਕਲਚਰ' ਸਾਡੇ ਸਿਆਸੀ ਸ਼ਬਦਕੋਸ਼ ਦਾ ਹਿੱਸਾ ਬਣ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਇਸ ਤਥਾਕਥਿਤ 'ਰਿਓੜੀ ਕਲਚਰ' ਦੀ ਨਿੰਦਾ ਕਰਨ ਤੋਂ ਨਵੀਂ ਬਹਿਸ ਸ਼ੁਰੂ ਹੋ ਗਈ ਜਿਸ ਵਿੱਚ ਕਲਿਆਣਕਾਰੀ ਉਪਰਾਲਿਆਂ ਦੀ ਵਾਜਬੀਅਤ ਉੱਪਰ ਕਿੰਤੂ ਕੀਤਾ ਜਾਂਦਾ ਹੈ ਕਿ ਕੀ ਇਹ ਹੰਢਣਸਾਰ ਉਪਰਾਲੇ ਹਨ ਜਾਂ ਇਹ ਵਿੱਤੀ ਗ਼ੈਰ-ਜ਼ਿੰਮੇਵਾਰੀ ਦੀ ਲਬਾਦਾ ਮਾਤਰ ਹਨ? ਹੁਣ ਸੁਪਰੀਮ ਕੋਰਟ ਵੀ ਇਸ ਦੀ ਨਿਰਖ-ਪਰਖ ਕਰਨ ਲੱਗ ਪਈ ਹੈ ਤੇ ਇਸ ਨੇ ਇਹ ਸਰੋਕਾਰ ਜਤਾਇਆ ਹੈ ਕਿ ਬਹੁਤ ਜ਼ਿਆਦਾ ਖ਼ੈਰਾਤਾਂ ਵੰਡਣ ਨਾਲ ਨਿਰਭਰਤਾ ਵਧਦੀ ਹੈ। ਹਾਲ ਹੀ ਵਿੱਚ ਇਸ ਦੇ ਇੱਕ ਬੈਂਚ ਨੇ ਟਿੱਪਣੀ ਕੀਤੀ ਹੈ ਕਿ ਮੁਫ਼ਤ ਅਨਾਜ ਵੰਡਣ ਨਾਲ ਲੋਕ ਕੰਮਚੋਰ ਬਣ ਰਹੇ ਹਨ ਤੇ ਉਸ ਨੇ ਇਹ ਪ੍ਰਭਾਵ ਸਿਰਜਿਆ ਹੈ ਕਿ ਇਸ ਕਿਸਮ ਦੀਆਂ ਨੀਤੀਆਂ ਨਾਲ ਪਰਜੀਵੀਆਂ ਦੀ ਜਮਾਤ ਪੈਦਾ ਹੋ ਸਕਦੀ ਹੈ।

ਕੁਝ ਦਿਨ ਪਹਿਲਾਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ ਜਿਨ੍ਹਾਂ ਵਿੱਚ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦਰਮਿਆਨ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਸਫ਼ਰ, ਮੈਡੀਕਲ ਸਹੂਲਤ, ਸਿੱਖਿਆ ਤੋਂ ਇਲਾਵਾ ਔਰਤਾਂ ਅਤੇ ਨੌਜਵਾਨਾਂ ਨੂੰ ਮਾਸਿਕ ਨਕਦ ਸਹਾਇਤਾ ਦੇ ਰੂਪ ਵਿੱਚ 'ਰਿਓੜੀਆਂ' ਵੰਡਣ ਦੀ ਹੋੜ ਲੱਗੀ ਹੋਈ ਸੀ। ਕੋਈ ਹੈਰਤ ਦੀ ਗੱਲ ਨਹੀਂ ਕਿ ਸੁਪਰੀਮ ਕੋਰਟ ਨੇ ਸਖ਼ਤ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਇਸ 'ਤੇ ਪ੍ਰਤੀਕਿਰਿਆ ਕੀਤੀ ਹੈ ਜਿਸ ਉੱਪਰ ਸੋਚ ਵਿਚਾਰ ਕਰਨੀ ਬਣਦੀ ਹੈ।

ਇਸ ਬਹਿਸ ਦੀ ਘੁੰਡੀ ਕਿਤੇ ਵੱਧ ਅਹਿਮ ਹੈ: ਕੀ ਇਹ ਖ਼ੈਰਾਤਾਂ ਗ਼ਰੀਬਾਂ ਦੀ ਭਲਾਈ ਲਈ ਜ਼ਰੂਰੀ ਹਨ ਜਾਂ ਇਹ ਸਿਆਸੀ ਪਾਰਟੀਆਂ ਦੇ ਚੁਣਾਵੀ ਲਾਹੇ ਦੀ ਲੋੜ ਦੀ ਉਪਜ ਹਨ? ਇੱਕ ਹੋਰ ਮੁੱਦਾ ਵੀ ਹੈ: ਜੇ ਗ਼ਰੀਬਾਂ ਲਈ ਕੋਈ ਵਾਅਦਾ ਕੀਤਾ ਜਾਂਦਾ ਹੈ ਤਾਂ ਇਹ ਖ਼ੈਰਾਤ ਹੈ; ਜੇ ਇਹ ਅਮੀਰਾਂ ਲਈ ਹੈ ਤਾਂ ਇਹ ਪ੍ਰੇਰਕ ਹੈ। ਇਸ ਸਮੁੱਚੀ ਬਹਿਸ 'ਚੋਂ ਅਰਥਚਾਰੇ ਦੀ ਚਰਚਾ ਕਿਤੇ ਪਿਛਾਂਹ ਰਹਿ ਜਾਂਦੀ ਹੈ।

ਭਾਰਤ ਵਿੱਚ ਰਿਆਇਤਾਂ/ਖ਼ੈਰਾਤਾਂ ਦੇ ਦੋ ਵੱਡੇ ਵਰਗ ਹਨ: ਇੱਕ ਉਹ ਜੋ ਚੋਣਾਂ ਦੇ ਐਲਾਨ ਤੋਂ ਪਹਿਲਾਂ ਦਿੱਤੀਆਂ ਜਾਂਦੀਆਂ; ਦੂਜੀਆਂ ਉਹ ਜਿਨ੍ਹਾਂ ਬਾਰੇ ਵਾਅਦੇ ਕੀਤੇ ਜਾਂਦੇ ਹਨ ਜਦੋਂ ਚੋਣ ਜ਼ਾਬਤਾ ਲਾਗੂ ਹੁੰਦਾ ਹੈ। ਪਹਿਲੇ ਵਰਗ ਵਾਲੀਆਂ ਖ਼ੈਰਾਤਾਂ ਸੱਤਾਧਾਰੀ ਪਾਰਟੀ ਦੇ ਨੀਤੀਗਤ ਫ਼ੈਸਲੇ ਹੁੰਦੇ ਹਨ; ਜਿਵੇਂ ਸਬਸਿਡੀਆਂ, ਕੀਮਤਾਂ ਵਿੱਚ ਕਟੌਤੀ, ਨਵੀਆਂ ਕਲਿਆਣਕਾਰੀ ਸਕੀਮਾਂ ਜੋ ਕਿਸੇ ਖ਼ਾਸ ਪਾਰਟੀ ਦੇ ਫ਼ਾਇਦੇ ਲਈ ਚੋਣ ਜ਼ਾਬਤੇ ਤੋਂ ਪਹਿਲਾਂ ਆਰਾਮ ਨਾਲ ਲਾਗੂ ਕਰਵਾ ਦਿੱਤੀਆਂ ਜਾਂਦੀਆਂ ਹਨ। ਦੂਜੀ ਤਰ੍ਹਾਂ ਦੀਆਂ ਰਿਆਇਤਾਂ ਪਾਰਟੀ ਚੋਣ ਮਨੋਰਥ ਪੱਤਰਾਂ ਦੇ ਰੂਪ ਵਿੱਚ ਸਾਹਮਣੇ ਲਿਆਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਵਿੱਤੀ ਸਿੱਟਿਆਂ ਦੀ ਪ੍ਰਵਾਹ ਕੀਤੇ ਬਿਨਾਂ ਵੱਡੇ-ਵੱਡੇ ਵਾਅਦੇ ਸ਼ਾਮਿਲ ਹੁੰਦੇ ਹਨ। ਮੁਫ਼ਤ ਅਨਾਜ, ਟਰਾਂਸਪੋਰਟ, ਨਕਦ ਸਹਾਇਤਾ ਜਿਹਾ ਭਾਵੇਂ ਕੋਈ ਵੀ ਵਾਅਦਾ ਹੋਵੇ, ਚੋਣ ਕਮਿਸ਼ਨ ਚੋਣ ਮਨੋਰਥ ਪੱਤਰਾਂ ਦੀ ਪੁਣ-ਛਾਣ ਨਹੀਂ ਕਰਦਾ। 2013 ਵਿੱਚ ਸੁਪਰੀਮ ਕੋਰਟ ਨੇ ਫ਼ੈਸਲਾ ਕੀਤਾ ਸੀ ਕਿ ਅਜਿਹੇ ਵਾਅਦੇ ਲੋਕ ਪ੍ਰਤੀਨਿਧਤਾ ਕਾਨੂੰਨ ਅਧੀਨ 'ਭ੍ਰਿਸ਼ਟ ਕਾਰਵਾਈ' ਨਹੀਂ ਗਿਣੇ ਜਾ ਸਕਦੇ ਹਾਲਾਂਕਿ ਇਨ੍ਹਾਂ ਨਾਲ ਯਕੀਨਨ ਸੁਤੰਤਰ ਅਤੇ ਸਾਫ਼ ਸੁਥਰੀਆਂ ਚੋਣਾਂ ਦੀਆਂ ਜੜ੍ਹਾਂ ਹਿੱਲ ਜਾਂਦੀਆਂ ਹਨ। ਅਦਾਲਤ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸਿਆਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਸੇਧਾਂ ਘੜਨ ਦੇ ਨਿਰਦੇਸ਼ ਦਿੱਤੇ ਸਨ।

ਦਰਅਸਲ, ਇਹ ਸੇਧਾਂ 2013 ਵਿੱਚ ਜਾਰੀ ਕੀਤੀਆਂ ਸਨ ਤਾਂ ਜੋ ਜ਼ਿੰਮੇਵਾਰ ਚੋਣ ਪ੍ਰਚਾਰ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ ਅਤੇ ਯਕੀਨੀ ਬਣਾਇਆ ਜਾ ਸਕੇ ਕਿ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਿਲ ਵਾਅਦੇ ਹਕੀਕੀ ਹੋਣ ਅਤੇ ਇਹ ਵੋਟਰਾਂ ਨੂੰ ਬੇਲੋੜਾ ਪ੍ਰਭਾਵਿਤ ਕਰਨ ਦਾ ਹਰਬਾ ਨਾ ਹੋਣ। ਹੁਣ ਲੱਖਾਂ ਕਰੋੜਾਂ ਰੁਪਏ ਦਾ ਨਕਦਨਾਵਾਂ ਵੰਡਿਆ ਜਾਂਦਾ ਹੈ ਜੋ ਸਭ ਸੇਧਾਂ ਦੀ ਖੁੱਲ੍ਹੀ ਖ਼ਿਲਾਫ਼ਵਰਜ਼ੀ ਹੈ। ਜੇ ਇਸ ਨੂੰ ਵੋਟਰਾਂ ਨੂੰ ਦਿੱਤੀ ਜਾਣ ਵਾਲੀ ਰਿਸ਼ਵਤ ਨਾ ਆਖਿਆ ਜਾਵੇ ਤਾਂ ਫਿਰ ਇਹ ਹੋਰ ਕੀ ਹੈ? ਤੇ ਵੋਟਰਾਂ ਨੂੰ ਵੰਡਿਆ ਜਾਣ ਵਾਲਾ ਇਹ ਪੈਸਾ ਆਖ਼ਿਰ ਆਉਂਦਾ ਕਿੱਥੋਂ ਹੈ? ਜ਼ਾਹਿਰ ਹੈ ਕਿ ਘੁੰਮ ਫਿਰ ਕੇ ਸਾਡੀ ਤੁਹਾਡੀ ਜੇਬ ਵਿੱਚੋਂ। ਸਿਆਸਤਦਾਨ ਸਾਡੀਆਂ ਹੀ ਜੇਬਾਂ ਕੱਟ ਕੇ ਮਜ਼ੇ ਨਾਲ ਚੋਣਾਂ ਜਿੱਤ ਰਹੇ ਹਨ।

2019 'ਚ ਸਰਕਾਰ ਨੇ ਘਰੇਗੀ ਨਿਰਮਾਣਕਾਰਾਂ ਲਈ ਕਾਰਪੋਰੇਟ ਟੈਕਸ 30% ਤੋਂ ਘਟਾ ਕੇ 22% ਕਰ ਦਿੱਤਾ ਸੀ ਅਤੇ ਨਵੀਆਂ ਨਿਰਮਾਣ ਕੰਪਨੀਆਂ ਲਈ 22% ਤੋਂ ਘਟਾ ਕੇ 15 ਫ਼ੀਸਦੀ।

ਕੈਬਨਿਟ ਦੀ ਨਿਰਖ-ਪਰਖ ਨੂੰ ਬਾਈਪਾਸ ਕਰਨ ਵਾਲੇ ਵਿਸ਼ੇਸ਼ ਪ੍ਰਬੰਧਾਂ ਦਾ ਇਸਤੇਮਾਲ ਕਰਦਿਆਂ ਇਹ ਫ਼ੈਸਲਾ 36 ਘੰਟਿਆਂ ਵਿੱਚ ਲਾਗੂ ਕਰ ਦਿੱਤਾ ਗਿਆ। ਇਸ ਇੱਕੋ ਫ਼ੈਸਲੇ ਨਾਲ ਸਰਕਾਰੀ ਖ਼ਜ਼ਾਨੇ ਨੂੰ ਮਾਲੀਏ ਦੇ ਰੂਪ ਵਿੱਚ 1.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਜਿਸ ਕਰ ਕੇ ਸਰਕਾਰ ਦਾ ਵਿੱਤੀ ਘਾਟਾ ਬਹੁਤ ਵਧ ਗਿਆ।

ਔਕਸਫੈਮ ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਕੋਵਿਡ-19 ਦੀ ਮਹਾਮਾਰੀ ਦੇ ਕਾਲ ਦੌਰਾਨ ਭਾਰਤ ਵਿੱਚ ਜਿੱਥੇ ਇੱਕ ਪਾਸੇ ਗ਼ਰੀਬੀ ਛੜੱਪੇ ਮਾਰ ਕੇ ਵਧੀ ਅਤੇ ਬੇਰੁਜ਼ਗਾਰੀ 15% ਦੀ ਸਿਖ਼ਰ 'ਤੇ ਪਹੁੰਚ ਗਈ ਸੀ ਤਾਂ ਦੂਜੇ ਪਾਸੇ ਭਾਰਤੀ ਅਰਬਪਤੀਆਂ ਦੀ ਗਿਣਤੀ ਵਿੱਚ 39% ਇਜ਼ਾਫ਼ਾ ਹੋਇਆ ਸੀ।

ਇਹ ਲਗਾਤਾਰ ਵਿਰੋਧਾਭਾਸ ਹੈ। ਜਦੋਂ ਸਰਕਾਰ ਅਰਬਪਤੀਆਂ ਨੂੰ ਟੈਕਸ ਛੋਟਾਂ ਦੇ ਗੱਫੇ ਦਿੰਦੀ ਹੈ ਤਾਂ ਇਸ ਨੂੰ ਆਰਥਿਕ ਸੁਧਾਰ ਕਿਹਾ ਜਾਂਦਾ ਹੈ; ਜਦੋਂ ਗ਼ਰੀਬਾਂ ਨੂੰ ਕੋਈ ਰਾਹਤ ਦੇਣ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਵਿੱਤੀ ਨਾਸਮਝੀ ਦਾ ਲਕਬ ਦੇ ਦਿੱਤਾ ਜਾਂਦਾ ਹੈ। ਮੁਫ਼ਤ ਰਿਆਇਤਾਂ ਬਾਰੇ ਸੁਪਰੀਮ ਕੋਰਟ ਦੀਆਂ ਹਾਲੀਆਂ ਟਿੱਪਣੀਆਂ ਨੇ ਇਸ ਬਹਿਸ ਦਾ ਗੰਭੀਰ ਪਹਿਲੂ ਖੋਲ੍ਹ ਦਿੱਤਾ ਹੈ। ਇਸ ਮੁਤੱਲਕ ਇੱਕ ਸਰੋਕਾਰ ਇਹ ਹੈ, ਖ਼ਾਸਕਰ ਦਿਹਾਤੀ ਭਾਰਤ ਵਿੱਚ, ਕਿ ਕੀ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਕਰ ਕੇ ਲੋਕ ਕੰਮ ਕਰਨ ਤੋਂ ਕੰਨੀ ਕਤਰਾ ਰਹੇ ਹਨ? ਜਸਟਿਸ ਬੀਆਰ ਗਵੱਈ ਨੇ ਇਹ ਗੱਲ ਨੋਟ ਕੀਤੀ ਕਿ ਮਹਾਰਾਸ਼ਟਰ ਵਿੱਚ ਕਿਸਾਨਾਂ ਨੂੰ ਮਜ਼ਦੂਰ ਲੱਭਣ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਮਜ਼ਦੂਰ ਦਿਹਾੜੀ ਜਾਣ ਦੀ ਬਜਾਇ ਮੁਫ਼ਤ ਅਨਾਜ ਲੈਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵਿੱਚ ਇਹ ਵਰਤਾਰਾ ਕਈ ਸਾਲਾਂ ਤੋਂ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਵੱਖ-ਵੱਖ ਰੂਪਾਂ ਵਿੱਚ ਮਗਨਰੇਗਾ ਲਾਗੂ ਕੀਤੀ ਸੀ। ਇਸ ਨਾਲ ਉਸ ਵਡੇਰੇ ਤਰਕ ਨੂੰ ਬਲ ਮਿਲਦਾ ਹੈ ਕਿ ਕਲਿਆਣਕਾਰੀ ਸਕੀਮਾਂ ਨੂੰ ਇਸ ਢੰਗ ਨਾਲ ਵਿਉਂਤਿਆ ਜਾਣਾ ਚਾਹੀਦਾ ਹੈ ਕਿ ਇਸ ਨਾਲ ਲੋਕ ਤਾਕਤਵਰ ਹੋਣ ਨਾ ਕਿ ਸਥਾਈ ਤੌਰ 'ਤੇ ਮੁਥਾਜ ਬਣ ਕੇ ਰਹਿ ਜਾਣ।

ਮੁਥਾਜੀ ਦੀ ਅਸਲ ਜੜ੍ਹ ਕਲਿਆਣਕਾਰੀ ਸਕੀਮਾਂ ਨਹੀਂ ਸਗੋਂ ਸਸਤੀਆਂ ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਸਥਿਰ ਰੁਜ਼ਗਾਰ ਅਵਸਰਾਂ ਦੀ ਘਾਟ ਹੈ। ਜੇ ਲੋਕਾਂ ਕੋਲ ਸੁਰੱਖਿਅਤ ਤੇ ਚੰਗੀਆਂ ਉਜਰਤਾਂ ਵਾਲੀਆਂ ਨੌਕਰੀਆਂ ਹੋਣ ਤਾਂ ਉਹ ਖ਼ੈਰਾਤ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਮੁਫ਼ਤ ਰਾਸ਼ਨ ਲਈ ਹੱਥ ਨਹੀਂ ਅੱਡਣਗੇ। ਸਵਾਲ ਹੈ: ਜਦੋਂ ਸਾਰੀਆਂ ਪਾਰਟੀਆਂ ਇੱਕੋ ਤਰ੍ਹਾਂ ਦੇ ਵਾਅਦੇ ਪਰੋਸ ਰਹੀਆਂ ਹੋਣ ਤਾਂ ਕੀ ਗ਼ਰੀਬ ਲੋਕ ਮੁਫ਼ਤ ਰਿਆਇਤਾਂ/ਖ਼ੈਰਾਤਾਂ ਦੇ ਭੁਲਾਵੇ ਵਿੱਚ ਆ ਜਾਂਦੇ ਹਨ?

ਅਸੀਂ ਮੁਫ਼ਤ ਰਿਆਇਤਾਂ/ਕਲਿਆਣਕਾਰੀ ਸਕੀਮਾਂ ਦੇ ਕਈ ਲਾਭ ਦੇਖੇ ਹਨ। ਜਦੋਂ ਆਂਧਰਾ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਐੱਨਟੀ ਰਾਮਾਰਾਓ ਨੇ ਇੱਕ ਰੁਪਏ ਕਿਲੋ ਚੌਲਾਂ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਉਸ ਦਾ ਮਜ਼ਾਕ ਉਡਾਇਆ ਗਿਆ ਸੀ ਪਰ ਇਸ ਦਾ ਸਿੱਟਾ ਸੀ ਕਿ ਉੱਥੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਬੀਤੇ ਦੀ ਗੱਲ ਬਣ ਕੇ ਰਹਿ ਗਈਆਂ ਸਨ। ਬਿਹਾਰ ਵਿੱਚ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਸਕੂਲ ਜਾਣ ਵਾਲੀਆਂ ਲੜਕੀਆਂ ਲਈ ਮੁਫ਼ਤ ਸਾਈਕਲ ਦੇਣ ਦੀ ਯੋਜਨਾ ਸਦਕਾ ਕੁੜੀਆਂ ਦੇ ਦਾਖ਼ਲਿਆਂ ਅਤੇ ਪੜ੍ਹਾਈ ਦੀ ਦਰ ਵਿੱਚ ਇਜ਼ਾਫ਼ਾ ਹੋਇਆ ਸੀ। ਰੁਜ਼ਗਾਰ ਗਾਰੰਟੀ ਯੋਜਨਾ ਨੇ ਲੱਖਾਂ ਲੋਕਾਂ ਨੂੰ ਸੁਰੱਖਿਆ ਨੈੱਟ ਮੁਹੱਈਆ ਕਰਵਾਇਆ ਹੈ ਭਾਵੇਂ ਇਸ ਕਰ ਕੇ ਸ਼ਹਿਰੀ ਕੁਲੀਨਾਂ ਲਈ ਸਸਤੀ ਘਰੇਗੀ ਲੇਬਰ ਵਿੱਚ ਕਮੀ ਹੀ ਕਿਉਂ ਨਾ ਆਈ ਹੋਵੇ।

ਭਾਰਤ ਵਿੱਚ ਬਹਿਸ ਦਾ ਸਵਾਲ ਇਹ ਨਹੀਂ ਹੈ ਕਿ ਸਾਨੂੰ ਕਲਿਆਣਕਾਰੀ ਸਕੀਮਾਂ ਦੀ ਲੋੜ ਹੈ ਜਾਂ ਨਹੀਂ ਸਗੋਂ ਇਹ ਬਹਿਸ ਇਹ ਯਕੀਨੀ ਬਣਾਉਣ ਬਾਰੇ ਹੋਣੀ ਚਾਹੀਦੀ ਹੈ ਕਿ ਸਕੀਮਾਂ ਦੀ ਚੰਗੀ ਵਿਉਂਤਬੰਦੀ ਕਿਹੋ ਜਿਹੀ ਹੋਣੀ ਚਾਹੀਦੀ ਹੈ ਅਤੇ ਇਹ ਹੰਢਣਸਾਰ ਕਿਵੇਂ ਬਣਾਈਆਂ ਜਾਣ। ਮੁਫ਼ਤ ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਰੁਜ਼ਗਾਰ ਅਵਸਰ ਕੋਈ ਖ਼ੈਰਾਤਾਂ ਨਹੀਂ। ਇਹ ਲੋਕਤੰਤਰ ਵਿੱਚ ਲੋਕਾਂ ਦਾ ਹੱਕ ਹਨ। ਸਾਨੂੰ ਰਿਓੜੀਆਂ ਦੀ ਬਜਾਇ ਹੱਕਾਂ ਅਤੇ ਆਜ਼ਾਦੀਆਂ ਬਾਰੇ ਚਰਚਾ ਕਰਨੀ ਚਾਹੀਦੀ ਹੈ।

---

# ਨੋਟਾਂ ਦਾ ਡੱਬਾ

**ਲਿਖਤ : ਨਿੰਦਰ ਘੁਗਿਆਣਵੀ, ਸੰਪਰਕ: 94174-21700**

ਗੱਲ 1992-93 ਦੀ ਹੈ। ਮੈਂ ਫ਼ਰੀਦਕੋਟ ਕਚਹਿਰੀ ਵਿਚ ਨਿਰਮਲ ਸਿੰਘ ਬਰਾੜ ਵਕੀਲ ਕੋਲ ਮੁਣਸ਼ੀ ਹੁੰਦਾ ਸਾਂ। ਉੱਥੇ ਉਦੋਂਫ਼ਨਬਸਪ; ਜ਼ਿਲ੍ਹਾ ਤੇ ਸੈਸ਼ਨ ਜੱਜ ਐੱਮਐੱਲ ਸਿੰਗਲ ਜੀ ਸਨ, ਮਦਨ ਲਾਲ ਸਿੰਗਲਾ। ਇਮਾਨਦਾਰ ਵੀ ਸਨ ਤੇ ਭਲੇ ਸ਼ਖ਼ਸ ਸਨ, ਰੱਬ ਦਾ ਭੈਅ ਮੰਨਣ ਵਾਲੇ। ਸ਼ਾਇਦ ਉਹ ਮੌੜ ਮੰਡੀ ਦੇ ਸਨ। ਬਾਅਦ ਵਿਚ ਉਹ ਹਾਈਕੋਰਟ ਦੇ ਜੱਜ ਵੀ ਬਣੇ।

ਉਨ੍ਹੀਂ ਦਿਨੀਂ ਜੱਜਾਂ ਨੂੰ ਵਿਆਹਾਂ ਆਦਿ ਉਤੇ ਆਮ ਸੱਦੇ ਨਹੀਂ ਸਨ ਆਉਂਦੇ, ਕਿਸੇ ਖਾਸ ਥਾਂ ਹੀ ਜਾਂਦੇ ਸਨ ਜੱਜ, ਜਾਂ ਅਗਿਓਂ ਪਿਛੋਂ ਸ਼ਗਨ ਦੇ ਆਉਂਦੇ। ਮਠਿਆਈ ਦਾ ਡੱਬਾ ਦੇਣ ਤਾਂ ਕੋਈ ਕਦੇ ਹੀ ਆਉਂਦਾ।

ਇਕ ਦਿਨ ਕੋਈ ਬੰਦਾ ਕੋਠੀ ਦੇ ਬਾਹਰ ਸਕਿਉਰਟੀ ਗਾਰਡ ਨੂੰ ਬਿਨਾਂ ਕਾਰਡ ਤੋਂ ਮਠਿਆਈ ਦਾ ਪੈਕ ਕੀਤਾ ਹੋਇਆ ਡੱਬਾ ਦੇ ਗਿਆ। ਕਹਿੰਦਾ ਕਿ ਮੇਰੀ ਕੁੜੀ ਦਾ ਵਿਆਹ ਹੈ, ਸਾਹਿਬ ਨੂੰ ਡੱਬਾ ਦੇ ਦੇਣਾ। ਸਾਹਿਬ ਕਚਹਿਰੀ ਸਨ। ਬੀਬੀ ਨੇ ਵੀ ਨਾ ਡੱਬਾ ਖੋਲ੍ਹਿਆ ਕਿ ਚਲੋ... ਜੱਜ ਸਾਹਿਬ ਆਉਣਗੇ ਤਾਂ ਦੱਸ ਦਿਆਂਗੀ। ਸ਼ਾਮ ਨੂੰ ਸਾਹਿਬ ਆਏ ਤੇ ਬੀਬੀ ਬੋਲੀ ਕਿ ਆਹ ਕੋਈ ਮਠਿਆਈ ਦਾ ਡੱਬਾ ਦੇ ਗਿਆ ਗੇਟ ਉਤੇ, ਅਖੇ ਕੁੜੀ ਦਾ ਵਿਆਹ ਹੈ। ਜੱਜ ਸਾਹਿਬ ਨੇ ਡੱਬਾ ਖੋਲ੍ਹਿਆ ਕਿ ਦੇਖਾਂ ਰਸਗੁਲੇ ਹਨ, ਲੱਡੂ ਹਨ, ਵੇਸਣ ਦੀਆਂ ਪਿੰਨੀਆਂ ਹਨ ਜਾਂ ਬਰਫੀ ਹੈ; ਦੇਖਿਆ ਤਾਂ ਵਿਚ ਸੌ-ਸੌ ਦੇ ਨੋਟ ਚਿਣੇ ਹੋਏ ਸਨ। ਜੱਜ ਸਾਹਿਬ ਨੂੰ ਸਾਹ ਉਖੜਨ ਦੀ ਬਿਮਾਰੀ ਸੀ। ਨੋਟਾਂ ਦਾ ਭਰਿਆ ਡੱਬਾ ਦੇਖ ਉਹ ਘਬਰਾ ਗਏ ਤੇ ਸਾਹ ਉਖੜ ਗਿਆ। ਗੰਨਮੈਨ ਤੇ ਡਰਾਈਵਰ ਅਜੇ ਕੋਠੀ ਵਿਚ ਹੀ ਸਨ। ਸਾਹਿਬ ਨੇ ਆਪਣੇ ਸਕਿਉਰਟੀ ਇੰਚਾਰਜ ਸੂਬਾ ਸਿੰਘ ਨੂੰ ਸੱਦਿਆ ਤੇ ਆਖਿਆ ਕਿ ਸੂਬਾ ਸਿੰਘ, ਘਰ ਨਹੀਂ ਜਾਣਾ, ਆਪਾਂ ਕਿਤੇ ਜਾਣਾ ਹੈ।

ਸਾਹਿਬ ਨੇ ਛੇਤੀ ਨਾਲ ਕੱਪੜੇ ਬਦਲੇ। ਨੋਟਾਂ ਵਾਲਾ ਡੱਬਾ ਬੈਗ ਵਿੱਚ ਪਾਇਆ ਤੇ ਕੋਠੀ ਵਿੱਚੋਂ ਚੱਲ ਪਏ। ਮੋਗੇ ਬੱਸ ਅੱਡੇ ਵਿਚ ਆਏ। ਜਿਪਸੀ ਤੇ ਕਾਰ ਵਾਲੇ ਮੁਲਾਜ਼ਮ ਵਾਪਸ ਮੋੜੇ ਤੇ ਸੂਬਾ ਸਿੰਘ ਨੂੰ ਨਾਲ ਲੈ ਕੇ ਚੰਡੀਗੜ੍ਹ ਵਾਲੀ ਬੱਸ ਚੜ੍ਹ ਗਏ। ਹਨੇਰੇ ਹੋਏ ਚੰਡੀਗੜ੍ਹ ਪੁੱਜੇ। ਸਤਾਰਾਂ ਸੈਕਟਰ ਵਾਲੇ ਅੱਡੇ 'ਚੋਂ ਆਟੋ ਕੀਤਾ ਤੇ ਸਿੱਧੇ ਚੀਫ ਜਸਟਿਸ ਦੀ ਕੋਠੀ ਜਾ ਵੱਜੇ। ਸਕਿਉਰਟੀ ਵਾਲੇ ਨੇ ਅੱਗੇ ਫੋਨ ਉਤੇ ਦੱਸਿਆ ਕਿ ਫ਼ਰੀਦਕੋਟ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਏ ਨੇ ਤੇ ਐਮਰਜੈਂਸੀ ਮਿਲਣਾ ਚਾਹੁੰਦੇ ਨੇ। ਚੀਫ ਜਸਟਿਸ ਨੇ ਸੋਚਿਆ ਕਿ ਕੋਈ ਖਾਸ ਹੀ ਮਸਲਾ ਹੋਵੇਗਾ ਜਿਹੜੇ ਇਸ ਵੇਲੇ ਤੇ ਬਿਨਾਂ ਦੱਸੇ ਆਏ ਨੇ। ਚੀਫ ਜਸਟਿਸ ਨੂੰ ਸਿੰਗਲਾ ਸਾਹਿਬ ਦੇ ਕੰਮ ਤੇ ਕਿਰਦਾਰ ਬਾਰੇ ਪਤਾ ਸੀ।

ਅੰਦਰ ਗਏ ਘਬਰਾਏ ਹੋਏ। ਚੀਫ ਜਸਟਿਸ ਨੇ ਪੁੱਛਿਆ, ਸਿੰਗਲਾ ਸਾਹਿਬ, ਕੀ ਗੱਲ ਹੈ, ਸਭ ਠੀਕ ਤਾਂ ਹੈ? ਸਿੰਗਲਾ ਸਾਹਿਬ ਭਰੇ ਗਲੇ ਤੇ ਉਖੜੇ ਸਾਹ ਵਿਚ ਬੋਲੇ, "ਹਜ਼ੂਰ ਆਹ ਦੇਖੋ, ਮੇਰੀ ਕੋਠੀ ਦੇ ਗੇਟ ਉਤੇ ਕੋਈ ਅਣਜਾਣਿਆ ਬੰਦਾ ਆਹ ਨੋਟਾਂ ਦਾ ਭਰਿਆ ਡੱਬਾ ਦੇ ਗਿਆ ਐ, ਹੁਣ ਮੈਂ ਕੀ ਕਰਾਂ ਹਜ਼ੂਰ, ਮੈਂ ਤਾਂ... ਈਸ਼ਵਰ ਦੀ ਕਸਮ...।" ਉਨ੍ਹਾਂ ਤੋਂ ਗੱਲ ਪੂਰੀ ਨਾ ਹੋਈ ਤੇ ਉਨ੍ਹਾਂ ਬੈਗ ਵਿਚੋਂ ਡੱਬਾ ਕੱਢ ਕੇ ਦਿਖਾਇਆ। ਚੀਫ ਜਸਟਿਸ ਨੇ ਕਿਹਾ, "ਕੋਈ ਨਾ, ਕੋਈ ਨਾ, ਘਬਰਾਓ ਨਾ ਸਿੰਗਲਾ ਜੀ, ਇਹਦੇ 'ਚ ਆਪ ਦਾ ਕੀ ਕਸੂਰ ਐ ਭਲਾ? ਮੈਨੂੰ ਆਪ ਦਾ ਚੰਗੀ ਤਰ੍ਹਾਂ ਪਤਾ ਹੈ।" ਚੀਫ ਜਸਟਿਸ ਵੀ ਅਗਾਂਹ ਪੂਰਾ ਇਮਾਨਦਾਰ ਸੀ। ਸਿੰਗਲਾ ਜੀ ਨੂੰ ਚਾਹ ਪਿਲਾਈ ਤੇ ਜੁਡੀਸ਼ੀਅਲ ਅਕਾਡਮੀ ਵਾਲਾ ਗੈਸਟ ਹਾਊਸ ਬੁੱਕ ਕਰਵਾਉਣ ਲਈ ਫੋਨ ਕੀਤਾ। ਚੀਫ ਜਸਟਿਸ ਬੋਲੇ, "ਅਰਾਮ ਨਾਲ ਰਾਤ ਇੱਥੇ ਕੱਟੋ, ਕੱਲ੍ਹ ਨੂੰ ਇਹ ਪੈਸਿਆਂ ਵਾਲਾ ਡੱਬਾ ਆਪਣੇ ਗੰਨਮੈਨ ਰਾਹੀਂ ਕਿਸੇ ਧਾਰਮਿਕ ਥਾਂ ਜਾਂ ਗਊਸ਼ਾਲਾ ਜਾਂ ਪਿੰਗਲਵਾੜੇ, ਜਿਥੇ ਤੁਆਡਾ ਮਨ ਕਰੇ, ਦਾਨ ਦੇ ਰੂਪ ਵਿੱਚ ਭੇਜ ਦੇਣਾ, ਆਪ ਨਿਸ਼ਚਿੰਤ ਰਹੋ, ਆਪ ਜਿਹੇ ਜੱਜਾਂ ਕਰ ਕੇ ਹੀ ਨਿਆਂ ਪਾਲਿਕਾ ਬਚੀ ਹੋਈ ਐ ਸਿੰਗਲਾ ਜੀ।" ਇਹ ਸੁਣਦਿਆਂ ਸਿੰਗਲਾ ਜੀ ਦੀਆਂ ਅੱਖਾਂ ਵਿਚ ਹੰਝੂ ਸਨ। ਚੀਫ ਜਸਟਿਸ ਦੀ ਕੋਠੀ ਵਿੱਚੋਂ ਕਾਰ ਉਨ੍ਹਾਂ ਨੂੰ ਗੈਸਟ ਹਾਊਸ ਛੱਡਣ ਜਾ ਰਹੀ ਸੀ।

# ਅਕਾਲ ਤਖ਼ਤ ਦੀ ਰਾਖੀ ਦਾ ਸਮਾਂ



ਲੇਖਕ : ਕਿਰਨਜੀਤ ਕੌਰ

ਮੀਰੀ-ਪੀਰੀ ਸਿੱਖ ਫਿਲਾਸਫ਼ੀ ਦਾ ਇੱਕ ਕੇਂਦਰੀ ਸਿਧਾਂਤ ਬਣਿਆ ਹੋਇਆ ਹੈ। ਇਸ ਦਾ ਅਰਥ ਹੈ ਕਿ ਨਿੱਤਕਰਮ ਕਰਦੇ ਹੋਇਆਂ ਰੱਬੀ ਚੇਤਨਾ ਨਾਲ ਵਿਚਰਨਾ। ਇਸ ਸਦਕਾ ਕਿਸੇ ਇਨਸਾਨ ਨੂੰ ਹਰੇਕ ਸ਼ੈਅ ਵਿੱਚ ਰੱਬੀ ਜੋਤ ਨਜ਼ਰ ਆਉਂਦੀ ਹੈ ਅਤੇ ਆਪਣਾ ਰੱਬੀ ਫ਼ਰਜ਼ ਸਮਝਦੇ ਹੋਏ ਹੀ ਉਹ ਕਿਸੇ ਲੋੜਵੰਦ ਦੀ ਮਦਦ ਕਰਨ ਬਹੁੜਦਾ ਹੈ। ਇਸ ਦਾ ਮੰਨਣਾ ਹੈ ਕਿ ਕੋਈ ਸ਼ਾਸਕ ਆਪਣੇ ਦੁਨਿਆਵੀ ਫ਼ਰਜ਼ਾਂ ਨੂੰ ਰੂਹਾਨੀ ਅਤੇ ਇਖ਼ਲਾਕੀ ਕਦਰਾਂ ਕੀਮਤਾਂ ਮੁਤਾਬਿਕ ਨਿਭਾਉਣ ਦਾ ਪਾਬੰਦ ਹੁੰਦਾ ਹੈ। ਇਹ ਨਿੱਜੀ ਸਿਆਸੀ ਗਰਜ਼ਾਂ ਲਈ ਧਾਰਮਿਕ ਸੰਸਥਾਵਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਹਰਗਿਜ਼ ਨਹੀਂ ਦਿੰਦਾ।

ਸਿੱਖਾਂ ਦੇ ਇਤਿਹਾਸ 'ਤੇ ਪਿੱਛਲਝਾਤ ਮਾਰਦਿਆਂ ਪਤਾ ਲਗਦਾ ਹੈ ਕਿ ਜਦੋਂ ਆਪੋ ਵਿੱਚ ਵੈਰ-ਵਿਰੋਧ ਪਾਲਣ ਵਾਲੇ ਸਿੱਖਾਂ ਨੂੰ ਕਿਸੇ ਬਾਹਰੀ ਦੁਸ਼ਮਣ ਦਾ ਖ਼ਤਰਾ ਦਰਪੇਸ਼ ਹੁੰਦਾ ਸੀ ਤਾਂ ਉਸ ਵਕਤ ਅਕਾਲ ਤਖ਼ਤ ਉਨ੍ਹਾਂ ਲਈ ਇਕਜੁੱਟਤਾ ਦਾ ਕੇਂਦਰ ਬਣ ਜਾਂਦਾ ਸੀ ਜਿੱਥੇ ਆ ਕੇ ਉਹ 'ਗੁਰੂ ਖ਼ਾਲਸਾ ਪੰਥ' ਦੇ ਝੰਡੇ ਹੇਠ ਇੱਕ ਹੋ ਜਾਂਦੇ ਸਨ। ਅਠ੍ਹਾਰਵੀਂ ਸਦੀ ਵਿੱਚ ਸਿੱਖ ਛੋਟੇ-ਛੋਟੇ ਜਥਿਆਂ ਵਿੱਚ ਵੰਡੇ ਹੋਏ ਸਨ, ਜੋ ਆਪੋ ਵਿੱਚ ਲੜਦੇ ਝਗੜਦੇ ਰਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਆਪਣੇ ਰਾਜ ਦੀ ਮਜ਼ਬੂਤੀ ਲਈ ਕਈ ਛੋਟੇ ਸਰਦਾਰਾਂ ਨਾਲ ਲੜਾਈਆਂ ਲੜਨੀਆਂ ਪਈਆਂ ਸਨ। ਪਰ ਕੋਈ ਵੀ ਸਿੱਖ ਸਰਦਾਰ ਆਪਣੇ ਮਤਭੇਦ ਸੁਲਝਾਉਣ ਲਈ ਅਕਾਲ ਤਖ਼ਤ ਦੇ ਦਖ਼ਲ ਦੀ ਅਪੀਲ ਕਰਨ ਲਈ ਨਹੀਂ ਜਾਂਦਾ ਸੀ। ਸਗੋਂ ਉਹ ਸਮੁੱਚੇ ਸਿੱਖ ਭਾਈਚਾਰੇ ਨੂੰ ਅਸਰਅੰਦਾਜ਼ ਕਰਨ ਵਾਲੇ ਮੁੱਦਿਆਂ 'ਤੇ ਸਰਬੱਤ ਖਾਲਸਾ ਸੱਦਦੇ ਸਨ ਅਤੇ ਅਕਾਲ ਤਖ਼ਤ 'ਤੇ ਹੋਣ ਵਾਲੀ ਇਕੱਤਰਤਾ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਉਹ ਆਪਣੇ ਨਿੱਜੀ ਝਗੜੇ ਨਿਬੇੜ ਲੈਂਦੇ ਸਨ।

ਵੱਖ-ਵੱਖ ਵਿਰੋਧੀ ਵਿਚਾਰਾਂ ਵਾਲੀਆਂ ਪਾਰਟੀਆਂ ਵਿਚਕਾਰ ਮਤਭੇਦ ਸੁਲਝਾਉਣ ਅਤੇ ਸੁਲ੍ਹਾ ਕਰਾਉਣ ਲਈ ਅਕਾਲ ਤਖ਼ਤ ਦੇ ਦਖ਼ਲ ਦੀ ਮੰਗ ਦਾ ਵਰਤਾਰਾ 1970ਵਿਆਂ ਦੇ ਅਖ਼ੀਰ ਤੋਂ ਸ਼ੁਰੂ ਹੋਇਆ ਸੀ। ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਕਰਨ ਲਈ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ 10 ਅਕਤੂਬਰ, 1979 ਨੂੰ ਵੱਖੋ-ਵੱਖਰੀਆਂ ਮੀਟਿੰਗਾਂ ਬੁਲਾਈਆਂ ਗਈਆਂ ਸਨ। ਉਨ੍ਹਾਂ ਦੋਵਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਏਕਤਾ ਕਰਾਉਣ ਲਈ ਦਖ਼ਲ ਦੇਣ ਵਾਸਤੇ ਆਪਣੇ ਅਸਤੀਫ਼ੇ ਸੌਂਪ ਦਿੱਤੇ ਸਨ। ਉਸ ਵੇਲੇ ਉਨ੍ਹਾਂ ਦੇ ਅਸਤੀਫ਼ੇ ਵਾਪਸ ਭੇਜ ਦਿੱਤੇ ਗਏ ਸਨ। 'ਪੰਥਕ ਟਿਕਟ' 'ਤੇ ਚੋਣ ਲੜਨ ਵਾਲੇ ਵਿਧਾਇਕਾਂ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਮਾਇਤ ਕਰਨ ਲਈ ਆਖਿਆ ਗਿਆ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਾਸਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠਲੀ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੂੰ ਦੂਜੀਆਂ ਸਿਆਸੀ ਪਾਰਟੀਆਂ ਨਾਲ ਲੈ-ਦੇ ਕਰਨ ਅਤੇ ਪਾਰਟੀ ਉਮੀਦਵਾਰਾਂ ਦੀ ਚੋਣ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ। ਪਰ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਹੀ ਜੀਵਨ ਸਿੰਘ ਉਮਰਾਨੰਗਲ ਨੇ ਅਜਨਾਲਾ ਵਿੱਚ ਜਨਤਾ ਪਾਰਟੀ ਨਾਲ ਗੱਠਜੋੜ ਕਰਨ ਦਾ ਐਲਾਨ ਕਰ ਦਿੱਤਾ। ਅਕਾਲ ਤਖ਼ਤ ਵੱਲੋਂ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਅਤੇ ਉਸ ਨੇ ਨਵੰਬਰ 1979 ਵਿੱਚ ਤਖ਼ਤ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗੀ ਸੀ।

ਇਸ ਤੋਂ ਬਾਅਦ ਅਕਾਲ ਤਖ਼ਤ 'ਤੇ ਸਿਆਸੀ ਤੌਰ 'ਤੇ ਰਸੂਖ਼ਵਾਨ ਲੋਕਾਂ ਮੁਤੱਲਕ ਸ਼ਿਕਾਇਤਾਂ ਆਉਣ ਲੱਗ ਪਈਆਂ। ਉਂਝ, 1984 ਵਿੱਚ ਸਾਕਾ ਨੀਲਾ ਤਾਰਾ ਤੋਂ ਬਾਅਦ ਇੱਕ ਨਿਰਣਾਇਕ ਮੋੜ ਆਇਆ। ਉਸ ਵੇਲੇ ਬਹੁਤ ਸਾਰੇ ਅਕਾਲੀ ਆਗੂ ਜੇਲ੍ਹ ਵਿੱਚ ਬੰਦ ਸਨ। ਸਿੱਖਾਂ ਦੇ ਮਨਾਂ ਅੰਦਰ ਆਮ ਤੌਰ 'ਤੇ ਭਾਰਤ ਸਰਕਾਰ ਅਤੇ ਖ਼ਾਸ ਤੌਰ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਖ਼ਿਲਾਫ਼ ਰੋਹ ਉਬਾਲੇ ਖਾ ਰਿਹਾ ਸੀ। ਉਸ ਸਮੇਂ ਸਿੱਖਾਂ ਨੂੰ ਅਗਵਾਈ ਦੇਣ ਲਈ ਅਕਾਲ ਤਖ਼ਤ 'ਤੇ ਪੰਜ ਪਿਆਰੇ ਅੱਗੇ ਆਏ। ਹੌਲੀ-ਹੌਲੀ ਅਕਾਲ ਤਖ਼ਤ ਨੂੰ ਸੱਤਾ ਦੀ ਲੜਾਈ ਦੇ ਇੱਕ ਔਜ਼ਾਰ ਵਿੱਚ ਬਦਲ ਦਿੱਤਾ ਗਿਆ। ਨਿੱਜੀ ਵੈਰ ਵਿਰੋਧ ਅਤੇ ਠਿੱਬੀ ਲਾ ਕੇ ਅੱਗੇ ਵਧਣ ਦੀ ਹੋੜ ਅਕਾਲ ਤਖ਼ਤ 'ਤੇ ਪੁੱਜਣ ਵਾਲੀਆਂ ਸ਼ਿਕਾਇਤਾਂ ਦਾ ਅਣਲਿਖਤ ਕੋਡ ਬਣ ਗਿਆ। ਅਦਾਲਤੀ ਤਰਜ਼ ਦੀਆਂ ਸੁਣਵਾਈਆਂ ਨਾਲ ਤਖ਼ਤ ਨੂੰ ਸਿੱਖਾਂ ਦੀ 'ਸਰਬਉਚ ਕਚਹਿਰੀ' ਦਾ ਨਵਾਂ ਨਾਂ ਦਿੱਤਾ ਜਾਣ ਲੱਗ ਪਿਆ।

ਅੱਗੇ ਚੱਲ ਕੇ ਇਹ ਪਿਰਤ ਹੋਰ ਗਹਿਰੀ ਹੁੰਦੀ ਹੋਈ ਮੁਕਾਮੀ ਮੁੱਦਿਆਂ ਤੇ ਪੰਜਾਬ ਆਧਾਰਿਤ ਸਿਆਸੀ ਬਿਆਨਬਾਜ਼ੀਆਂ ਵਿੱਚ ਦਖ਼ਲ ਦੇਣ ਤੱਕ ਪਹੁੰਚ ਗਈ। ਜਥੇਦਾਰ ਅਤੇ ਅਕਾਲ ਤਖ਼ਤ ਦੀ ਸੰਸਥਾ ਨੂੰ ਸਮ-ਅਰਥੀ ਬਣਾ ਦਿੱਤਾ ਗਿਆ। ਜਿਵੇਂ-ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੈਰਾਂ ਹੇਠੋਂ ਸਿਆਸੀ ਅਤੇ ਧਾਰਮਿਕ ਜ਼ਮੀਨ ਖਿਸਕਦੀ ਗਈ ਤਾਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਦੀ ਵਰਤੋਂ ਹੋਣ ਲੱਗ ਪਈ। ਇੱਕ ਸਮੇਂ ਤੱਕ ਧਾਰਮਿਕ ਮੁੱਦਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਝਿਆ ਜਾਂਦਾ ਸੀ ਪਰ ਫਿਰ ਇਹ ਅਕਾਲ ਤਖ਼ਤ ਦੇ ਜਥੇਦਾਰ ਦੇ ਹਵਾਲੇ ਕੀਤੇ ਜਾਣ ਲੱਗ ਪਏ।

ਡੇਰਾ ਸੱਚਾ ਸੌਦਾ ਸਿਰਸਾ ਵੱਲੋਂ ਕੀਤੀ ਗਈ ਬੇਅਦਬੀ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿੱਖਾਂ ਦੀ ਤਰਜਮਾਨ ਪਾਰਟੀ ਹੋਣ ਦਾ ਦਿਖਾਵਾ ਵੀ ਨਾ ਕੀਤਾ ਗਿਆ ਸੀ ਅਤੇ ਇਸ ਨੇ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਵਿੱਚ ਵੋਟਾਂ ਖਾਤਿਰ ਅਕਾਲ ਤਖ਼ਤ ਦੀ ਰੱਜ ਕੇ ਵਰਤੋਂ ਕੀਤੀ। ਪੰਥਕ ਰਵਾਇਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਅਤੇ ਇੱਕ ਐਸੇ ਵਿਅਕਤੀ ਨੂੰ ਮੁਆਫ਼ੀ ਦਿਵਾਈ ਗਈ ਜਿਸ ਨੇ ਆਪਣੇ ਗੁਨਾਹ ਦੀ ਮੁਆਫ਼ੀ ਵੀ ਨਹੀਂ ਮੰਗੀ ਸੀ। ਜਦੋਂ ਸਿੱਖ ਇਸ ਦੇ ਵਿਰੋਧ 'ਚ ਡਟ ਗਏ ਤਾਂ ਜਥੇਦਾਰਾਂ ਨੂੰ 'ਹੁਕਮਨਾਮਾ' ਵਾਪਸ ਲੈਣਾ ਪਿਆ ਸੀ ਤੇ ਇਸ ਤਰ੍ਹਾਂ ਇਸ ਸੰਸਥਾ ਦੀ ਪਵਿੱਤਰਤਾ ਨੂੰ ਖ਼ੋਰਾ ਲੱਗਿਆ। ਸ਼੍ਰੋਮਣੀ ਅਕਾਲੀ ਦਲ ਵੱਖ-ਵੱਖ ਚੋਣਾਂ ਵਿੱਚ ਸਿੱਖਾਂ ਅੰਦਰ ਆਪਣਾ ਆਧਾਰ ਗੁਆਉਂਦਾ ਰਿਹਾ ਅਤੇ ਅੰਤ ਨੂੰ ਇੱਕ 'ਜ਼ਮਾਨਤ-ਜ਼ਬਤ' ਪਾਰਟੀ ਬਣ ਕੇ ਰਹਿ ਗਿਆ। ਅਕਾਲੀਆਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਆਪਣੀ ਗ਼ਲਤੀ ਦੇ ਨਤੀਜੇ ਭੁਗਤਣੇ ਪੈ ਰਹੇ ਹਨ। ਇਸ ਲਈ ਹੋਰ ਨੁਕਸਾਨ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਵਜੋਂ ਉਹ ਅਕਾਲ ਤਖ਼ਤ ਦੇ ਪਿੱਛੇ ਸਥਿਤ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਗਏ ਅਤੇ 'ਜਾਣੇ-ਅਣਜਾਣੇ' ਵਿੱਚ ਹੋਏ ਪਾਪਾਂ ਲਈ ਮੁਆਫ਼ੀ ਮੰਗੀ ਪਰ ਇਸ ਨਾਲ ਵੀ ਕੁਝ ਨਹੀਂ ਸੰਵਰਿਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਦੋਂ ਅਕਾਲ ਤਖ਼ਤ ਅੱਗੇ ਪੇਸ਼ ਹੋਣਾ ਪਿਆ ਜਦੋਂ ਪਾਰਟੀ ਤੋਂ ਵੱਖ ਹੋਏ ਧੜੇ ਨੇ ਅਕਾਲ ਤਖ਼ਤ 'ਤੇ ਜਾ ਕੇ ਇਹ ਮੰਨ ਲਿਆ ਕਿ ਉਹ ਅਕਾਲੀ ਦਲ ਦੇ ਗ਼ੈਰ-ਪੰਥਕ ਫ਼ੈਸਲਿਆਂ ਦੇ ਮੌਨ ਹਮਾਇਤੀ ਰਹੇ ਸਨ ਤੇ ਉਨ੍ਹਾਂ ਨੂੰ ਮੁਆਫ ਕੀਤਾ ਜਾਵੇ। ਦੋ ਦਸੰਬਰ, 2024 ਇਤਿਹਾਸਕ ਦਿਨ ਸੀ ਜਦੋਂ ਉਹ ਵਾਪਰਿਆ ਜਿਸ ਦੀ ਉਮੀਦ ਨਹੀਂ ਕੀਤੀ ਜਾਂਦੀ ਸੀ। ਸੁਖਬੀਰ ਨੇ ਆਪਣੀਆਂ ਗ਼ਲਤੀਆਂ ਮੰਨ ਲਈਆਂ।

ਆਮ ਤੌਰ 'ਤੇ ਇਹ ਮੰਨਿਆ ਗਿਆ ਕਿ ਇਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਭਾਰ ਦਾ ਮੁੱਢ ਬੰਨ੍ਹ ਦਿੱਤਾ ਹੈ। ਸੁਖਬੀਰ ਦੇ ਜ਼ਿਆਦਾਤਰ ਆਲੋਚਕ ਉਸ ਨੂੰ ਮੌਕਾ ਦੇਣ ਦੇ ਹਾਮੀ ਸਨ। ਹਾਲਾਂਕਿ ਉਸ ਨੇ ਇਹ ਮੌਕਾ ਖੁੰਝਾ ਲਿਆ, ਪਹਿਲਾਂ 'ਤਨਖ਼ਾਹ' ਦਾ ਤਰੀਕਾ ਚੁਣ ਕੇ ਅਤੇ ਮਗਰੋਂ ਹੁਕਮਨਾਮੇ ਨਾਲ ਸਮਝੌਤੇ ਦੀ ਕੋਸ਼ਿਸ਼ ਕਰ ਕੇ।

ਜਦੋਂ ਇਹ ਸਭ ਨਾਕਾਮ ਹੋ ਗਿਆ ਤਦ ਜਥੇਦਾਰਾਂ ਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਣ ਦਾ ਸਮਾਂ ਆ ਗਿਆ। ਗਿਆਨੀ ਹਰਪ੍ਰੀਤ ਸਿੰਘ ਪਹਿਲਾ ਨਿਸ਼ਾਨਾ ਬਣੇ ਕਿਉਂਕਿ ਉਨ੍ਹਾਂ ਨੂੰ ਇਸ ਘਟਨਾਕ੍ਰਮ ਦਾ 'ਸੂਤਰਧਾਰ' ਸਮਝਿਆ ਗਿਆ, ਹਾਲਾਂਕਿ ਸਾਰੇ ਪੰਜ ਜਥੇਦਾਰਾਂ ਨੇ ਇਕਮੱਤ ਹੋ ਕੇ ਫ਼ੈਸਲਾ ਕੀਤਾ ਸੀ।

ਫਿਰ ਤੋਂ ਸਿੱਖ ਰਵਾਇਤਾਂ ਦਾ ਅਪਮਾਨ ਹੋਇਆ। ਨਾ ਸਿਰਫ਼ ਉਨ੍ਹਾਂ 'ਤੇ ਸ਼ਰਮਨਾਕ ਇਲਜ਼ਾਮ ਲਾਏ ਗਏ, ਬਲਕਿ ਉਸ ਸਿੱਖ ਔਰਤ ਬਾਰੇ ਵੀ ਕੁਝ ਨਹੀਂ ਵਿਚਾਰਿਆ ਗਿਆ ਜਿਹੜੀ ਸ਼ਿਕਾਇਤਕਰਤਾ ਨਾਲ ਤਲਾਕ ਤੋਂ ਬਾਅਦ ਪਿਛਲੇ 18 ਸਾਲਾਂ ਤੋਂ ਕਿਸੇ ਹੋਰ ਨਾਲ ਵਿਆਹੀ ਹੋਈ ਹੈ। ਇੱਕ ਹੋਰ ਜਵਾਨ ਸਿੱਖ ਔਰਤ ਨੂੰ ਨਿਸ਼ਾਨਾ ਬਣਾਇਆ ਗਿਆ, ਗਿਆਨੀ ਹਰਪ੍ਰੀਤ ਸਿੰਘ ਨਾਲ ਇੱਕ ਸਮਾਗਮ 'ਚ ਜਾਣ 'ਤੇ ਮਰਿਆਦਾ ਤੋੜਨ ਦਾ ਦੋਸ਼ ਲਾਇਆ ਗਿਆ। ਹੱਦ ਦਰਜੇ ਦੀ ਕਿਰਦਾਰਕੁਸ਼ੀ ਕੀਤੀ ਗਈ! ਇਹ ਸਭ ਕੁਝ ਉਦੋਂ ਕੀਤਾ ਗਿਆ ਜਦੋਂ ਕੁਝ ਸਮਾਂ ਪਹਿਲਾਂ ਤੱਕ ਅਜਨਬੀ ਲੋਕਾਂ ਵੱਲੋਂ ਵੀ ਆਪਣੀਆਂ ਧੀਆਂ ਦੀ ਸਲਾਮਤੀ ਲਈ ਸਿੱਖਾਂ 'ਤੇ ਭਰੋਸਾ ਕੀਤਾ ਜਾ ਰਿਹਾ ਸੀ।

ਏਜੰਡੇ 'ਤੇ ਅਗਲੀ ਚੀਜ਼ ਹੈ ਗਿਆਨੀ ਹਰਪ੍ਰੀਤ ਸਿੰਘ ਨੂੰ ਸਿੱਖ ਪੰਥ 'ਚੋਂ ਛੇਕਣਾ। ਇਸ ਲਈ, ਤਖ਼ਤ ਪਟਨਾ ਸਾਹਿਬ ਦੇ ਦਾਗ਼ੀ ਜਥੇਦਾਰ ਗਿਆਨੀ ਰਣਜੀਤ ਸਿੰਘ ਨੂੰ ਅਕਾਲ ਤਖ਼ਤ 'ਤੇ ਸ਼ਿਕਾਇਤ ਕਰਨ ਲਈ ਅੱਗੇ ਕੀਤਾ ਗਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਬਰਤਰਫ਼ੀ ਬਾਰੇ ਐੱਸਜੀਪੀਸੀ ਨਾਲ ਅਸਹਿਮਤੀ ਦਰਜ ਕਰਵਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ ਦਾ ਰਾਹ ਚੁਣਿਆ ਹੈ। ਹਾਲਾਂਕਿ, ਅਕਾਲ ਤਖ਼ਤ ਵੱਲੋਂ ਗਠਿਤ ਸੱਤ-ਮੈਂਬਰੀ ਕਮੇਟੀ ਤੋਂ ਅਸਤੀਫ਼ਾ ਦੇਣ ਦੀ ਧਾਮੀ ਦੀ ਪੇਸ਼ਕਸ਼ ਸਵਾਲ ਖੜ੍ਹਾ ਕਰਦੀ ਹੈ। ਕੀ ਉਸ 'ਤੇ ਹੁਕਮਨਾਮੇ ਅਤੇ ਸੁਖਬੀਰ ਦੇ ਆਦੇਸ਼ ਵਿੱਚੋਂ ਕਿਸੇ ਇੱਕ ਨੂੰ ਚੁਣਨ ਦਾ ਦਬਾਅ ਬਣਾਇਆ ਜਾ ਰਿਹਾ ਹੈ।

ਇਹ ਵਰਤਾਰਾ ਅਕਾਲ ਤਖ਼ਤ ਨੂੰ ਸਿਆਸੀ ਕਾਰਨਾਂ ਲਈ ਗਿਣ-ਮਿੱਥ ਕੇ ਵਰਤਣ ਅਤੇ ਸੁਖਬੀਰ ਧੜੇ ਮੁਤਾਬਿਕ ਨਾ ਚੱਲਣ ਵਾਲਿਆਂ ਨੂੰ 'ਸਬਕ ਸਿਖਾਉਣ' ਦੀ ਇੱਕ ਸਭ ਤੋਂ ਵੱਡੀ ਮਿਸਾਲ ਹੈ। ਸਿੱਖਾਂ ਲਈ ਸਮਾਂ ਆ ਗਿਆ ਹੈ ਕਿ ਉਹ ਅਕਾਲ ਤਖ਼ਤ ਵਰਗੀ ਸੰਸਥਾ ਦੀ ਦੁਰਵਰਤੋਂ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਅਕਾਲੀਆਂ ਨੂੰ ਕਹਿਣ ਕਿ ਉਹ ਆਪਣੀਆਂ ਲੜਾਈਆਂ ਆਪ ਲੜਨ।

* ਮੈਂਬਰ ਅਤੇ ਸਾਬਕਾ ਜਨਰਲ ਸਕੱਤਰ, ਐੱਸਜੀਪੀਸੀ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.




ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4



Gurnek Bangar
(Pasla)

# ਲੋਕਤੰਤਰ, ਚੋਣਾਂ ਅਤੇ ਸੰਵਿਧਾਨ



ਲਿਖਤ : ਸੁੱਚਾ ਸਿੰਘ ਖੱਟੜਾ
ਸੰਪਰਕ: 94176-52947

ਜੰਗਲ ਰਾਜ ਸ਼ਬਦ ਉੱਤੇ ਰਤਾ ਕੁ ਰੁਕ ਕੇ ਸੋਚੋ। ਇਹ ਸਾਡੇ ਅੱਜ ਦੇ ਲੋਕਰਾਜ ਤੱਕ ਪਹੁੰਚਣ ਦਾ ਪਹਿਲਾ ਪੜਾਅ ਹੈ। ਲੋਕਰਾਜ ਲਈ ਹਜ਼ਾਰਾਂ ਵਰ੍ਹਿਆਂ ਤੋਂ ਇਹ ਯਾਤਰਾ ਜਾਰੀ ਹੈ। ਇਹ ਰਾਜ ਪ੍ਰਬੰਧ ਦੇ ਸਰੂਪਾਂ ਦੇ ਵਿਕਾਸ ਦੀ ਯਾਤਰਾ ਹੈ। ਇਸ ਯਾਤਰਾ ਦਾ ਕੇਂਦਰੀ ਮੰਤਵ ਮਨੁੱਖ ਦੇ ਜੀਵਨ ਦੀ ਸੁਰੱਖਿਆ ਅਤੇ ਸੁੱਖ ਸਾਧਨ ਹਨ। ਇਸ ਦਿਸ਼ਾ ਵੱਲ ਚੱਲਦਿਆਂ ਮੁੱਖ ਤੌਰ 'ਤੇ ਦੋ ਵਿਚਾਰਧਾਰਾਵਾਂ ਮੁੱਖ ਰਹੀਆਂ ਹਨ। ਇਕ ਵਿਚਾਰਧਾਰਾ ਮਨੁੱਖ ਦੇ ਜੀਵਨ ਦੀ ਸੁਰੱਖਿਆ ਅਤੇ ਸੁੱਖ ਸਾਧਨਾਂ ਦਾ ਲੇਖਾ ਜੋਖਾ, ਉੱਪਰ ਕਿਸੇ ਸ਼ਕਤੀ ਦੁਆਰਾ ਤੈਅ ਹੁੰਦਾ ਦੱਸਦੀ ਹੈ। ਦੂਜੀ ਧਾਰਾ ਇਸ ਵਿਚਾਰ ਤੋਂ ਬਗ਼ਾਵਤ ਦੀ ਕਹਾਣੀ ਹੈ। ਪਹਿਲੀ ਧਾਰਾ ਵਿੱਚੋਂ ਬਗ਼ਾਵਤ ਤੋਂ ਅਲੱਗ ਪਰ ਪਹਿਲੀ ਧਾਰਾ ਵਿੱਚ ਸੋਧਾਂ ਤੋਂ ਬਣੀਆਂ ਵਿਚਾਰਧਾਰਾਵਾਂ ਦੀਆਂ ਹੋਰ ਸ਼ਾਖਾਵਾਂ ਵੀ ਰਹੀਆਂ ਹਨ। ਉਂਝ, ਲੋਕਤੰਤਰ ਜਿਸ ਵਿਚਾਰਧਾਰਾ ਦੀ ਯਾਤਰਾ ਦੇ ਅਜੋਕੇ ਪੜਾਅ ਉੱਤੇ ਪਹੁੰਚਿਆ, ਉਸ ਨੇ ਮਨੁੱਖ ਦੀ ਸੁਰੱਖਿਆ ਅਤੇ ਸੁੱਖ ਸਾਧਨਾਂ ਦੇ ਹੋਣ ਜਾਂ ਨਾ ਹੋਣ ਉੱਪਰ ਕਿਸੇ ਸ਼ਕਤੀ ਦੀ ਥਾਂ ਇਸ ਧਰਤੀ ਉੱਤੇ ਅਤੇ ਇਸ ਸਮਾਜ ਵਿੱਚ ਹੀ ਤੈਅ ਹੁੰਦਾ ਦੀ ਸਚਾਈ ਦਾ ਲੜ ਫੜੀ ਰੱਖਿਆ। ਕਬੀਲਾ ਯੁੱਗ ਵਿੱਚ ਰਾਜਿਆਂ, ਮਹਾਰਾਜਿਆਂ, ਸਮਰਾਟਾਂ ਦੇ ਸਮੇਂ ਦੇ ਮਨੁੱਖੀ ਜੀਵਨ ਵਿੱਚ ਰਾਜਤੰਤਰ ਦਾ ਸੱਤਾ ਕੇਂਦਰ ਨਿਰੰਕੁਸ਼ ਤਾਂ ਸੀ ਪਰ ਸੱਤਾ ਵਿੱਚ ਕੁਝ-ਕੁਝ ਸ਼ਕਤੀਆਂ ਦੀ ਵੰਡ ਸ਼ੁਰੂ ਹੋ ਗਈ ਸੀ। ਮਨੁੱਖੀ ਜੀਵਨ ਦੀ ਸੁਰੱਖਿਆ ਅਤੇ ਸੁੱਖ ਸਾਧਨਾਂ ਦਾ ਇੰਤਜ਼ਾਮ ਇਸੇ ਧਰਤੀ ਉੱਤੇ ਤੈਅ ਹੁੰਦਾ ਨਜ਼ਰ ਆਉਣ ਲੱਗਾ। ਇਹ ਵੱਖਰੀ ਗੱਲ ਹੈ ਕਿ ਤੈਅ ਕਰਨ ਵਾਲੀ ਇਸ ਸ਼ਕਤੀ, ਭਾਵ, ਰਾਜਾ ਨੂੰ ਈਸ਼ਵਰ ਦਾ ਦੂਜਾ ਰੂਪ ਵੀ ਨਾਲ ਹੀ ਮੰਨਿਆ ਜਾਂਦਾ ਸੀ। ਲੋਕਰਾਜ ਵੱਲ ਸਫ਼ਰ ਜਾਰੀ ਰਿਹਾ। ਸੱਤਾ ਕੇਂਦਰ 'ਲੋਕ ਹੋਣ' ਵੱਲ ਪਹਿਲੇ ਕਦਮ ਯੂਨਾਨ ਦੇ ਵਿਦਵਾਨਾਂ ਦੇ ਮੰਨੇ ਜਾਂਦੇ ਹਨ। ਯੂਨਾਨ ਦੀਆਂ ਸਿਟੀ ਸਟੇਟਸ ਵਿੱਚ ਸੱਤਾ ਦੇ ਕੇਂਦਰ ਉਥੋਂ ਦੀਆਂ ਸੈਨੇਟ ਸਨ ਪਰ ਸੈਨੇਟ ਦੇ ਮੈਂਬਰਾਂ ਦੀ ਚੋਣ ਲੋਕ ਨਹੀਂ ਸਨ ਕਰਦੇ। ਖ਼ੈਰ, ਲੋਕਰਾਜ ਵਲ ਵਿਕਾਸ ਦਾ ਇਹ ਪੜਾਅ ਅੱਜ ਤੋਂ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਦਾ ਹੈ; ਭਾਵ, ਈਸਾ ਤੋਂ ਪੰਜ ਸੌ ਸਾਲ ਪਹਿਲਾਂ। ਅੱਜ ਦੇ ਲੋਕਰਾਜ ਵਿੱਚ ਸਭ ਤੋਂ ਅਹਿਮ ਅਧਿਕਾਰ ਮਨੁੱਖੀ ਬਰਾਬਰੀ ਦਾ ਹੈ। ਇਸ ਅਧਿਕਾਰ ਵੱਲ ਪਹਿਲੇ ਇਨਕਲਾਬੀ ਕਦਮ ਉਨ੍ਹਾਂ ਧਾਰਮਿਕ ਰਹਿਬਰਾਂ ਨੇ ਪੁੱਟੇ ਜਿਨ੍ਹਾਂ ਵਿੱਚ ਗੌਤਮ ਬੁੱਧ, ਕਬੀਰ ਅਤੇ ਨਾਨਕ ਵਗੈਰਾ ਹਨ। ਭਾਰਤੀ ਸੰਵਿਧਾਨ ਵਿੱਚ ਬਰਾਬਰੀ ਦਾ ਜ਼ਿਕਰ ਕਰਨ ਲੱਗਿਆਂ ਵਾਰ-ਵਾਰ ਕਾਂਗਰਸ ਆਗੂ ਰਾਹੁਲ ਗਾਂਧੀ ਇਨ੍ਹਾਂ ਦਾ ਹੀ ਨਾਂ ਲੈਂਦਾ ਹੈ। ਇਸਾਈ ਮਤ ਵਿੱਚ ਵੀ ਮਨੁੱਖੀ ਬਰਾਬਰੀ ਦਾ ਪੱਖ ਹੈ। ਇਸਲਾਮ ਅਤੇ ਇਸਾਈ ਮਤ ਉਦੋਂ ਖ਼ਾਮੋਸ਼ ਹੋ ਜਾਂਦੇ ਰਹੇ ਹਨ ਜਦੋਂ ਇਸਾਈ ਜਾਂ ਇਸਲਾਮੀ ਸ਼ਾਸਕ ਦੂਜੇ ਮੁਲਕਾਂ ਜਾਂ ਕੌਮਾਂ ਨੂੰ ਜੰਗਾਂ ਯੁੱਧਾਂ ਰਾਹੀਂ ਗ਼ੁਲਾਮ ਬਣਾਉਂਦੇ ਰਹੇ। ਯਾਦ ਰੱਖਣ ਵਾਲਾ ਸੱਚ ਇਹ ਵੀ ਹੈ ਕਿ ਸਾਰੇ ਧਰਮਾਂ ਵਿੱਚ ਮਨੁੱਖੀ ਬਰਾਬਰੀ ਦਾ ਸੰਕਲਪ 'ਈਸ਼ਵਰ ਦੀ ਨਜ਼ਰ ਵਿੱਚ ਸਭ ਬਰਾਬਰ ਹਨ' ਤੋਂ ਹੇਠਾਂ ਰਾਜਨੀਤਕ ਅਤੇ ਸਮਾਜਿਕ ਖੇਤਰ ਤੱਕ ਨਹੀਂ ਉਤਰਿਆ। ਫਿਰ ਵੀ, ਧਾਰਮਿਕ ਰਹਿਬਰਾਂ ਦੀ ਇਸ ਦਿਸ਼ਾ ਵਿੱਚ ਦੇਣ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ। ਮੌਜੂਦਾ ਲੋਕਤੰਤਰੀ ਢਾਂਚੇ ਵਿੱਚ ਮੌਲਿਕ ਅਧਿਕਾਰ, ਲੋਕਾਂ ਦੁਆਰਾ ਵੋਟਾਂ ਰਾਹੀਂ ਨੁਮਾਇੰਦੇ ਚੁਣਨਾ, ਸਿਆਸੀ ਪਾਰਟੀਆਂ ਬਣਾਉਣਾ, ਬਹੁਮਤ ਦੇ ਆਧਾਰ 'ਤੇ ਸਰਕਾਰ ਬਣਨਾ, ਕਾਨੂੰਨ ਬਣਾਉਣ ਵਾਲੀ ਵਿਧਾਨ ਪਾਲਿਕਾ, ਕਾਨੂੰਨ ਲਾਗੂ ਕਰਨ ਵਾਲੀ ਕਾਰਜ ਪਾਲਿਕਾ, ਕਾਨੂੰਨ ਨੂੰ ਸੰਵਿਧਾਨਕ ਕਸੌਟੀ 'ਤੇ ਸਹੀ ਜਾਂ ਗ਼ਲਤ ਠਹਿਰਾਉਣ ਵਾਲੀ ਨਿਆਂ ਪਾਲਿਕਾ, ਸਿਸਟਮ ਨੂੰ ਹੋਰ ਲੋਕਰਾਜੀ ਬਣਾਉਣ ਲਈ ਸੰਵਿਧਾਨਕ ਸੰਸਥਾਵਾਂ ਅਤੇ ਇਸ ਦਿਸ਼ਾ ਵਿੱਚ ਕਿੰਨਾ ਕੁਝ ਹੋਰ ਦਾ ਸੋਮਾ ਸੰਵਿਧਾਨ ਹੈ ਜਿਸ ਨੇ ਆਪਣੀ ਰਾਖੀ ਨਿਆਂ ਪਾਲਿਕਾ ਨੂੰ ਦਿੱਤੀ ਹੋਈ ਹੈ। ਜੇ ਸਰਕਾਰਾਂ ਸੰਵਿਧਾਨ ਅਨੁਸਾਰ ਬਣਨ ਅਤੇ ਚੱਲਣ ਤਾਂ ਲੋਕਰਾਜ ਵੱਲ ਇਹ ਬਹੁਤ ਵੱਡੀ ਪੁਲਾਂਘ ਹੈ। ਇਹ ਇਸ ਦਿਸ਼ਾ ਵਿੱਚ ਹਜ਼ਾਰਾਂ ਵਰ੍ਹਿਆਂ ਵਿੱਚ ਹੋਏ ਰਹਿਬਰਾਂ, ਚਿੰਤਕਾਂ ਅਤੇ ਧਰਤੀ ਦੀ ਹਰ ਦਿਸ਼ਾ ਵਿੱਚ ਹੋਏ ਮਾਨਵਵਾਦੀਆਂ ਦਾ ਵਿਰਸਾ ਹੈ। ਜਦੋਂ ਅਸੀਂ ਲੋਕਰਾਜ ਲਈ ਚਿਤਵੇ ਆਧਾਰਾਂ 'ਤੇ ਨਹੀਂ ਟਿਕਦੇ, ਜਦੋਂ ਅਸੀਂ ਲੋਕਰਾਜ ਲਈ ਚਿਤਵੇ ਟੀਚਿਆਂ ਵੱਲ ਪਿੱਠ ਕਰ ਕੇ ਕੁਝ ਲੋਕਾਂ ਵੱਲ ਸਵੱਲੀ ਨਜ਼ਰ ਕਰ ਲੈਂਦੇ ਹਾਂ, ਲੋਕਾਂ ਦੀ ਕਿਰਤ ਤੋਂ ਉਪਜੇ ਸਰਮਾਏ ਦਾ ਵਹਾਅ ਉਨ੍ਹਾਂ ਕੁਝ ਲੋਕਾਂ ਵੱਲ ਮੋੜ ਦਿੰਦੇ ਹਾਂ ਤਾਂ ਉਹੀ ਕੁਝ ਲੋਕਰਾਜ ਸੱਤਾ ਨੂੰ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਹਮੇਸ਼ਾ-ਹਮੇਸ਼ਾ ਲਈ ਰੱਖਣ ਦੇ ਮਨਸੂਬੇ ਘੜਦੇ ਹਨ ਜਿਹੜੇ ਇਨ੍ਹਾਂ ਉੱਤੇ ਸਵੱਲੀ ਨਜ਼ਰ ਰੱਖਦੇ ਹਨ। ਇਉਂ ਲੋਕਰਾਜ, ਸੰਵਿਧਾਨ ਸਭ ਕੁਝ ਬਰਬਾਦ ਹੋਣ ਲਗਦਾ ਹੈ ਕਿਉਂਕਿ ਧਨ ਕੁਬੇਰਾਂ ਅਤੇ ਸਿਆਸੀ ਆਗੂਆਂ ਦਾ ਨਾਪਾਕ ਗਠਜੋੜ ਬਣ ਜਾਂਦਾ ਹੈ। ਇਸ ਗਠਜੋੜ ਦਾ ਸਿੱਟਾ ਹੈ ਕਿ ਲੋਕ, ਸੱਤਾ ਦਾ ਕੇਂਦਰ ਨਹੀਂ ਰਹਿੰਦੇ। ਲੋਕਾਂ ਵੱਲੋਂ ਆਪਣੇ ਆਗੂ ਚੁਣਨ ਦੇ ਬਦਲ ਸੁੰਗੜ ਜਾਂਦੇ ਹਨ। ਇਸ ਤੋਂ ਵੀ ਮੁੱਢਲੀ ਸਟੇਜ, ਭਾਵ, ਆਗੂ ਚੁਣਨ ਲਈ ਸਮਝ, ਸੋਝੀ ਤੇ ਗਿਆਨ ਤੋਂ ਲੋਕਾਂ ਨੂੰ ਵਿਰਵਾ ਕਰ ਲਿਆ ਜਾਂਦਾ ਹੈ। ਉਨ੍ਹਾਂ ਲਈ ਤਰਜੀਹਾਂ ਮਸਲਿਆਂ ਦੀ ਥਾਂ, ਗ਼ੈਰ-ਜ਼ਰੂਰੀ ਤੋਂ ਵੀ ਬਦਤਰ ਸਮਾਜ ਅੰਦਰ ਫੁੱਟ ਪਾਉਣ ਵਾਲੀ ਆਪਸੀ ਨਫ਼ਰਤ ਅਤੇ ਹਿੰਸਾ ਵਧਾਉਣ ਵਾਲੀਆਂ ਬਣ ਜਾਂਦੀਆਂ ਹਨ। ਸਿੱਟਾ ਇਹ ਨਿਕਲਦਾ ਹੈ ਕਿ ਮਿਆਰੀ ਸਿੱਖਿਆ, ਸਸਤਾ ਇਲਾਜ, ਰੁਜ਼ਗਾਰ ਦੇਣ ਲਈ ਪ੍ਰੋਗਰਾਮਾਂ ਦੀ ਥਾਂ ਮੰਦਰ ਦੀ ਉਸਾਰੀ, ਮੁਫ਼ਤ ਤੀਰਥ ਯਾਤਰਾ, ਲਵ ਜਹਾਦ ਆਦਿ ਉੱਤੇ ਕਾਨੂੰਨ ਵਧੇਰੇ ਜ਼ਰੂਰੀ ਅਤੇ ਅਗਾਂਹਵਧੂ ਲੱਗਣ ਲੱਗਦੇ ਹਨ। ਕਿਸੇ ਹਿੱਸੇ ਨੂੰ ਇਸ ਖਾਸ ਕਿਸਮ ਦੀ ਪਛਾਣ ਨਾਲ ਜੋੜ ਲਿਆ ਜਾਂਦਾ ਹੈ। ਜਿਨ੍ਹਾਂ ਸੰਸਥਾਵਾਂ ਨੂੰ ਲੋਕਰਾਜ ਦੀ ਮਜ਼ਬੂਤੀ ਲਈ ਬਣਾਇਆ ਗਿਆ ਹੁੰਦਾ ਹੈ, ਉਨ੍ਹਾਂ ਵਿੱਚ ਉਸ ਪਛਾਣ ਦੇ ਲੋਕ ਭਰ ਲਏ ਜਾਂਦੇ ਹਨ। ਇਹ ਇਸ ਸਿਲਸਿਲੇ ਦੀ ਘਿਨਾਉਣੀ ਸਟੇਜ ਹੈ ਕਿ ਫ਼ੌਜ, ਪੁਲੀਸ, ਨਿਆਂ ਪਾਲਿਕਾ, ਸਿੱਖਿਆ ਸੰਸਥਾਵਾਂ ਤੱਕ ਇਸ ਘੇਰੇ ਵਿੱਚ ਆ ਗਏ ਹਨ। ਸੰਵਿਧਾਨ ਲਾਚਾਰ ਹੈ। 'ਇਸ ਲੋਕਤੰਤਰ ਦਾ ਹਸ਼ਰ ਇਹੀ ਹੋਵੇਗਾ' ਦਾ ਸੱਚ ਕੁਝ ਲੋਕਾਂ ਨੇ ਸੰਵਿਧਾਨ ਬਣਨ ਸਮੇਂ ਬੁੱਝ ਲਿਆ ਸੀ ਪਰ ਅਜਿਹੇ ਲੋਕ ਸਮਾਜਵਾਦੀਏ ਸਨ ਅਤੇ ਉਨ੍ਹਾਂ ਦੀ ਟਿੱਪਣੀ ਨੂੰ ਕਾਮਰੇਡਾਂ ਦੀ ਟਿੱਪਣੀ ਕਹਿ ਕੇ ਨਕਾਰ ਦਿੱਤਾ ਗਿਆ। ਖ਼ੁਦ ਡਾਕਟਰ ਅੰਬੇਡਕਰ ਦਾ ਵੀ ਇਸ ਸੰਵਿਧਾਨ ਦੀਆਂ ਸੀਮਾਵਾਂ ਵਲ ਇਸ਼ਾਰਾ ਸੀ ਜਦੋਂ ਉਹਨੇ ਸਪਸ਼ਟ ਕਹਿ ਦਿੱਤਾ ਸੀ ਕਿ ਇਸ ਸੰਵਿਧਾਨ ਦਾ ਚੰਗਾ ਜਾਂ ਮਾੜਾ ਹੋਣਾ ਇਸ ਨੂੰ ਲਾਗੂ ਕਰਨ ਵਾਲੇ ਲੋਕਾਂ ਉੱਤੇ ਨਿਰਭਰ ਕਰੇਗਾ। ਰਾਹੁਲ ਗਾਂਧੀ ਸੰਵਿਧਾਨ ਚੁੱਕ ਕੇ ਇਸ ਨੂੰ ਬਚਾਉਣ ਦੇ ਨਾਅਰੇ ਨਾਲ ਸਾਰੇ ਦੇਸ਼ ਵਿੱਚ ਘੁੰਮ ਰਿਹਾ ਹੈ। ਲੋਕ ਰਾਜ ਵਲੂੰਧਰਿਆ ਗਿਆ ਹੈ। ਰਾਹੁਲ ਇਸ ਨੂੰ ਬਚਾਉਣ ਦੀ ਗਲ ਕਰਦਾ ਹੈ। ਭਾਜਪਾ ਇਸ ਨੂੰ ਵਿਗਾੜ, ਵਲੂੰਧਰ ਕੇ ਅਤੇ ਲਚਾਰ ਬਣਾ ਕੇ ਵੀ ਸੰਤੁਸ਼ਟ ਨਹੀਂ। ਉਹ ਇਸ ਨੂੰ ਬਦਲਣ ਦੀ ਗੱਲ ਕਰਦੀ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਅੱਜ ਦੇ ਲੋਕਰਾਜਾਂ ਤੱਕ ਪਹੁੰਚਣ ਵਿੱਚ ਚਿੰਤਕਾਂ, ਬੁੱਧੀਜੀਵੀਆਂ ਦਾ ਹੀ ਯੋਗਦਾਨ ਨਹੀਂ, ਇਸ ਵਿਕਾਸ ਯਾਤਰਾ ਵਿੱਚ ਲੋਕਾਂ ਨੂੰ ਲੋਕਰਾਜ ਲਾਗੂ ਕਰਵਾਉਣ ਅਤੇ ਇਸ ਨੂੰ ਬਚਾਉਣ ਲਈ ਖ਼ੂਨੀ ਸੰਘਰਸ਼ ਕਰਨੇ ਪਏ ਹਨ। ਹੁਣ ਸਵਾਲ ਹੈ: ਕੀ ਇਹ ਸਾਡਾ ਸੰਵਿਧਾਨ ਆਖ਼ਿਰੀ ਟੀਸੀ ਹੈ? ਕੀ ਅੱਜ ਦੇ ਚਿੰਤਕ, ਬੁੱਧੀਜੀਵੀ ਵੱਖ-ਵੱਖ ਦੇਸ਼ਾਂ ਦੇ ਸੰਵਿਧਾਨ ਪੜ੍ਹਾਉਣ ਜੋਗੇ ਹੀ ਹਨ? ਕੀ ਉਨ੍ਹਾਂ ਨੂੰ ਇਸ ਸੰਵਿਧਾਨ ਵਿੱਚ ਕਿਸੇ ਤਬਦੀਲੀ ਦੀ ਲੋੜ ਨਹੀਂ ਦਿਸਦੀ? ਅਸੀਂ ਕਿਸੇ ਸੰਵਿਧਾਨ ਦੀ ਵਕਾਲਤ ਨਹੀਂ ਕਰਦੇ ਪਰ ਭਾਰਤ ਅਤੇ ਚੀਨ ਲਗਭੱਗ ਇਕੋ ਸਮੇਂ ਆਜ਼ਾਦ ਹੋਏ; ਸੰਵਿਧਾਨ ਇੱਥੇ ਵੀ ਹੈ, ਸੰਵਿਧਾਨ ਉੱਥੇ ਵੀ ਹੈ। ਉਸ ਦੇਸ਼ ਦੀ ਆਰਥਿਕ, ਸੈਨਿਕ, ਵਿਗਿਆਨਕ ਸ਼ਕਤੀ, ਸਿੱਖਿਆ ਅਤੇ ਖੇਡਾਂ ਦੇ ਮਿਆਰਾਂ ਤੱਕ ਪਹੁੰਚਣ, ਅਮੀਰੀ ਗਰੀਬੀ ਦਾ ਪਾੜਾ ਵਧਣ ਤੋਂ ਰੋਕਣ, ਆਗੂਆਂ ਨੂੰ ਭ੍ਰਿਸ਼ਟਾਚਾਰ ਤੋਂ ਦੂਰ ਰੱਖਣ ਲਈ ਉਨ੍ਹਾਂ ਦੇ ਸੰਵਿਧਾਨ ਵਿੱਚ ਕੁਝ ਤਾਂ ਹੋਵੇਗਾ ਜਿਹੜਾ ਰਾਹ ਦੱਸਦਾ ਰਿਹਾ ਹੋਵੇਗਾ। ਕੀ ਅਸੀਂ ਉਸ ਅਤੇ ਹੋਰ ਦੇਸ਼ਾਂ ਦੇ ਸੰਵਿਧਾਨਾਂ ਨੂੰ ਦੁਬਾਰਾ ਇਸ ਮੰਤਵ ਲਈ ਘੋਖ ਨਹੀਂ ਸਕਦੇ ਕਿ ਅਜਿਹੀ ਕੀ ਤਬਦੀਲੀ ਕਰੀਏ ਕਿ ਅਸੀਂ ਭਾਰਤ ਦੇ ਲੋਕ ਆਪਣੀ ਚੋਣ ਪ੍ਰਣਾਲੀ ਨੂੰ ਦੂਸ਼ਿਤ ਹੋਣ ਤੋਂ ਬਚਾ ਲਈਏ, ਆਪਣੇ ਮੁੱਦਿਆਂ ਮਸਲਿਆਂ ਨੂੰ ਚੋਣ ਮੁੱਦੇ ਬਣਾ ਸਕੀਏ, ਆਰਥਿਕਤਾ ਦੇ 'ਓ' 'ਅ' ਦੀ ਸਮਝ ਬਣਾ ਸਕੀਏ ਜਿਸ ਵਿੱਚ ਰਿਉੜੀਆਂ ਲਈ ਭਾਗੀਦਾਰੀ ਦੀ ਥਾਂ ਵਿਕਾਸ ਵਿੱਚ ਭਾਗੀਦਾਰੀ ਲਈ ਪਹਿਲ ਹੋਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਬੁੱਧੀਜੀਵੀ ਇਸ ਨਜ਼ਰੀਏ ਨਾਲ ਸੋਚਣ ਦੀ ਚੁਣੌਤੀ ਕਬੂਲ ਕਰਨ। ਉਪਰੋਕਤ ਚਰਚਾ ਤੋਂ ਤਿੰਨ ਸਥਿਤੀਆਂ ਬਣਦੀਆਂ ਹਨ। ਪਹਿਲੀ ਭਾਜਪਾ ਵਾਲੀ ਕਿ ਮੌਜੂਦਾ ਸੰਵਿਧਾਨ ਬਦਲ ਕੇ ਮਨੂਵਾਦੀ ਸੰਵਿਧਾਨ ਲਿਆਂਦਾ ਜਾਵੇ; ਇਹ ਪਿਛਾਖੜੀ ਸੋਚ ਸਾਨੂੰ ਹਜ਼ਾਰਾਂ ਵਰ੍ਹੇ ਪਿਛਾਂਹ ਲੈ ਜਾਵੇਗੀ। ਦੂਜੀ ਸਥਿਤੀ ਹੈ ਕਿ ਸੰਵਿਧਾਨ ਅ-ਬਦਲ ਹੈ, ਇਸ ਨੂੰ ਜਿਉਂ ਦਾ ਤਿਉਂ ਬਚਾ ਕੇ ਰੱਖਿਆ ਜਾਵੇ। ਇਹ ਰਾਹੁਲ ਗਾਂਧੀ ਦੀ ਸਥਿਤੀ ਹੈ। ਤੀਜੀ ਸਥਿਤੀ ਹੈ ਕਿ ਇਸ ਨੂੰ ਬਚਾਇਆ ਵੀ ਜਾਵੇ ਅਤੇ ਇਸ ਅੰਦਰ ਅਜਿਹੀਆਂ ਮੁੱਢਲੀਆਂ ਤਬਦੀਲੀਆਂ ਵੀ ਕਰ ਲਈਆਂ ਜਾਣ ਤਾਂ ਜੋ ਇਸ ਸੰਵਿਧਾਨ ਤੋਂ ਜਿਹੜਾ ਪ੍ਰਾਪਤ ਹੋਣੋਂ ਰਹਿ ਗਿਆ, ਉਹ ਵੀ ਪ੍ਰਾਪਤ ਹੋ ਸਕੇ ਅਤੇ ਇਹ ਸੰਵਿਧਾਨ ਆਪਣੀ ਖ਼ੁਦ ਦੀ ਰਾਖੀ ਲਈ ਲੋਕਾਂ ਨੂੰ ਤਿਆਰ ਵੀ ਕਰੇ। ਤੀਜੀ ਸਥਿਤੀ ਹੀ ਅਗਾਂਹਵਧੂ ਹੈ।

# ਬੁਲੰਦੀ

ਲਿਖਤ : ਅਵਨੀਤ ਕੌਰ
ਸੰਪਰਕ: salamzindgi88@gmail.com

ਪ੍ਰੀਖਿਆ ਕੇਂਦਰ 'ਤੇ ਵਕਤ ਸਿਰ ਪਹੁੰਚਣ ਲਈ ਕੈਬ ਬੁਲਾਈ। ਹੋਸਟਲ ਵਿੱਚੋਂ ਬਾਹਰ ਆਉਂਦਿਆਂ ਹੀ ਕੈਬ ਆ ਮਿਲੀ। ਮੈਂ ਡਰਾਈਵਰ ਅੰਕਲ ਨੂੰ ਸਤਿਕਾਰ ਨਾਲ ਦੁਆ-ਸਲਾਮ ਕਰਦਿਆਂ ਕੈਬ ਵਿੱਚ ਬੈਠੀ। ਕੈਬ ਚਲਾ ਰਿਹਾ ਸ਼ਾਂਤ ਚਿੱਤ ਚਿਹਰਾ। ਅੱਧਖੜ੍ਹ ਉਮਰ, ਸੜਕ ਵੱਲ ਧਿਆਨ। ਹਰੀਆਂ, ਲਾਲ ਬੱਤੀਆਂ 'ਤੇ ਰੁਕਦਾ, ਤੁਰਦਾ। ਅਜਬ ਠਰ੍ਹੰਮਾ। ਮੁਹਰਲੇ ਦੀ ਗ਼ਲਤੀ ਵੀ ਮੁਸਕਰਾ ਕੇ ਟਾਲਦਾ। ਸਾਰਾ ਧਿਆਨ ਸੜਕ ਗੱਡੀ ਚਲਾਉਣ ਵੱਲ। ਆਪਣੇ ਕੰਮ ਵੱਲ ਧਿਆਨ। ਇਹ ਦੇਖ ਮੈਨੂੰ ਆਪਣੇ ਵਿਦਵਾਨ ਪ੍ਰੋਫ਼ੈਸਰ ਦੇ ਬੋਲ ਯਾਦ ਆਏ- 'ਆਪਣੇ ਕੰਮ ਪ੍ਰਤੀ ਬੰਦੇ ਦੀ ਸੁਹਿਰਦਤਾ ਹੀ ਉਸ ਦੀ ਪਛਾਣ ਹੁੰਦੀ ਹੈ। ਕੋਈ ਵੀ ਕੰਮ ਤਾਂ ਹੀ ਸਿਰੇ ਚੜ੍ਹਦਾ ਹੈ ਜਦ ਕਰਨ ਵਾਲਾ ਉਸ ਨਾਲ ਵਫ਼ਾ ਨਿਭਾਵੇ।'

ਮੈਨੂੰ ਡਰਾਈਵਰ ਅੰਕਲ ਵਿਚੋਂ ਆਪਣੇ ਜੀਵਨ ਪੰਧ ਮੁਕਾ ਗਏ ਹੈੱਡਮਾਸਟਰ ਨਾਨਾ ਜੀ ਦਾ ਅਕਸ ਨਜ਼ਰ ਆਇਆ। ਸੇਵਾ ਮੁਕਤੀ ਤੋਂ ਬਾਅਦ ਅਕਸਰ ਸਾਡੇ ਕੋਲ ਆਉਂਦੇ। ਆਖਦੇ- 'ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਰਿਹਾਂ। ਆਪਣੇ ਵਿਦਿਆਰਥੀਆਂ ਦੇ ਨਾਲ ਨਾਲ ਪਰਿਵਾਰ ਨੂੰ ਵੀ ਸਫਲਤਾ ਦੀ ਮੰਜ਼ਿਲ 'ਤੇ ਤੋਰ ਸਕਿਆਂ। ਆਪਣੇ ਕੰਮ ਨਾਲ ਲਗਨ ਜ਼ਿੰਦਗੀ ਨੂੰ ਹਾਰਨ ਨਹੀਂ ਦਿੰਦੀ। ਮਨੁੱਖ ਦੀ ਸਫਲਤਾ ਪਿੱਛੇ ਉਸ ਦੀ ਮਿਹਨਤ ਤੇ ਕਿੱਤੇ ਪ੍ਰਤੀ ਸਮਰਪਣ ਭਾਵਨਾ ਹੁੰਦੀ ਹੈ। ਪੁਸਤਕਾਂ ਵਾਲੀ ਅਲਮਾਰੀ ਖੋਲ੍ਹਦੇ। ਪੁਸਤਕਾਂ ਨਾਲ ਸੰਵਾਦ ਰਚਾਉਂਦੇ। ਜ਼ਿਕਰ ਕਰਦੇ ਜਿਹੜੇ ਮਨੁੱਖ ਇਨ੍ਹਾਂ ਦਾ ਸੰਗ ਸਾਥ ਕਰ ਲੈਣ, ਉਨ੍ਹਾਂ ਦਾ ਜੀਵਨ ਰਾਹ ਹੋਰ ਵੀ ਸੁਖਾਲਾ ਹੋ ਜਾਂਦਾ।'

ਡਰਾਈਵਰ ਅੰਕਲ ਦੇ ਬੋਲਾਂ ਨੇ ਸੋਚਾਂ ਦੀ ਤੰਦ ਬਿਖੇਰੀ- 'ਬੇਟਾ, ਮੈਂ ਵੀ ਦੋ ਧੀਆਂ ਦਾ ਬਾਪ ਹਾਂ। ਦੋਵਾਂ ਨੂੰ ਪੁੱਤਰਾਂ ਵਾਂਗਰ ਪਾਲਿਆ ਪੋਸਿਆ। ਪੜ੍ਹਾ ਲਿਖਾ ਕੇ ਪੈਰਾਂ ਸਿਰ ਕੀਤਾ। ਚੰਗੇ ਘਰਾਂ ਵਿੱਚ ਸ਼ਾਦੀਆਂ ਕੀਤੀਆਂ। ਆਪੋ-ਆਪਣੇ ਘਰਾਂ ਵਿੱਚ ਸੁਖੀ ਵਸਦੀਆਂ ਨੇ। ਦੋਵਾਂ ਧੀਆਂ ਤੋਂ ਛੋਟੇ ਇਕਲੌਤੇ ਪੁੱਤਰ ਤੋਂ ਵੀ ਕੁਸ਼ ਨਹੀਂ ਲੁਕੋਇਆ। ਹਰ ਸੁਖ ਸਹੂਲਤ ਦਿੱਤੀ। ਨੌਕਰੀ ਸਿਰੇ ਕਰ ਕੇ ਵਿਆਹਿਆ ਵਰਿਆ। ਮੈਂ ਆਪਣੀ ਜੁਆਨੀ ਫ਼ੌਜ ਵਿੱਚ ਬਿਤਾਈ। ਸੇਵਾ ਮੁਕਤ ਹੋ ਕੇ ਬੈਂਕ ਦੀ ਨੌਕਰੀ ਕੀਤੀ। ਆਪਣੇ ਧੀਆਂ ਪੁੱਤ ਲਈ ਜੀਵਨ ਦੀ ਹਰ ਖ਼ੁਸ਼ੀ ਲੇਖੇ ਲਾਈ। ਆਪਣਾ ਆਪ ਭੁਲਾ ਕੇ ਹਰ ਫ਼ਰਜ਼ ਪੂਰਾ ਕੀਤਾ।'

ਇਹ ਦੱਸਦਿਆਂ ਆਪਣਾ ਆਪ ਛੋਟਾ ਲਗਦਾ। ਅੰਕਲ ਦੀਆਂ ਛਲਕੀਆਂ ਅੱਖਾਂ ਸਭ ਕੁਝ ਬਿਆਨ ਕਰ ਗਈਆਂ। ਕੁਝ ਪਲ ਕੈਬ ਵਿੱਚ ਸ਼ਾਂਤੀ ਪਸਰੀ ਰਹੀ। ਮੇਰੇ ਮਨ ਸਾਹਵੇਂ ਸਾਡੀ ਮੰਡੀ ਦੇ ਸ਼ਾਹੂਕਾਰ ਬਜ਼ੁਰਗ ਮਾਪੇ ਆ ਖੜ੍ਹੇ। ਚੰਗੇ ਸਰਦੇ ਪੁਜਦੇ, ਵੱਡੇ ਕਾਰੋਬਾਰ ਦੇ ਮਾਲਕ। ਮਹਿੰਗੀਆਂ ਕਾਰਾਂ ਵਿੱਚ ਘੁੰਮਣ ਵਾਲੇ ਸੇਠ। ਆਖ਼ਿਰੀ ਉਮਰੇ ਮੋਹ ਪਿਆਰ ਵੱਸ ਜਾਇਦਾਦ ਮੁੰਡਿਆਂ ਦੇ ਨਾਂ ਕੀ ਕੀਤੀ, ਉਨ੍ਹਾਂ ਸਾਹਵੇਂ ਬੇਵੱਸ ਹੋ ਗਏ। ਜਿਨ੍ਹਾਂ ਦੋ ਮੁੰਡਿਆਂ 'ਤੇ ਸੇਠ ਨੂੰ ਅੰਤਾਂ ਦਾ ਮਾਣ ਸੀ, ਉਨ੍ਹਾਂ ਸਾਰਾ ਕਾਰੋਬਾਰ ਸਾਂਭਦਿਆਂ ਅੱਖਾਂ ਫੇਰ ਲਈਆਂ। ਮਾਪਿਆਂ ਪੱਲੇ ਰਹਿ ਗਈ ਕਲਪਨਾ ਤੇ ਨਿਰਾਸ਼ਾ। ਘਰੋਂ ਬਾਹਰ ਨਿਕਲਣ ਨਹੀਂ ਦਿੰਦੇ। ਮਾਪੇ ਹੱਥੀਂ ਉਸਾਰੇ ਮਹਿਲ 'ਚ ਜ਼ਿੰਦਗੀ ਦਾ ਬੋਝ ਢੋਣ ਲਈ ਮਜਬੂਰ ਹੋ ਗਏ। ਲਾਲ ਬੱਤੀਆਂ 'ਤੇ ਕੈਬ ਰੁਕੀ। ਡਰਾਈਵਰ ਅੰਕਲ ਮੁੜ ਬੋਲਣ ਲੱਗੇ- 'ਬੇਟਾ, ਤੁਹਾਡੇ ਵਰਗੇ ਪੁੱਤਰ ਧੀਆਂ ਦੇਖ ਮਨ ਖ਼ੁਸ਼ ਹੁੰਦਾ। ਮਾਪੇ ਤੁਹਾਨੂੰ ਪੜ੍ਹਾਉਣ ਲਿਖਾਉਣ ਲਈ ਕਾਲਜ, ਯੂਨੀਵਰਸਿਟੀ ਭੇਜਦੇ ਨੇ। ਆਪਣਾ ਢਿੱਡ ਪੇਟ ਬੰਨ੍ਹ ਕੇ ਹਰ ਲੋੜ ਪੂਰੀ ਕਰਦੇ ਨੇ। ਤੁਹਾਡੇ ਸਾਹ ਵਿੱਚ ਸਾਹ ਲੈਂਦੇ ਨੇ। ਆਪਣੇ ਪੈਰਾਂ ਸਿਰ ਹੋ ਕੇ ਤੁਹਾਡਾ ਵੀ ਤਾਂ ਮਾਪਿਆਂ ਲਈ ਕੋਈ ਫ਼ਰਜ਼ ਬਣਦਾ! ਹੁਣ ਮੇਰੇ ਵੱਲ ਦੇਖ ਬੇਟਾ। ਸਾਰੀ ਉਮਰ ਘਰ ਪਰਿਵਾਰ ਲਈ ਲਗਾ ਦਿੱਤੀ। ਤਿੰਨ ਤਿੰਨ ਨੌਕਰੀਆਂ ਕਰ ਕੇ ਔਲਾਦ ਨੂੰ ਹਰ ਸਹੂਲਤ ਦੇਣ ਵਿੱਚ ਜੁਟਿਆ ਰਿਹਾ। ਆਖ਼ਿਰੀ ਉਮਰੇ ਅਸੀਂ ਦੋਵੇਂ ਜੀਅ 'ਕੱਲੇ 'ਕਹਿਰੇ ਰਹਿ ਗਏ। ਸਾਡੇ ਦੋਹਾਂ ਜੀਆਂ ਦੇ ਸੁਫ਼ਨਿਆਂ ਤੇ ਆਸਾਂ ਉੱਪਰ ਪਾਣੀ ਫਿਰ ਗਿਆ।' 'ਮੇਰੇ ਮਨ ਵਿੱਚ ਇਹ ਖ਼ਿਆਲ ਅਕਸਰ ਆਉਂਦਾ... ਫ਼ੌਜ ਦੀ ਨੌਕਰੀ ਕਰ ਕੇ ਮੈਂ ਸਾਂਝਾਂ ਨਹੀਂ ਪਾਲ ਸਕਿਆ ਜਿਹੜੀਆਂ ਬੰਦੇ ਦੇ ਜੀਵਨ ਦੀ ਨੀਂਹ ਹੁੰਦੀਆਂ। ਸਭਾ, ਸੁਸਾਇਟੀਆਂ ਤੋਂ ਹਮੇਸ਼ਾ ਦੂਰ ਰਿਹਾ। ਗਲੀ, ਮੁਹੱਲੇ ਤੇ ਰਿਸ਼ਤੇਦਾਰਾਂ ਨਾਲ ਮੇਰੀ ਮੱਤ ਨਹੀਂ ਮਿਲੀ। ਬੱਸ ਆਪਣੀ ਨੌਕਰੀ ਤੇ ਘਰ ਪਰਿਵਾਰ ਨਾਲ ਹੀ ਨਾਤਾ ਰੱਖਿਆ। ਵਕਤ ਬਦਲਿਆ ਤਾਂ ਧੀਆਂ ਪੁੱਤ ਸਾਥ ਛੱਡ ਗਏ। ਜੇ ਆਪਣੀ ਜ਼ਿੰਦਗੀ ਵਿੱਚ ਨਿੱਜ ਤੋਂ ਬਿਨਾਂ ਕੁਝ ਕਮਾਇਆ ਹੁੰਦਾ ਤਾਂ ਅੱਜ ਆਹ ਦਿਨ ਨਾ ਦੇਖਣੇ ਪੈਂਦੇ।'

'ਬੰਦਾ ਧਨ ਕਮਾ ਕਮਾ ਘਰ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦਾ। ਔਲਾਦ ਨੂੰ ਪੜ੍ਹਾ ਲਿਖਾ ਤਰੱਕੀ ਦੇ ਰਾਹ ਤੋਰਦਾ। ਬਿਰਧ ਉਮਰੇ ਦੋ ਵਕਤ ਦੀ ਰੋਟੀ ਲਈ ਫਿਰ ਖ਼ੁਦ ਭਟਕਣਾ ਪਵੇ, ਅਜਿਹੇ ਜਿਉਣ ਦਾ ਕੀ ਮਤਲਬ ਹੋਇਆ ਫਿਰ! ਅਜਿਹਾ ਜਿਉਣਾ ਦਿਲ ਦਾ ਦਰਦ ਬਣ ਜਾਂਦਾ। ਲਗਦਾ ਪਹਿਲਾਂ ਕੀਤੀ ਮਿਹਨਤ ਬੇਅਰਥ ਗਈ ਤੇ ਵਕਤ ਬੇਕਾਰ। ਵਕਤ ਦੇ ਇਸ ਵਰਤਾਰੇ ਨਾਲ ਸਿੱਝਣ ਲਈ ਮੈਂ ਜਿਊਣ ਦਾ ਨਵਾਂ ਰਾਹ ਤਲਾਸ਼ ਲਿਆ। ਉਦਾਸੀ ਤੋਂ ਦੂਰ ਨਿਰਾਸ਼ਾ ਤੋਂ ਪਾਸੇ ਜਿਸ ਵਿੱਚ ਰਿਸ਼ਤਿਆਂ ਜਿਹਾ ਨਿੱਘ ਹੈ। ਅਪਣੱਤ ਤੇ ਸਾਂਝ ਦਾ ਸਰੂਰ ਹੈ। ਕੰਮ ਵਿੱਚ ਰੁੱਝੇ ਰਹਿਣਾ। ਬੀਤੇ 'ਤੇ ਪਛਤਾਉਣ ਦੀ ਬਜਾਇ ਭਵਿੱਖ ਬਾਰੇ ਸੋਚਣਾ। ਜ਼ਿੰਦਗੀ ਨੂੰ ਇਮਤਿਹਾਨ ਸਮਝਣਾ ਤੇ ਤੁਰਨਾ। ਇਹ ਜਿਉਣਾ ਦੁੱਖਾਂ ਦੀ ਦਵਾ ਵੀ ਬਣਦਾ ਤੇ ਮਨ ਦਾ ਸਕੂਨ ਵੀ। ਇਸ ਨੂੰ ਮੈਂ ਨਿੱਤ ਦਾ ਕਰਮ ਬਣਾ ਲਿਆ।'

ਮੇਰਾ ਪ੍ਰੀਖਿਆ ਕਾਲਜ ਆਉਣ 'ਤੇ ਅੰਕਲ ਦੀ ਹੱਡ-ਬੀਤੀ ਨੂੰ ਵਿਰਾਮ ਲੱਗਾ। ਉਹਨੂੰ ਬਣਦਾ ਕਿਰਾਇਆ ਦੇ ਕੇ ਪ੍ਰੀਖਿਆ ਕੇਂਦਰ ਦਾ ਰੁਖ ਕੀਤਾ। ਅੰਕਲ ਦੀ ਜੀਵਨ ਕਥਾ ਮੈਨੂੰ ਜੀਵਨ ਦੀ ਪ੍ਰੀਖਿਆ ਜਾਪੀ।

ਨਾਨਾ ਜੀ ਦੇ ਬੋਲਾਂ ਦੀ ਆਹਟ ਸੁਣੀ- 'ਪੁੱਤਰ! ਜ਼ਿੰਦਗੀ ਦਾ ਸੰਘਰਸ਼ ਤਾਂ ਹਰ ਮੋੜ 'ਤੇ ਹੁੰਦਾ। ਔਖ ਸੌਖ ਤੇ ਨਿਰਾਸ਼ਾ 'ਚ ਡਟੇ ਰਹਿਣਾ, ਹਾਲਤਾਂ ਤੋਂ ਸਬਕ ਲੈਣਾ, ਰੁਕਣ ਦੀ ਬਜਾਇ ਸਾਬਤ ਕਦਮੀ ਤੁਰਦੇ ਰਹਿਣਾ ਜੀਵਨ ਦੀ ਬੁਲੰਦੀ ਬਣਦੈ।' ਮੈਨੂੰ ਡਰਾਈਵਰ ਅੰਕਲ ਵੱਲੋਂ ਹਾਲਤਾਂ ਸਾਹਵੇਂ ਈਨ ਮੰਨਣ ਦੀ ਬਜਾਇ ਬੁਲੰਦੀ ਨਾਲ ਜਿਊਣ ਦੇ ਯਤਨਾਂ 'ਤੇ ਰਸ਼ਕ ਹੋਇਆ। ਮੈਂ ਬੁਲੰਦ ਆਸ ਨਾਲ ਪ੍ਰੀਖਿਆ ਕੇਂਦਰ 'ਚ ਜਾ ਬੈਠੀ।

# ਸਾਡੀ ਮਾਂ-ਬੋਲੀ ਪੰਜਾਬੀ ਅਤੇ ਅਸੀਂ...

ਲੇਖਕ : ਪਰਮਜੀਤ ਢੀਂਗਰਾ
ਸੰਪਰਕ: 94173-58120



ਪੰਜਾਬੀ ਕਦੇ ਨਹੀਂ ਮਰਦੀ, ਇਹਨੂੰ ਮਾਰਨ ਵਾਲਿਓ... ਮਰੀ ਹੋਈ ਨੂੰ ਕੌਣ ਮਾਰ ਸਕਦੈ। ਇਹ ਤਾਂ ਪੰਜਾਬੀ ਦੇ ਸ਼ੈਦਾਈ ਤੇ ਸਿਰਫਿਰੇ ਐਵੇਂ ਰੌਲਾ ਪਾ ਰਹੇ ਨੇ; ਅਖੇ, ਪੰਜਾਬੀ ਨੂੰ ਬਚਾਉਣ ਦੀ ਲੋੜ ਐ। ਜਦੋਂ ਆਪਣਿਆਂ ਨੇ ਮਾਰ ਹੀ ਛੱਡੀ ਤਾਂ ਹੁਣ ਬਚਾਉਣ ਦੇ ਕਿਉਂ ਹੀਲੇ ਕਰਦੇ ਓ। ਕਿਉਂ ਹਾਲ ਪਾਹਰਿਆ ਕਰ ਕੇ ਅਸਮਾਨ ਸਿਰ 'ਤੇ ਚੁੱਕੀ ਫਿਰਦੇ ਓ। ਵੋਟਾਂ ਵੇਲੇ ਤੁਸਾਂ ਕਦੇ ਪੁੱਛਿਆ- 'ਭਾਈ ਵੋਟਾਂ ਮੰਗਣ ਵਾਲਿਓ! ਦੱਸੋ ਤੁਸਾਂ ਪੰਜਾਬੀ ਬਚਾਈ ਕਿ ਮਾਰੀ? ਕਿੱਥੇ ਐ ਪੰਜਾਬੀ?'

ਤੁਹਾਨੂੰ ਤਾਂ ਉਦੋਂ ਵੀ ਪਤਾ ਨਹੀਂ ਲੱਗਾ ਜਦੋਂ ਪੰਜਾਬ ਵਿਚ ਧੜਾ-ਧੜ ਅੰਗਰੇਜ਼ੀ ਸਕੂਲ ਖੁੱਲ੍ਹ ਰਹੇ ਸਨ ਤੇ ਤੁਸੀਂ ਬੜੇ ਖੁਸ਼ ਹੋ ਰਹੇ ਸਓ ਕਿ ਹੁਣ ਤੁਹਾਡੇ ਬੱਚੇ ਵੀ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਕੇ ਅਫਸਰ ਬਣਨਗੇ। ਕੀ ਉਦੋਂ ਤੁਹਾਨੂੰ ਪੰਜਾਬੀ ਵੱਢ ਰਹੀ ਸੀ। ਜਦੋਂ ਤੋਤਾ ਸਿੰਘੀ ਅੰਗਰੇਜ਼ੀ ਨੇ ਖੰਭ ਫੈਲਾਏ ਸਨ ਤਾਂ ਤੁਸੀਂ ਉਹਦੇ ਪ੍ਰਸ਼ੰਸਕ ਬਣ ਗਏ ਸਓ।

ਜਦੋਂ ਮਹਿਲਾਂ ਵਾਲੇ ਰਾਜੇ ਨੇ ਅੰਗਰੇਜ਼ੀ ਦਾ ਰਾਗ ਅਲਾਪਿਆ ਤਾਂ ਤੁਸੀਂ ਮਾਣ ਮਹਿਸੂਸ ਕਰ ਰਹੇ ਸਓ। ਹੁਣ ਜਦੋਂ ਸਿੱਖਿਆ ਦੇ ਅੱਡਿਆਂ 'ਤੇ ਤੁਹਾਡੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਚਪੇੜੇ ਮਾਰੇ ਜਾਂਦੇ ਨੇ, ਕੰਨ ਲਾਲ ਕੀਤੇ ਜਾਂਦੇ ਨੇ, ਜੁਰਮਾਨੇ ਕੀਤੇ ਜਾਂਦੇ ਨੇ ਤੇ ਬੋਲਣ ਦੀ ਪਾਬੰਦੀ ਲਈ ਫਰਮਾਨ ਜਾਰੀ ਕੀਤੇ ਜਾਂਦੇ ਨੇ ਤਾਂ ਤੁਸੀਂ ਕੰਨ ਵਲੇਟੀ ਸੁੱਤੇ ਰਹਿੰਦੇ ਹੋ। ਫਿਰ ਦੁਖੀ ਹੋਣ ਦਾ ਕੀ ਫਾਇਦਾ? ਉਨ੍ਹਾਂ ਕਿਹੜਾ ਤੁਹਾਨੂੰ ਸੱਦਾ ਭੇਜਿਆ ਸੀ ਕਿ ਉਨ੍ਹਾਂ ਦੇ ਸਕੂਲ ਈ ਬੱਚੇ ਭੇਜੋ। ਉਦੋਂ ਤਾਂ ਤੁਸੀਂ ਸਾਰਾ ਪੈਸਾ-ਟਕਾ ਲਾ ਕੇ ਇਨ੍ਹਾਂ ਦੁਕਾਨਾਂ ਦਾ ਕਾਰੋਬਾਰ ਚਮਕਾ ਦਿੱਤਾ ਤੇ ਹੁਣ ਕਹਿੰਦੇ ਹੋ- ਪੰਜਾਬੀ ਮਰ ਰਹੀ ਐ। ਕਿੰਨਾ ਸਿਤਮ ਐ... ਪਹਿਲਾਂ ਮਾਰ ਦਿਓ, ਫਿਰ ਬਚਾਉਣ ਦਾ ਰੌਲਾ ਪਾ ਦਿਓ।

ਤੁਹਾਡੀਆਂ ਹੇਜਲੀਆਂ ਸਰਕਾਰਾਂ ਨੇ ਪੰਜਾਬੀ ਮਾਰੀ ਐ। ਕੀ ਤੁਸਾਂ ਕਦੇ ਲੋਕਾਂ ਦੀ ਅਦਾਲਤ ਵਿਚ ਉਨ੍ਹਾਂ ਨੂੰ ਮੁਜਰਮਾਂ ਦੇ ਕਟਿਹਰੇ ਵਿਚ ਖੜ੍ਹਾ ਕੀਤਾ? ਉਹ ਤਾਂ ਕਦੇ ਤੁਹਾਡੀਆਂ ਪੰਥਕ ਸਰਕਾਰਾਂ ਸਨ ਤੇ ਕਦੇ ਖੱਦਰਧਾਰੀਆਂ ਦੀਆਂ ਕੌਮੀ ਸਰਕਾਰਾਂ। ਤੁਸਾਂ ਤਾਂ ਭਲਿਓ ਬਦਲਾਅ ਵੀ ਦੇਖ ਲਿਆ। ਪੰਜਾਬੀ ਤਾਂ ਹੁਣ ਧੂਹ-ਧਾਹ ਕੇ ਮੁਰਦਖਾਨੇ ਲਿਜਾਣ ਲਈ ਤਿਆਰ ਹੈ। ਸਰਕਾਰੀ ਸਕੂਲਾਂ 'ਚ ਜਾ ਕੇ ਦੇਖ ਲਓ, ਜੇ ਪੰਜਾਬੀ ਦੀ ਹੋਰ ਦੁਰਗਤੀ ਦੇਖਣੀ ਐ ਤਾਂ। ਉਹਦੀਆਂ ਸ਼ਰੀਕਣੀਆਂ ਈ ਉਹਨੂੰ ਦਬੱਲੀ ਬੈਠੀਆਂ ਨੇ, ਤੁਸੀਂ ਜਸ਼ਨ ਮਨਾ ਰਹੇ ਹੋ। ਸਕੂਲ ਕਮਰਿਆਂ, ਡੈੱਸਕਾਂ, ਡ੍ਰੈੱਸਾਂ ਨਾਲ ਨਹੀਂ ਹੁੰਦੇ ਤੇ ਨਾ ਹਮਕੀ-ਤੁਮਕੀ ਕਰਨ ਨਾਲ ਹੁੰਦੇ ਨੇ। ਸਕੂਲ ਸਜਦੇ ਨੇ ਅਧਿਆਪਕਾਂ ਨਾਲ ਤੇ ਉਹ ਵਿਚਾਰੇ ਤਾਂ ਟੈਂਕੀਆਂ 'ਤੇ ਚੜ੍ਹੇ ਹੋਏ ਨੇ, ਕਦੇ ਵੱਡੇ ਸਾਹਿਬ ਦੇ ਘਰ ਅੱਗੇ ਡਾਂਗਾਂ ਖਾ ਰਹੇ ਹੁੰਦੇ ਨੇ। ਦੱਸੋ ਜੇ ਤੁਹਾਡੇ ਬੱਚੇ ਮਾਂ ਬੋਲੀ ਪੜ੍ਹ ਨਹੀਂ ਸਕਦੇ ਤਾਂ ਸਕੂਲਾਂ ਨੂੰ ਕੀ ਕਰੋਗੇ?

ਦਫ਼ਤਰਾਂ, ਕਚਹਿਰੀਆਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੰਜਾਬੀ ਨੂੰ ਖੂੰਜੇ ਲਾਉਣ ਵਿਚ ਕੀ ਕੋਈ ਕਸਰ ਬਾਕੀ ਰਹਿ ਗਈ ਹੈ? ਤੁਹਾਡੀ ਭਾਸ਼ਾ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਲਈ ਮੁਖੀ ਨਹੀਂ ਲੱਭ ਰਿਹਾ। ਉਹਦੀ ਵਿੱਤੀ ਹਾਲਤ ਮੰਗਤਿਆਂ ਵਾਲੀ ਹੋਈ ਪਈ ਐ; ਤੇ ਫਿਰ ਤੁਸੀਂ ਰੌਲਾ ਪਾਈ ਜਾਂਦੇ ਓ ਕਿ ਪੰਜਾਬੀ ਕਿਵੇਂ ਬਚੇਗੀ।

ਯੂਨੀਵਰਸਿਟੀ ਪਾਠ ਪੁਸਤਕ ਬੋਰਡ ਦਾ ਭੋਗ ਪਾਉਣ ਵਾਲੇ ਕੌਣ ਸਨ, ਤੁਸਾਂ ਕਦੇ ਪੁੱਛਿਆ? ਇਹ ਪੰਜਾਬੀ ਨੂੰ ਬਚਾਉਣ ਲਈ ਹੀ ਖੋਲ੍ਹਿਆ ਗਿਆ ਸੀ ਪਰ ਇਹਦਾ ਭੋਗ ਪਾ ਕੇ ਇਸ ਨੂੰ ਗੋਦਾਮ ਵਿਚ ਤਾਲੇਬੰਦ ਕਰ ਦਿਤਾ ਗਿਆ। ਤੁਹਾਡੇ ਕੰਨਾਂ 'ਤੇ ਜੂੰ ਨਹੀਂ ਸਰਕੀ। ਗੋਦਾਮ ਵਿਚ ਪਈਆਂ ਤੁਹਾਡੀਆਂ ਕਿਤਾਬਾਂ ਨੂੰ ਸਿਓਂਕ ਖਾ ਗਈ। ਤੁਹਾਡੇ ਗਿਆਨ ਨੂੰ ਵੀ ਸਿਓਂਕ ਲੱਗ ਗਈ ਪਰ ਤੁਸੀਂ ਫਿਰ ਵੀ ਹੋਸ਼ ਵਿਚ ਨਹੀਂ ਆਏ। ਤੁਹਾਡੇ ਦੁਸ਼ਮਣ ਤਾਂ ਖੁਸ਼ ਹਨ ਕਿ ਇਸ ਨੂੰ ਇੰਝ ਹੀ ਦਬੱਲਣਾ ਹੈ। ਤੁਸੀਂ ਰੌਲਾ ਪਾਈ ਜਾਓ; ਇਹ ਫਰੀਦ, ਨਾਨਕ, ਬੁੱਲ੍ਹੇ, ਵਾਰਿਸ, ਸ਼ਿਵ ਕੁਮਾਰ ਦੀ ਬੋਲੀ ਐ ਪਰ ਉਹ ਤਾਂ ਇਹਨੂੰ ਸਿੱਖਾਂ ਸਿਰ ਮੜ੍ਹਨ ਲਈ ਤਿਆਰ ਬੈਠੇ ਨੇ। ਤੁਹਾਡਾ ਭਾਸ਼ਾ ਵਿਭਾਗ ਗਰਾਂਟਾਂ ਨੂੰ ਤਰਸ ਰਿਹਾ ਹੈ। ਖੋਜ ਲਈ ਫੰਡਾਂ ਦੀ ਤੋਟ ਐ। ਪੰਜਾਬ ਇੰਨਾ ਗਰੀਬ ਤਾਂ ਕਦੇ ਨਹੀਂ ਰਿਹਾ। ਸਦਾ ਗੁਰੂਆਂ ਦੀ ਰਹਿਮਤ ਰਹੀ ਐ। ਆਖ਼ਿਰ ਉਹ ਕੌਣ ਸਨ ਜਿਹੜੇ ਤੁਹਾਡੇ ਖਜ਼ਾਨੇ ਲੁੱਟ ਕੇ ਖਾ ਗਏ? ਕੀ ਤੁਸਾਂ ਕਦੇ ਨਹੀਂ ਸੋਚਿਆ। ਉਨ੍ਹਾਂ ਦੇ ਖਜ਼ਾਨਿਆਂ 'ਤੇ ਨਜ਼ਰ ਮਾਰਨ ਦੀ ਤੁਹਾਡੇ ਕੋਲ ਵਿਹਲ ਹੀ ਕਿਥੇ! ਤੁਹਾਡੀ ਵੋਟ ਤਾਂ ਉਨ੍ਹਾਂ ਲਈ ਦਾਰੂ ਅਤੇ ਚੰਦ ਸਿੱਕਿਆਂ ਦੀ ਮਾਰ ਐ, ਤੇ ਤੁਸੀਂ ਉਨ੍ਹਾਂ ਕੋਲੋਂ ਪੰਜਾਬੀ ਦੀ ਭਲਾਈ ਭਾਲਦੇ ਓ। ਉਹ ਤਾਂ ਤੁਹਾਡੀ ਭਾਸ਼ਾ ਦੇ ਸਭ ਤੋਂ ਵੱਡੇ ਚੋਬਦਾਰ (ਦੁਸ਼ਮਣ) ਬਣੇ ਹੋਏ ਨੇ।

ਖੇਤੀਬਾੜੀ ਯੂਨੀਵਰਸਿਟੀ ਨੇ ਤੁਹਾਡੇ ਖੇਤਾਂ ਵਿਚ ਹਰੀ ਕ੍ਰਾਂਤੀ ਬੀਜ ਦਿੱਤੀ ਪਰ ਨਾਲ ਹੀ ਜ਼ਹਿਰਾਂ ਘੋਲ ਕੇ ਤੁਹਾਨੂੰ ਜ਼ਹਿਰੀਲੇ ਅਤੇ ਮਾਰੂ ਰੋਗਾਂ ਦਾ ਸ਼ਿਕਾਰ ਬਣਾ ਦਿੱਤਾ। ਤੁਹਾਡੀ ਮਿੱਟੀ, ਪਾਣੀ, ਹਵਾ, ਬੋਲੀ ਤੇ ਸੋਚ ਜ਼ਹਿਰੀਲੀ ਹੋ ਗਈ। ਨਸ਼ੇ ਤੁਹਾਡੀ ਜਵਾਨੀ ਖਾ ਗਏ ਪਰ ਤੁਸੀਂ ਪਛਾਣ ਹੀ ਨਹੀਂ ਸਕੇ ਕਿ ਨਸ਼ੇ ਦੇ ਵਪਾਰੀ ਤਾਂ ਤੁਹਾਡੀ ਧਰਤੀ ਵਿਚੋਂ ਉੱਗੇ ਨੇ। ਹੁਣ ਤਾਂ ਗੁਰੂ ਦੀਆਂ ਬੇਅਦਬੀਆਂ ਕਰਨ ਵਾਲੇ ਵੀ ਦਨਦਨਾਉਂਦੇ ਫਿਰਦੇ। ਕੀ ਤੁਸੀਂ ਉਨ੍ਹਾਂ ਨੂੰ ਸਵਾਲ ਪੁੱਛੋਗੇ ਜਿਨ੍ਹਾਂ ਨੇ ਗੁਰੂ ਦੀ ਫਸੀਲ ਤੋਂ ਸੁਣਾਏ ਦੋਸ਼ਾਂ ਨੂੰ ਸਿਰ ਝੁਕਾ ਕੇ ਮੰਨਿਆ ਤੇ ਬਾਹਰ ਆ ਕੇ ਕਹਿ ਦਿਤਾ ਕਿ ਅਸੀਂ ਤਾਂ ਬਾਕੀਆਂ ਦੇ ਗੁਨਾਹ ਵੀ ਆਪਣੀ ਝੋਲੀ ਪੁਆ ਲਏ। ਇਨ੍ਹਾਂ ਨੇ ਹਮੇਸ਼ਾ ਤੁਹਾਡੀ ਭਾਸ਼ਾ ਦਾ ਅੰਨ, ਪਾਣੀ ਖਾ ਕੇ ਭਾਸ਼ਾ ਤੋਂ ਮੁਨਕਰ ਹੋਣ ਵਾਲਿਆਂ ਨੂੰ ਬਣਦੀ ਸਜ਼ਾ ਦੇਣ ਲਈ ਕਦੇ ਕਟਿਹਰੇ ਵਿਚ ਖੜ੍ਹਾ ਨਹੀਂ ਕੀਤਾ। ਇਸੇ ਲਈ ਤੁਹਾਡੇ ਦੁਸ਼ਮਣ ਵਧਦੇ ਗਏ।

ਉਹ ਲਾਲ ਫੀਤਾਸ਼ਾਹੀ ਜੋ ਤੁਹਾਡੀ ਰਾਜਧਾਨੀ ਦੀ ਹਿੱਕ 'ਤੇ ਅੰਗਰੇਜ਼ੀ ਦੀਵਾ ਬਾਲੀ ਬੈਠੀ ਹੈ, ਅਸਲ ਤਾਕਤ ਉਹਦੀ ਮੁੱਠੀ ਵਿਚ ਐ। ਉਹ ਕਦੇ ਨਹੀਂ ਚਾਹੁੰਦੀ ਕਿ ਤੁਹਾਡੀ ਬੋਲੀ ਤੁਹਾਡੇ ਬੱਚੇ ਪੜ੍ਹਨ। ਉਹ ਹਰ ਵੇਲੇ ਸਾਜ਼ਿਸ਼ਾਂ ਗੁੰਦਦੇ ਰਹਿੰਦੇ ਨੇ ਕਿ ਕਿਵੇਂ ਤੁਹਾਡੇ ਕੋਲੋਂ ਤੁਹਾਡੀ ਬੋਲੀ ਖੋਹਣੀ ਹੈ। ਨੌਕਰੀਆਂ ਦੇ ਇਮਤਿਹਾਨਾਂ ਵਿਚ ਇਸ ਨੂੰ ਕਿਵੇਂ ਖੂੰਜੇ ਲਾਉਣਾ ਹੈ। ਇਹਦੇ ਤਿੱਖੇ ਦੰਦਾਂ ਨੂੰ ਕਿਵੇਂ ਖੁੰਡਾ ਕਰਨਾ ਹੈ ਕਿ ਜੇ ਇਹ ਵੱਢਣ ਦੀ ਕੋਸ਼ਿਸ਼ ਵੀ ਕਰੇ ਤਾਂ ਹਾਸੋਹੀਣੀ ਲੱਗੇ। ਜੇ ਨਹੀਂ ਇਤਬਾਰ ਤਾਂ ਵੱਡੇ ਦਫ਼ਤਰ ਪੰਜਾਬੀ ਵਿਚ ਈ-ਮੇਲ ਕਰ ਕੇ ਜਾਂ ਚਿੱਠੀ ਲਿਖ ਕੇ ਦੇਖ ਲਵੋ, ਗਿਆਨ ਹੋ ਜਾਏਗਾ।

ਦਿੱਲੀ ਵਿਚ ਤੁਹਾਡੀ ਪੰਜਾਬੀ ਅਕਾਦਮੀ ਨੂੰ ਰੋਲਣ ਅਤੇ ਉਹਦਾ ਸਾਹ-ਸੱਤ ਕੱਢਣ ਵਾਲੇ ਕੌਣ ਨੇ? ਪੁੱਛ ਲਵੋ ਜਾ ਕੇ ਹੁਣ ਤਾਂ ਮੌਕਾ ਹੈ, ਮੁੜ ਹੱਥ ਨਹੀਂ ਆਉਣਾ ਪਰ ਕਿੱਥੇ! ਤੁਹਾਡੀਆਂ ਤਾਂ ਅੱਖਾਂ 'ਤੇ ਬਾਪੂ ਵਾਲੀ ਪੱਟੀ ਬੰਨ੍ਹੀ ਹੋਈ ਐ। ਚੇਅਰਮੈਨੀਆਂ, ਰੁਤਬਿਆਂ, ਲੀਡਰੀ ਦਾ ਕੀਹਨੂੰ ਚਾਅ ਨਹੀਂ ਹੁੰਦਾ। ਤੁਹਾਡੇ ਲਾਲਚਾਂ ਨੇ ਮਾਂ-ਬੋਲੀ ਮਾਰੀ ਐ ਤੇ ਤੁਸੀਂ ਇਹਨੂੰ ਬਚਾਉਣ ਦੇ ਹੋਕੇ ਦੇ ਰਹੇ ਹੋ। ਤੁਹਾਡੀ ਬੋਲੀ ਨਾਲ ਖੜ੍ਹੀਆਂ ਸ਼ਰੀਕਣੀਆਂ ਸੜਕਾਂ, ਬੈਂਕਾਂ, ਦਫ਼ਤਰਾਂ, ਅਖਬਾਰਾਂ, ਕਚਹਿਰੀਆਂ, ਰੇਡੀਓ, ਟੀਵੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ; ਹਰ ਥਾਂ ਦੇਖੀਆਂ ਜਾ ਸਕਦੀਆਂ। ਤੁਸੀਂ ਤਾਂ ਬੱਚਿਆਂ ਨੂੰ ਕਾਨਵੈਂਟ ਭੇਜ ਕੇ ਖੁਸ਼ ਹੋ, ਜੇ ਕਾਨਵੈਂਟ ਦਾ ਅਰਥ ਪੜ੍ਹਿਆ ਹੁੰਦਾ ਤਾਂ ਤੁਹਾਡੀ ਬੋਲੀ ਕਦੇ ਨਾ ਮਰਦੀ।

ਹਾਂ ਸੱਚ, ਯਾਦ ਆਇਆ... ਪੜ੍ਹਨਾ ਤਾਂ ਤੁਸੀਂ ਕਦੋਂ ਦਾ ਤਿਆਗ ਚੁੱਕੇ ਹੋ। ਤਾਂ ਹੀ ਲਾਇਬ੍ਰੇਰੀਆਂ ਲੱਭਣੀਆਂ ਔਖੀਆਂ ਹੋ ਗਈਆਂ ਨੇ। ਤੁਹਾਡੇ ਨਿਆਣੇ ਤਾਂ ਰਹਿੰਦੇ ਸਿਆੜ ਵੀ ਖਾ-ਖਾ ਕੇ ਵਿਦੇਸ਼ਾਂ ਵਿਚ ਮਜ਼ਦੂਰੀ ਲਈ ਭੱਜੇ ਜਾ ਰਹੇ ਨੇ। ਇੱਥੋਂ ਦੀ ਕਾਨਵੈਂਟੀ ਉੱਥੇ ਜਾ ਕੇ ਸਾਰੀ ਨਿਕਲ ਜਾਂਦੀ ਐ। ਹੁਣ ਜਦੋਂ ਡੰਕੀ ਲਾ ਕੇ ਗਿਆਂ ਦੇ ਜਹਾਜ਼ ਭਰ-ਭਰ ਕੇ ਉਤਰ ਰਹੇ ਨੇ ਤਾਂ ਤਰਲੋਮੱਛੀ ਹੋ ਰਹੇ ਹੋ। ਵੇਲੇ ਸਿਰ ਚੇਤਿਆ ਹੁੰਦਾ ਤਾਂ ਪੰਜਾਬ ਕਾਹਨੂੰ ਡੁੱਬਦਾ! ਤੁਸੀਂ ਇੱਥੇ ਸ਼ਹੀਦੀਆਂ ਦੇ ਹੋਕਰੇ ਮਾਰ-ਮਾਰ ਕੇ ਇਕ ਦੂਜੇ ਨੂੰ ਠਿੱਬੀਆਂ ਲਾਉਂਦੇ ਵੱਡੇ ਮੂਰਖ ਨਜ਼ਰ ਆ ਰਹੇ ਹੋ। ਤੁਹਾਡੀ ਧਰਤੀ ਦੇ ਵਾਰਿਸ ਕਿਥੇ ਤੇ ਕਿਉਂ ਗੁਆਚ ਗਏ, ਤੁਸਾਂ ਕਦੇ ਨਹੀਂ ਸੋਚਿਆ। ਜਦੋਂ ਨੂੰ ਸੋਚੋਗੇ, ਢਾਈ ਦਰਿਆ ਵੀ ਸੁੱਕ ਚੁੱਕੇ ਹੋਣਗੇ ਤੇ ਖੇਤਾਂ ਦੇ ਮਾਰੂਥਲਾਂ ਵਿੱਚੋਂ ਤੁਸੀਂ ਬੂੰਦ-ਬੂੰਦ ਪਾਣੀ ਲੱਭਦੇ ਪਿਆਸੇ ਮਰ ਰਹੇ ਹੋਵੋਗੇ।

ਅਫਸਰਸ਼ਾਹੀ ਤੁਹਾਡੇ ਲਈ ਨਵੀਆਂ-ਨਵੀਆਂ ਸੂਲਾਂ ਦੀ ਸੇਜ ਵਿਛਾ ਰਹੀ ਹੈ। ਪੰਜਾਬੀ ਪੜ੍ਹੇ ਬਿਨਾਂ ਅਫਸਰਸ਼ਾਹੀ ਦੀ ਫੌਜ ਤਿਆਰ ਕਰਨ ਦੇ ਮਨਸੂਬੇ ਘੜ ਰਹੀ ਹੈ ਤੇ ਤੁਸੀਂ ਗਣਤੰਤਰ ਦਿਵਸ ਮਨਾ ਕੇ ਲੱਡੂ ਖਾ ਰਹੇ ਹੋ। ਤੁਹਾਨੂੰ ਅਜੇ ਵੀ ਯਕੀਨ ਨਹੀਂ ਆਉਣਾ ਕਿਉਂਕਿ ਤੁਸੀਂ ਉਸ ਦਿਨ ਦੀ ਉਡੀਕ ਕਰ ਰਹੇ ਹੋ ਜਦੋਂ ਸੋਸ਼ਲ ਮੀਡੀਆ 'ਤੇ ਖ਼ਬਰ ਆਏਗੀ ਕਿ ਤੁਹਾਡੀ ਭਾਸ਼ਾ ਮਰ ਗਈ ਹੈ; ਆਰਆਈਪੀ ਲਿਖਣ ਵਾਲਿਆਂ ਦਾ ਹੜ੍ਹ ਆ ਜਾਏਗਾ ਪਰ ਇਹ ਖਬਰ ਕਦੇ ਨਹੀਂ ਆਏਗੀ ਕਿਉਂਕਿ ਤੁਹਾਡੀ ਭਾਸ਼ਾ ਨੂੰ ਗੁਪਤ ਰੂਪ ਵਿਚ ਬਚਾਉਣ ਵਾਲੇ ਅਜੇ ਜਿਊਂਦੇ ਨੇ; ਤੁਸੀਂ ਭਾਵੇਂ ਇਹਨੂੰ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜਾਂਦੇ-ਜਾਂਦੇ ਇਹ ਸ਼ੇਅਰ ਸੁਣ ਲਓ:

**ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,**
**ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।**
**ਮੈਨੂੰ ਇੰਝ ਲੱਗਦੈ ਲੋਕੀਂ ਆਖਦੇ ਨੇ,**
**ਤੂੰ ਆਪਣੀ ਮਾਂ ਨੂੰ ਕਹਿਣਾ ਮਾਂ ਛੱਡ ਦੇ।**

AKALI SINGH SIKH SOCIETY
1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca

FREE TAX CLINIC
(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY
FROM 10:00 A.M. TO 2:00 P.M.
WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY
FOR FURTHER INFORMATION, PLEASE CALL (604) 254-2117

ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

# ਕਿਰਤ ਦੀਆਂ ਤੰਦਾਂ



ਲਿਖਤ : ਰਾਮ ਸਵਰਨ ਲੱਖੇਵਾਲੀ, ਸੰਪਰਕ: 95010-06626

ਪਹੁ ਫੁਟਾਲਾ ਲੋਕ ਮਨਾਂ 'ਤੇ ਦਸਤਕ ਦਿੰਦਾ ਨਜ਼ਰ ਆਉਂਦਾ। ਦਰਾਂ 'ਤੇ ਪਹੁੰਚਦੀ ਲੋਅ ਮਨ ਮਸਤਕ ਵਿੱਚ ਵਸੇ ਸੁਫ਼ਨਿਆਂ ਨੂੰ ਹਲੂਣਾ ਦਿੰਦੀ। ਚਾਨਣ ਜ਼ਿੰਦਗੀ ਦੀ ਇਬਾਰਤ ਲਿਖਦਾ। ਪਿੰਡਾਂ ਦੇ ਜੀਵਨ ਦੀ ਕਿਰਨ ਫੁੱਟਦੀ। ਖੇਤਾਂ ਵੱਲ ਜਾਂਦੇ ਰਾਹਾਂ 'ਤੇ ਆਉਣ ਜਾਣ ਹੋਣ ਲਗਦਾ। ਮਹਾਂਨਗਰਾਂ ਨੂੰ ਜਾਂਦੀਆਂ ਸੜਕਾਂ 'ਤੇ ਬੱਸਾਂ, ਕਾਰਾਂ ਰਸਤਾ ਨਾਪਣ ਲਗਦੀਆਂ। ਕੰਮਾਂ ਨੂੰ ਜਾਣ ਵਾਲੇ ਮੁਲਾਜ਼ਮ ਆਪੋ-ਆਪਣਾ ਰਾਹ ਫੜਦੇ। ਜ਼ਿੰਦਗੀ ਦੀ ਪਹਿਲਕਦਮੀ ਆਪਣੀ ਮੰਜ਼ਿਲ ਵੱਲ ਤੁਰਦੀ। ਇਹੋ ਰੁਝੇਵਾਂ ਮਨੁੱਖ ਦੀ ਜ਼ਿੰਦਗੀ ਦਾ ਸਿਰਨਾਵਾਂ ਬਣਦਾ।

ਕੇਵਲ ਆਪਣੇ ਲਈ ਜਿਉਣ ਵਾਲਿਆਂ ਦੇ ਰਾਹ ਜਿਉਣ ਦੀ ਘੁੰਮਣਘੇਰੀ ਵਿੱਚ ਫਸੇ ਨਜ਼ਰ ਆਉਂਦੇ। ਆਪਣੇ ਕੰਮਾਂ-ਕਾਰਾਂ ਵਿੱਚ ਉਲਝੀ ਜ਼ਿੰਦਗੀ ਨਿੱਜ ਅਤੇ ਗਰਜਾਂ ਦੇ ਕਲਾਵੇ ਵਿੱਚ ਰਹਿੰਦੀ। ਇਕੱਲੇ-ਇਕਹਿਰੇ ਤੁਰਦਿਆਂ ਭਟਕਣ ਦੀ ਸੰਭਾਵਨਾ ਬਣੀ ਰਹਿੰਦੀ ਜਦਕਿ ਜ਼ਿੰਦਗੀ ਦਾ ਮਕਸਦ ਮਿਥ ਕੇ ਤੁਰਨ ਵਾਲੇ ਬੁਲੰਦੀ ਦਾ ਸਾਥ ਮਾਣਦੇ। ਗਿਆਨ ਤੇ ਚੇਤਨਾ ਉਨ੍ਹਾਂ ਦੇ ਅੰਗ ਸੰਗ ਰਹਿੰਦੇ। ਉਤਸ਼ਾਹ ਨਾਲ ਉਠਦੇ। ਔਖੇ ਰਸਤੇ ਚੁਣਦੇ। ਸੁਫਨਿਆਂ ਨੂੰ ਅੰਬਰੀਂ ਪਰਵਾਜ਼ ਭਰਨ ਦੇ ਰਾਹ ਤੋਰਦੇ। ਬੁਲੰਦ ਇਰਾਦੇ ਉਨ੍ਹਾਂ ਦੇ ਕਦਮਾਂ ਦੀ ਰਵਾਨੀ ਬਣਦੇ। ਉਹ ਰੌਸ਼ਨ ਰਾਹਾਂ ਦੇ ਸਿਦਕਵਾਨ ਰਾਹੀ ਹੁੰਦੇ। ਜਿਊਂਦੇ ਜੀਅ ਚੇਤਨਾ ਦੀ ਲੋਅ ਵੰਡਦੇ। ਹੱਕਾਂ ਹਿਤਾਂ ਦੀ ਰਾਖੀ ਲਈ ਅੱਗੇ ਹੋ ਤੁਰਦੇ। ਵਕਤ ਦੇ ਪੰਨਿਆਂ 'ਤੇ ਆਪਣੀ ਕਰਨੀ ਨਾਲ ਨਾਇਕ ਵਜੋਂ ਜਾਣੇ ਜਾਂਦੇ।

ਲੋਕਾਂ ਲਈ ਜਿਉਣ ਵਾਲੇ ਨਾਇਕਾਂ ਦੀ ਜੀਵਨ ਵਿਦਾਇਗੀ ਦੀ ਝਲਕ ਦੇਖਦਾ ਹਾਂ। ਹੁਸੈਨੀਵਾਲਾ ਵੱਲ ਜਾਂਦੀਆਂ ਫੁੱਲਾਂ ਨਾਲ ਸਜੀਆਂ ਦੋ ਗੱਡੀਆਂ। ਉਨ੍ਹਾਂ ਮਗਰ ਤੁਰਦਾ ਜਾਂਦਾ ਸੈਂਕੜੇ ਵਾਹਨਾਂ ਦਾ ਵੱਡਾ ਕਾਫ਼ਲਾ। ਬਸੰਤੀ ਪੱਗਾਂ ਅਤੇ ਚੁੰਨੀਆਂ ਨਾਲ ਭਰੇ ਵਾਹਨਾਂ ਵਿੱਚੋਂ ਗੂੰਜਦੇ ਨਾਅਰਿਆਂ ਦੀ ਆਵਾਜ਼। ਰਸਤੇ ਵਿੱਚ ਆਉਂਦੇ ਪਿੰਡਾਂ ਦੇ ਲੋਕ ਸੁਣਦੇ, ਦੇਖਦੇ ਨਮਨ ਕਰਦੇ। ਦਿਲ ਦੀ ਧੜਕਣ 'ਚੋਂ ਆਵਾਜ਼ ਆਉਂਦੀ। ਇਹ ਮੌਤ ਨੂੰ ਜਿੱਤਣ ਵਾਲੇ ਜੁਝਾਰੂਆਂ ਦਾ ਸ਼ਾਨਾਂਮੱਤਾ ਸਫ਼ਰ ਹੈ। ਜੀਵਨ ਖ਼ਤਮ ਹੋਇਆ ਪਰ ਸਫ਼ਰ ਜਾਰੀ ਹੈ। ਜੀਵਨ ਪੰਧ ਮੁੱਕਣ 'ਤੇ ਵੀ ਜਿਊਂਦੇ ਰਹਿਣ ਵਾਲੇ ਚੰਨ ਤਾਰਿਆਂ ਵਾਂਗ ਰਾਹ ਰੁਸ਼ਨਾਉਂਦੇ ਨੇ।

ਫੁੱਲਾਂ ਨਾਲ ਸਜੀ ਫਬੀ ਪਹਿਲੀ ਗੱਡੀ ਦੇ ਨਾਇਕ ਦੀ ਜੀਵਨ ਪੁਸਤਕ ਦਾ ਪੰਨਾ ਪਲਟਦਾ ਹੈ। ਪਿੰਡ ਕੋਠਾ ਗੁਰੂ ਦੇ ਕਿਰਤ ਕਰਨ ਵਾਲੇ ਪਰਿਵਾਰ ਦਾ ਹੋਣਹਾਰ ਨੌਜਵਾਨ ਬਸੰਤ। ਭਰ ਜਵਾਨੀ ਵਿੱਚ ਬਸੰਤੀ ਚੋਲੇ ਵਾਲੇ ਸ਼ਹੀਦ-ਏ-ਆਜ਼ਮ ਦੀ ਨੌਜਵਾਨ ਭਾਰਤ ਸਭਾ ਦੇ ਅੰਗ ਸੰਗ ਤੁਰਨ ਲੱਗਾ। ਬਰਾਬਰੀ ਦੇ ਸਮਾਜ ਦਾ ਸੁਫਨਾ ਸੰਜੋਇਆ ਜਿਸ ਦੀ ਪੂਰਤੀ ਲਈ ਨੌਜਵਾਨਾਂ ਨਾਲ ਸੰਵਾਦ ਚਲਦਾ। ਗਿਆਨ, ਚੇਤਨਾ ਦੀ ਚਾਹਤ ਨੇ ਪੁਸਤਕਾਂ ਨਾਲ ਜੋੜਿਆ। ਜੀਵਨ ਰਾਹ 'ਤੇ ਸਾਬਤ ਕਦਮੀ ਤੁਰਦਿਆਂ ਕਿਸਾਨ ਲਹਿਰ ਦਾ ਲੜ ਫੜਿਆ। ਅੰਨ ਦਾਤਿਆਂ ਦੇ ਹੱਕਾਂ ਹਿਤਾਂ ਦੀ ਰਾਖੀ ਲਈ ਮੂਹਰੇ ਹੋ ਤੁਰਿਆ। ਸੰਘਰਸ਼ਾਂ 'ਚ ਔਕੜਾਂ ਝੱਲੀਆਂ, ਪਿੱਛੇ ਮੁੜ ਕੇ ਨਹੀਂ ਦੇਖਿਆ।

ਘਰ-ਘਰ ਸੰਘਰਸ਼ਾਂ ਦੀ ਲੋਅ ਜਗਣ ਲੱਗੀ। ਲੋਕ ਹੱਕਾਂ ਦੀ ਲਹਿਰ ਦੇ ਅੰਗ ਸੰਗ ਤੁਰਨ ਲੱਗੇ। ਘਰਾਂ ਵਿੱਚ ਕਿਰਤ ਕਰਦੀਆਂ ਔਰਤਾਂ ਵੀ ਸੰਘਰਸ਼ਾਂ ਵਿੱਚ ਨਾਲ ਹੋ ਤੁਰੀਆਂ। ਉਨ੍ਹਾਂ ਦਾ ਦੁੱਖ ਸੁਖ ਸਾਂਝਾ ਬਣਿਆ। ਉਹ ਸੱਥਾਂ, ਇਕੱਠਾਂ ਵਿੱਚ ਭਗਤ ਸਿੰਘ ਦੇ ਸੁਫਨਿਆਂ ਦੇ ਸਮਾਜ ਦੀਆਂ ਗੱਲਾਂ ਕਰਦੇ। ਵਿਤਕਰੇ ਅਤੇ ਝਗੜੇ ਮੁਕਾ ਕੇ ਬਰਾਬਰੀ ਵਾਲਾ ਬੇਗਮਪੁਰਾ ਸੁਣਨ ਵਾਲਿਆਂ ਦੀਆਂ ਅੱਖਾਂ ਦੀ ਲਿਸ਼ਕੋਰ ਬਣਦਾ।

ਦੂਰ ਅੰਦੇਸ਼ੀ, ਸਿਦਕ ਤੇ ਘੋਲਾਂ ਨੇ ਮਨ ਮਸਤਕ ਰੁਸ਼ਨਾਇਆ। ਸੰਘਰਸ਼ਾਂ ਤੋਂ ਜਿਊਣ ਮਕਸਦ ਦਾ ਸਬਕ ਲਿਆ। ਸੂਝ, ਤਿਆਗ, ਚੇਤਨਾ ਤੇ ਅਨੁਸ਼ਾਸਨ ਵਿੱਚ ਬੱਝੀ ਸਾਦ ਮੁਰਾਦੀ ਜ਼ਿੰਦਗੀ। ਜਿਊਂਦੇ ਜੀਅ ਲੋਕ ਹਿਤਾਂ ਨੂੰ ਮੂਹਰੇ ਰੱਖਿਆ। ਦਿੱਲੀ ਮੋਰਚੇ ਵਿੱਚ ਸਾਲ ਭਰ ਲਹਿਰ ਵੱਲੋਂ ਮਿਲੀ ਹਰ ਜ਼ਿੰਮੇਵਾਰੀ ਨੂੰ ਖਿੜੇ ਮੱਥੇ ਨਿਭਾਇਆ। ਟੋਹਾਣਾ ਕਿਸਾਨ ਪੰਚਾਇਤ ਵਿੱਚ ਜਾਂਦਿਆਂ ਬੱਸ ਹਾਦਸੇ ਵਿੱਚ ਅੰਬਰੋਂ ਟੁੱਟੇ ਤਾਰੇ ਵਾਂਗ ਸਦਾ ਲਈ ਵਿਛੜ ਗਿਆ।

ਮਗਰ ਆਉਂਦੀ ਦੂਸਰੀ ਗੱਡੀ ਦਾ ਸੂਹਾ ਫੁੱਲ ਬਣਿਆ ਇਸੇ ਪਿੰਡ ਦੇ ਨੌਜਵਾਨ ਕਰਮਾ। ਉਸ ਦੀ ਛੋਟੀ ਜ਼ਿੰਦਗੀ ਦੇ ਮੁੱਲਵਾਨ ਕੰਮਾਂ ਦੀ ਇਬਾਰਤ ਪੜ੍ਹਨ ਨੂੰ ਮਿਲੀ। ਬੇਜ਼ਮੀਨੇ ਕਿਰਤੀਆਂ ਦੇ ਘਰ ਦਾ ਚਿਰਾਗ। ਹੱਥਾਂ ਦੇ ਸੁਹਜ ਦਾ ਧਨੀ। ਮਸ਼ੀਨ ਮੂਹਰੇ ਬੈਠ ਕੱਪੜਿਆਂ ਨੂੰ ਪਹਿਰਾਵੇ ਦਾ ਰੂਪ ਦਿੰਦਾ। ਨਾਲੋ-ਨਾਲ ਕਿਰਤੀਆਂ ਦੀ ਸਾਂਝ ਦੀਆਂ ਤੰਦਾਂ ਵੀ ਪਰੋਂਦਾ। ਆਖਦਾ- 'ਇਹ ਸਾਂਝ ਬਣਾਉਣੀ ਵਕਤ ਦੀ ਲੋੜ ਹੈ।

ਇਸ ਤੋਂ ਬਿਨਾਂ ਗੁਜ਼ਾਰਾ ਨਹੀਂ।' ਕਿਸਾਨਾਂ ਮਜ਼ਦੂਰਾਂ ਦੀ ਜੋਟੀ ਦਾ ਪਾਠ ਉਹਨੇ ਨੌਜੁਆਨ ਭਾਰਤ ਸਭਾ ਤੋਂ ਪੜ੍ਹਿਆ। ਉਹ ਮਜ਼ਦੂਰਾਂ, ਕਿਸਾਨਾਂ ਦੇ ਹਰ ਘੋਲ ਵਿੱਚ ਭਰਵਾਂ ਹਿੱਸਾ ਪਾਉਂਦਾ। ਉਸ ਦੀ ਦੁਕਾਨ 'ਤੇ ਨੌਜਵਾਨਾਂ ਦੀ ਆਮਦ ਰਹਿੰਦੀ ਜਿਨ੍ਹਾਂ ਦੇ ਕੱਪੜੇ ਸਿਊਣ ਦੇ ਨਾਲ-ਨਾਲ ਉਨ੍ਹਾਂ ਨੂੰ ਪੁਸਤਕਾਂ ਦਾ ਸੰਗ ਸਾਥ ਮਾਣਨ ਦੀ ਪ੍ਰੇਰਨਾ ਵੀ ਦਿੰਦਾ।

ਆਪਣੀ ਦੁਕਾਨ ਵਿੱਚ ਬਣਾਈ ਛੋਟੀ ਲਾਇਬਰੇਰੀ ਵਿੱਚੋਂ 'ਸਤਲੁਜ ਵਹਿੰਦਾ ਰਿਹਾ' ਨੌਜਵਾਨਾਂ ਦੇ ਹੱਥ ਫੜਾਉਂਦਾ; ਸਮਝਾਉਂਦਾ- 'ਭਗਤ ਸਰਾਭੇ ਹੁਰਾਂ ਸਾਡੇ ਲਈ ਜਾਨਾਂ ਵਾਰ ਕੇ ਦੱਸਿਆ ਕਿ ਜਿਊਣ ਦਾ ਸੱਚਾ ਸੁੱਚਾ ਮਕਸਦ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਨਾ ਹੁੰਦਾ। ਇਹੋ ਜੀਵਨ ਦਾ ਰੌਸ਼ਨ ਰਾਹ ਹੁੰਦਾ।' ਗੋਰਕੀ ਦੀ ਸੰਸਾਰ ਪ੍ਰਸਿੱਧ ਲਿਖਤ ਮਾਂ ਦੱਸਦੀ ਐ... 'ਲੋਕ ਹਿਤਾਂ ਲਈ ਮਾਵਾਂ ਆਪਣੇ ਜਾਨੋਂ ਪਿਆਰੇ ਪੁੱਤ ਕੁਰਬਾਨ ਕਰਨ ਤੋਂ ਸੀਅ ਨਹੀਂ ਕਰਦੀਆਂ।' ਅਣਖ ਤੇ ਸਿਦਕ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਦੁੱਲਾ ਭੱਟੀ ਇਸ ਧਰਤੀ ਦੀ ਵਿਰਾਸਤ ਹੈ ਜਿਸ ਦੇ ਬੋਲ ਪਾਸ਼, ਸੁਰਜੀਤ ਪਾਤਰ, ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਜਿਹੇ ਕਵੀਆਂ ਦੀਆਂ ਕਵਿਤਾਵਾਂ ਵਿੱਚ ਚਾਨਣ ਬਣ ਬਿਖਰੇ ਨੇ।

ਸਤਲੁਜ ਵੱਲੋਂ ਆਉਂਦੀ ਫਿਜ਼ਾ ਦੇ ਬੋਲ ਸੁਣਦਾ ਹਾਂ। ਜ਼ਿੰਦਗੀ ਨੂੰ ਉੱਚੇ ਆਦਰਸ਼ ਦੇ ਲੇਖੇ ਲਾਉਣਾ ਉੱਤਮ ਕਾਜ ਹੈ। ਲੋਕਾਈ ਨੂੰ ਚੇਤਨਾ ਦੀ ਜਾਗ ਲਾਉਂਦੇ, ਸੰਘਰਸ਼ਾਂ ਦੇ ਰਾਹ ਪਾਉਂਦੇ ਇਹ ਲਾਲ ਗੋਦ 'ਚ ਜਗਦੇ ਨਾਇਕ ਪੁੱਤਰਾਂ ਦੇ ਚਿਰਾਗ ਹਨ ਜਿਨ੍ਹਾਂ ਦੀ ਲੋਅ ਸੁਨਹਿਰੀ ਭਵਿੱਖ ਦੀ ਜ਼ਾਮਨ ਹੈ।

# ਚਾਹ ਦੀ ਚੁਸਕੀ ਲੈਂਦਿਆਂ...



ਲਿਖਤ : ਜਸਵਿੰਦਰ ਸੁਰਗੀਤ, ਸੰਪਰਕ: 94174-48436

ਸ਼ਹਿਰ ਵਿੱਚੋਂ ਲੰਘਦੀ ਜਰਨੈਲੀ ਸੜਕ ਤੋਂ ਤੀਹ ਪੈਂਤੀ ਫੁੱਟ ਉਰ੍ਹਾਂ ਚਾਹ ਦੀ ਰੇਹੜੀ ਕੋਲ ਬੈਠਾ ਹੋਇਆ ਹਾਂ। ਇਹ ਪਿਛਲੇ ਚਾਰ ਸਾਲਾਂ ਤੋਂ ਸਾਡਾ ਤਿੰਨ ਦੋਸਤਾਂ ਦਾ ਸ਼ਾਮ ਦਾ ਟਿਕਾਣਾ ਹੈ। ਹਫ਼ਤੇ ਵਿੱਚ ਲਗਭਗ ਇੱਕ ਦਫ਼ਾ ਇੱਥੇ ਬੈਠਦੇ ਹਾਂ। ਚਾਹ ਦੀਆਂ ਚੁਸਕੀਆਂ ਨਾਲ ਤਰ੍ਹਾਂ-ਤਰ੍ਹਾਂ ਦੀ ਦੁਨੀਆ ਵਿੱਚ ਘੁੰਮਣ ਨਿੱਕਲ ਜਾਂਦੇ ਹਾਂ। ਕਦੇ ਸਾਹਿਤ, ਕਦੇ ਸਿਆਸਤ ਦੀ ਦੁਨੀਆ ਵਿਚ ਤੇ ਕਦੇ ਕਿਸੇ ਹੋਰ ਦੁਨੀਆ ਵਿੱਚ। ਜਦੋਂ ਗੱਲ ਟੁੱਟਣ ਲੱਗਦੀ ਹੈ ਤਾਂ ਸਾਡੇ ਵਿੱਚੋਂ ਇੱਕ ਜਣਾ ਆਖਦਾ ਹੈ, "ਇੱਕ-ਇੱਕ ਕੱਪ ਹੋਰ ਨਾ' ਚਾਹ ਪੀ ਲੀਏ?" ਬਾਕੀ ਦੋਨਾਂ ਦੀ ਸਹਿਮਤੀ ਆ ਜਾਂਦੀ ਹੈ, ਚਾਹ ਦਾ ਆਰਡਰ ਹੋ ਜਾਂਦਾ ਤੇ ਗੱਲਬਾਤ ਫਿਰ ਗਤੀ ਫੜ ਲੈਂਦੀ।

...ਤੇ ਮੈਂ ਇੱਥੇ ਬੈਠਾ ਦੋਸਤਾਂ ਨੂੰ ਉਡੀਕ ਰਿਹਾਂ; ਫਿਰ ਅਚਾਨਕ ਨਿਰਵਿਘਨ ਵਗ ਰਹੀ ਸੜਕ ਦੇਖਣ ਲੱਗ ਜਾਂਦਾ ਹਾਂ; ਨਾਲ ਹੀ ਮੇਰਾ ਮਨ ਵਗਣਾ ਸ਼ੁਰੂ ਹੋ ਜਾਂਦਾ- 'ਕਿਵੇਂ ਭੱਜਿਆ ਜਾ ਰਿਹੈ ਮਨੁੱਖ, ਜਿਵੇਂ ਚਾਬੀ ਦੇ ਕੇ ਛੱਡਿਆ ਹੋਵੇ... ਤੇ ਜਿਸ ਨੂੰ ਰੁਕਣ ਦੀ ਜਾਚ ਭੁੱਲ ਗਈ ਹੋਵੇ... ਇਹਦਾ ਚੈਨ, ਸ਼ਾਂਤੀ, ਸਬਰ, ਸੰਤੋਖ ਜਿਵੇਂ ਖੰਭ ਲਾ ਕੇ ਉੱਡ ਗਿਆ ਹੋਵੇ! ਇਹ ਬੇਚੈਨੀ ਇਹਦਾ ਮੁਕੱਦਰ ਈ ਐ ਜਾਂ ਜਿਵੇਂ ਮਹਾਨ ਦਾਰਸ਼ਨਿਕ ਜੇ. ਕ੍ਰਿਸ਼ਨਾਮੂਰਤੀ ਆਖਦੈ- 'ਮਨੁੱਖ ਤੋਂ ਕਿਤੇ ਬੁਨਿਆਦੀ ਭੁੱਲ ਹੋਈ ਐ।'

ਪਿੱਛੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ... ਪਿੱਛੇ ਮੁੜ ਕੇ ਦੇਖਦਾ ਹਾਂ। ਪੱਚੀ ਸਾਲ ਪੁਰਾਣਾ ਦੋਸਤ ਸੁਰਿੰਦਰਪਾਲ ਹੈ। ਉਹਦਾ ਚਿਹਰਾ ਥੋੜ੍ਹਾ ਉਖੜਿਆ-ਉਖੜਿਆ ਹੈ। ਪੁੱਛਣ ਤੋਂ ਪਹਿਲਾਂ ਹੀ ਬੋਲਦਾ ਹੈ, "ਲੋਕਾਂ ਦਾ ਵੀ ਜਮਾਂ ਸਰਿਆ ਪਿਐ, ਆਹ ਜਦੋਂ ਮੈਂ ਬੱਤੀਆਂ ਕੋਲ ਆਪਣੀ ਗੱਡੀ ਰੋਕੀ, ਪਿੱਛੋਂ ਕਿਸੇ ਨੇ ਗੱਡੀ ਠੋਕ'ਤੀ, ਤੇ ਜੇ ਮੈਂ ਆਖਿਆ, ਭਲਿਆ ਮਾਣਸਾ, ਦੇਖ ਤਾਂ ਲੈ, ਅੱਗੇ ਤਾਂ ਲਾਲ ਬੱਤੀ ਹੋਈ ਪਈ ਐ, ਉਹਨੇ ਸੌਰੀ ਤਾਂ ਕੀ ਕਹਿਣਾ ਸੀ ਸਗੋਂ ਮੇਰੀ ਗਲਤੀ ਕੱਢਣ ਬੈਠ ਗਿਆ... ਅਹਿ-ਜਾ ਤਾਂ ਹਾਲ ਐ ਲੋਕਾਂ ਦਾ।" "ਇਹੋ ਤਾਂ ਮੈਂ ਬੈਠਾ ਸੋਚੀ ਜਾਂਦਾ ਸੀ, ਬਈ ਬੰਦਾ ਏਨੀ ਹਫੜਾ ਦਫੜੀ 'ਚ ਕਿਉਂ ਪਿਐ? ਕਿਉਂ ਆਵਦੀ ਸੁਰਤ ਭੁਲਾਈ ਬੈਠੈ?"

ਫਿਰ ਉਹ ਅਚਾਨਕ ਪੁੱਛਦਾ ਹੈ, "ਚਮਕੌਰ ਕਿੱਥੇ ਰਹਿ ਗਿਆ?"

"ਬਸ ਆਉਂਦਾ ਈ ਹੋਣੈ।" ਚਮਕੌਰ ਮੇਰਾ ਵੀਹ ਸਾਲ ਪੁਰਾਣਾ ਦੋਸਤ ਹੈ। ਉਸ ਨਾਲ ਮਿਲਣਾ ਰੋਜ਼ਾਨਾ ਵਾਂਗ ਹੁੰਦਾ। ਵਿਸ਼ਾ ਭਾਵੇਂ ਉਹਦਾ ਰਾਜਨੀਤੀ ਸ਼ਾਸਤਰ ਹੈ ਪਰ ਸਾਹਿਤ ਦਾ ਰਸੀਆ ਹੈ। ਕਦੇ ਕਦਾਈਂ ਅੱਖਰ ਝਰੀਟ ਵੀ ਕਰ ਲੈਂਦਾ।

"ਹੋਰ ਸੁਣਾਓ ਫਿਰ ਕੀ ਹਾਲ ਚਾਲ ਐ?" ਮੈਂ ਸੁਰਿੰਦਰਪਾਲ ਨੂੰ ਕੋਈ ਗੱਲ ਸ਼ੁਰੂ ਕਰਨ ਦਾ ਨਿਓਤਾ ਦਿੰਦਾ ਹਾਂ। "ਮੇਰਾ ਹਾਲ ਤਾਂ ਠੀਕ ਐ ਪਰ ਆਪਣੇ ਪਿੰਡਾਂ ਦਾ ਮਾੜੈ।" ਆਪਸੀ ਸਹਿਮਤੀ ਬਾਰੇ ਤੁਰਦੀ-ਤੁਰਦੀ ਗੱਲ ਪਿੱਛੇ ਜਿਹੇ ਹੋਈਆਂ ਪੰਚਾਇਤੀ ਚੋਣਾਂ ਵੱਲ ਮੋੜ ਕੱਟ ਲੈਂਦੀ ਹੈ। ਉਹ ਚੋਣਾਂ ਦੀਆਂ ਗੱਲਾਂ ਛੇੜ ਲੈਂਦਾ ਹੈ- "ਭਲਾ ਕਿੱਡੀ ਕੁ ਗੱਲ ਸੀ, ਆਪਸ 'ਚ ਰਲ ਕੇ ਇੱਕ ਬੰਦਾ ਚੁਣ ਲੈਂਦੇ... ਆਖ਼ਿਰ ਤਾਂ ਕੰਮ ਕਰਨਾ ਹੀ ਪੈਣੈ... ਪਰ ਕਿੱਥੇ... ਡਾਂਗ-ਸੋਟੀ ਹੋਏ ਬਗੈਰ ਟਿਕਦੇ ਨਹੀਂ।"

"ਗੱਲ ਤਾਂ ਠੀਕ ਐ ਸੁਰਿੰਦਰਪਾਲ।" ਇੰਨਾ ਆਖ ਮੈਂ ਆਪਣੀ ਗੱਲ ਜਾਰੀ ਰੱਖਣੀ ਚਾਹੁੰਦਾ ਹਾਂ ਪਰ ਸੁਰਿੰਦਰਪਾਲ ਆਪਣੀ ਲੜੀ ਤੋੜਦਾ ਨਹੀਂ, "ਆਪਾਂ 'ਉਤਲਿਆਂ' ਨੂੰ ਤਾਂ ਦੋਸ਼ ਦੇਈ ਜਾਨੇਂ ਆਂ ਕਿ ਰਾਜਨੀਤੀ ਗੰਧਲੀ ਕੀਤੀ ਪਈ ਐ ਪਰ ਆਵਦੀ ਪੀੜ੍ਹੀ ਥੱਲੇ ਸੋਟਾ ਫੇਰ ਕੇ ਨੀਂ ਵੇਂਹਦੇ ਕਦੀ। ਥੱਲੇ ਵੀ ਤਾਂ ਇਹੀ ਕੁਛ ਹੋਈ ਜਾਂਦੈ। ਬਸ ਮਿਕਦਾਰ ਦਾ ਈ ਫ਼ਰਕ ਐ, ਜੀਹਦਾ ਜਿੱਥੇ ਦਾਅ ਲਗਦੈ, ਲਾਈ ਜਾਂਦੈ... ਤੇ ਜਿਹੜੇ ਲੀਡਰਾਂ ਨੂੰ ਅਸੀਂ ਮੰਦਾ ਚੰਗਾ ਆਖਦੇ ਆਂ, ਉਹ ਸਾਡੀ ਸੁਸਾਇਟੀ ਦਾ ਈ ਪ੍ਰਤੀਰੂਪ ਐ... ਲੈ ਚਮਕੌਰ ਵੀ ਆ ਗਿਆ।" ਦੂਰੋਂ ਆਉਂਦੇ ਚਮਕੌਰ ਨੂੰ ਦੇਖ ਉਹ ਆਪਣੀ ਗੱਲ ਵਿੱਚੇ ਰੋਕ ਆਖਦਾ ਹੈ।

"ਹੁਣ ਚਾਹ ਕਹਿ ਦਈਏ ਆਪਾਂ।" ਇੰਨਾ ਆਖ ਮੈਂ ਰਤਾ ਉੱਚੀ ਆਵਾਜ਼ ਵਿੱਚ ਚਾਹ ਲਈ ਆਖ ਦਿੰਦਾ ਹਾਂ। ਸਾਡੀਆਂ ਗੱਲਾਂ ਵਿੱਚ ਚਮਕੌਰ ਵੀ ਸ਼ਾਮਲ ਹੋ ਜਾਂਦਾ ਹੈ- "ਗੱਲ 'ਕੱਲੀ ਰਾਜਨੀਤੀ ਦੀ ਥੋੜ੍ਹੈ, ਕੋਈ ਵੀ ਖੇਤਰ ਦੇਖ ਲਓ... ਸਭ ਕੁਛ ਮੁੱਧਾ ਵੱਜਿਆ ਪਿਐ, ਮਨੁੱਖ ਗਰਕਣ ਦੇ ਰਾਹ ਪਿਆ ਹੋਇਐ... ਤੇ ਜਿੰਨਾ ਚਿਰ ਮਨੁੱਖ ਸਹੀ ਅਰਥਾਂ 'ਚ ਧਾਰਮਿਕ ਨੀਂ ਹੋ ਜਾਂਦਾ, ਓਨਾ ਚਿਰ ਇਹਦਾ ਕੋਈ ਹੱਲ ਨੀਂ; ਮਤਲਬ, ਧਰਮ ਗੱਲੀਂ ਬਾਤੀਂ ਨੀਂ ਹੁੰਦਾ, ਇਹ ਸਾਡੇ ਵਿਹਾਰ 'ਚੋਂ ਝਲਕਣਾ ਚਾਹੀਦੈ।"

"ਪਹਿਲੇ ਗੁਰੂ ਵੀ ਤਾਂ ਇਹੀ ਕਹਿੰਦੇ ਐ: ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥" ਮੈਂ ਆਪਣੀ ਗੱਲ ਦਰਜ ਕਰਵਾਉਂਦਾ ਹਾਂ। "ਬਿਲਕੁਲ ਠੀਕ", ਇਹ ਆਖ ਚਮਕੌਰ ਆਪਣੀ ਗੱਲ ਫਿਰ ਜਾਰੀ ਰੱਖਦਾ ਹੈ, "ਮਨੁੱਖ ਨੇ ਜੇ ਆਪਣਾ ਭਵਿੱਖ ਬਚਾਉਣੈ ਤਾਂ ਧਿਆਨ ਤੋਂ ਬਿਨਾਂ ਹੋਰ ਕੋਈ ਦੂਜਾ ਰਾਹ ਨੀਂ।" ਉਹਦੀਆਂ ਗੱਲਾਂ ਵਿੱਚ ਓਸ਼ੋ ਉੱਭਰ ਆਉਂਦਾ ਹੈ, "ਧਿਆਨ ਤੋਂ ਈ ਪ੍ਰੇਮ ਉਪਜੇਗਾ ਤੇ ਜਿੱਥੇ ਪ੍ਰੇਮ ਐ, ਓਥੇ ਕੋਈ ਕਲੇਸ਼ ਹੋ ਹੀ ਨੀਂ ਸਕਦਾ।"

"ਗੁਰਬਾਣੀ ਵੀ ਤਾਂ ਇਹੀ ਕਹਿੰਦੀ ਐ, ਉਹਦਾ ਸਾਰ ਤੱਤ ਪ੍ਰੇਮ 'ਤੇ ਈ ਟਿਕਿਆ ਹੋਇਐ।" ਮੈਂ ਦੁਬਾਰਾ ਆਪਣੀ ਗੱਲ ਰੱਖਦਾ ਹਾਂ। "ਬਿਲਕੁਲ ਬਿਲਕੁਲ।" ਚਮਕੌਰ ਜਿਵੇਂ ਵਜਦ ਵਿਚ ਆ ਗਿਆ ਹੋਵੇ, "ਧਿਆਨ ਤੇ ਪ੍ਰੇਮ ਇੱਕੋ ਸਿੱਕੇ ਦੇ ਦੋ ਪਹਿਲੂ ਐ, ਪ੍ਰੇਮ ਦਾ ਰਾਹ ਫੜੋ, ਧਿਆਨ ਪ੍ਰਗਟ ਹੋ ਜਾਏਗਾ; ਧਿਆਨ ਦਾ ਰਾਹ ਫੜੋ, ਪ੍ਰੇਮ ਆ ਜਾਏਗਾ; ਜਿੱਥੇ ਪ੍ਰੇਮ ਐ, ਉੱਥੇ ਧਿਆਨ ਐ; ਜਿੱਥੇ ਧਿਆਨ ਐ, ਉੱਥੇ ਪ੍ਰੇਮ ਐ।" "ਗੱਲ ਤਾਂ ਫਿਰ ਸਾਰੀ ਪ੍ਰੇਮ ਦੀ ਐ।" ਪ੍ਰੇਮ ਸ਼ਬਦ ਸੁਰਿੰਦਰਪਾਲ ਘਰੋੜ ਕੇ ਬੋਲਦਾ ਹੈ ਤੇ ਇਹਦੇ ਨਾਲ ਪ੍ਰੇਮ ਆਪਣੇ ਗੁਲਾਬੀ ਅਰਥਾਂ ਵਿੱਚ ਪ੍ਰਗਟ ਹੋ ਜਾਂਦਾ ਹੈ। ਚੱਲ ਰਿਹਾ ਗੰਭੀਰ ਵਿਸ਼ਾ ਹਲਕੇ ਫੁਲਕੇ ਅੰਦਾਜ਼ ਦੇ ਰਾਹੇ ਤੁਰ ਪੈਂਦਾ ਹੈ। ਅਸੀਂ ਆਪਣੇ ਕੁਦਰਤੀ ਵਹਾਅ ਵਿੱਚ ਵਹਿ ਜਾਂਦੇ ਹਾਂ। ਧਰਤ ਨਾਲ ਜੁੜੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਵਿੱਚ ਮਿੱਟੀ ਦੀ ਖ਼ੁਸ਼ਬੂ ਹੈ। ਸਾਦਗੀ ਹੈ। ਸਰਲਤਾ ਹੈ।

ਇਉਂ ਦਿਨ ਭਰ ਦੇ ਥਕੇਵੇਂ, ਦਿਨ ਭਰ ਦੀਆਂ ਕੀਤੀਆਂ ਰਸਮੀ ਗੱਲਾਂ ਦਾ ਅਕੇਵਾਂ ਲੱਥ ਰਿਹਾ ਹੈ। ਅਸੀਂ ਮੁੜ ਤਰੋ-ਤਾਜ਼ਾ ਹੋ ਰਹੇ ਹਾਂ... ਤੇ ਫਿਰ ਅਚਾਨਕ ਅਸੀਂ ਤਿੰਨੇ ਹੀ ਸੜਕ ਵੱਲ ਦੇਖਦੇ ਹਾਂ। ਭਾਰੀ ਖੜਾਕ ਨੇ ਧਿਆਨ ਖਿੱਚਿਆ ਹੈ। ਭੱਜ ਕੇ ਉਸ ਪਾਸੇ ਜਾਂਦੇ ਹਾਂ। ਕਾਫੀ ਵੱਡੀ ਕਾਰ ਵਾਲੇ ਨੇ ਰਿਕਸ਼ੇ ਵਿੱਚ ਸਾਈਡ ਤੋਂ ਗੱਡੀ ਮਾਰੀ ਹੈ। ਰਿਕਸ਼ੇ ਦਾ ਤਾਂ ਨੁਕਸਾਨ ਹੋ ਗਿਆ ਪਰ ਰਿਕਸ਼ੇ ਵਾਲੇ ਦਾ ਬਚਾਅ ਹੋ ਗਿਆ। ਕਾਰ ਵਾਲਾ ਗਾਲ੍ਹਾਂ ਕੱਢਦਾ ਬਾਹਰ ਨਿਕਲਿਆ। ਰਿਕਸ਼ੇ ਵਾਲੇ ਨੂੰ ਮਾਰਨ ਨੂੰ ਪਿਆ। ਅਸੀਂ ਵਿੱਚ ਪੈ ਕੇ ਰੋਕਿਆ। ਫਿਰ ਉਹ ਬੁੜ-ਬੁੜ ਕਰਦਾ ਕਾਰ ਵਿੱਚ ਬਹਿ ਗਿਆ। ਅਸੀਂ ਵੀ ਵਾਪਸ ਆ ਕੇ ਬੈਠ ਗਏ। ਹੁਣ ਕਾਰ ਵਾਲੇ ਦੀ ਹੈਂਕੜ ਅਤੇ ਰਿਕਸ਼ੇ ਵਾਲੇ ਦੀ ਲਾਚਾਰਗੀ 'ਤੇ ਚਰਚਾ ਛਿੜ ਪਈ, ਤੇ ਫਿਰ ਚਮਕੌਰ ਨੇ ਤੋੜਾ ਝਾੜਿਆ, "ਹੁਣ ਤੁਸੀਂ ਦੇਖੋ, ਬੰਦੇ ਕੋਲ ਵੱਡੀ ਗੱਡੀ ਸੀ, ਕੱਪੜਾ-ਲੱਤਾ ਵੀ ਪ੍ਰਭਾਵ ਵਾਲਾ ਸੀ; ਮਤਲਬ, ਬੰਦੇ ਕੋਲ ਧਨ ਦੀ ਕੋਈ ਕਮੀ ਨੀਂ ਹੋਣੀ ਪਰ...!" ਚਮਕੌਰ ਦੇ ਅਗਲੇ ਬੋਲ ਮੈਂ ਬੋਚ ਲਏ, "ਪਰ ਧਿਆਨ ਦੀ ਕਮੀ ਐ, ਪ੍ਰੇਮ ਦੀ ਕਮੀ ਐ।"

"ਬਸ, ਆਹੀ ਗੱਲ ਐ ਸਾਰੀ।" ਚਮਕੌਰ ਬੋਲਿਆ। ਫਿਰ ਸੁਰਿੰਦਰਪਾਲ ਵੀ ਪਿੱਛੇ ਨਾ ਰਿਹਾ, "ਮਤਲਬ, ਜਿੱਥੇ ਧਨ ਤੇ ਧਿਆਨ ਦੋਵੇਂ 'ਕੱਠੇ ਹੋ ਗਏ, ਓਥੇ ਫਿਰ ਸਾਰੇ ਕਲੇਸ਼ ਮਿਟ ਗਏ।"

# ਤਾਪਮਾਨ ਦੇ ਵਾਧੇ ਦਾ ਗਹਿਰਾਉਂਦਾ ਸੰਕਟ



ਲਿਖਤ : ਡਾ. ਗੁਰਿੰਦਰ ਕੌਰ

ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਦੀ ਜਨਵਰੀ 2025 ਨੂੰ ਜਾਰੀ ਰਿਪੋਰਟ ਅਨੁਸਾਰ, 2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਬਣ ਗਿਆ ਹੈ। ਇਸ ਸਾਲ ਧਰਤੀ ਦਾ ਔਸਤ ਤਾਪਮਾਨ ਉਦਯੋਗਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.6 ਡਿਗਰੀ ਸੈਲਸੀਅਸ ਅਤੇ 2023 ਦੇ ਸਾਲ ਨਾਲੋਂ 0.12 ਡਿਗਰੀ ਸੈਲਸੀਅਸ ਵੱਧ ਆਂਕਿਆ ਗਿਆ ਹੈ। 2024 ਵਿੱਚ ਸਿਰਫ਼ ਜੁਲਾਈ ਮਹੀਨੇ (1.48 ਡਿਗਰੀ ਸੈਲਸੀਅਸ) ਨੂੰ ਛੱਡ ਕੇ ਬਾਕੀ ਦੇ ਗਿਆਰਾਂ ਮਹੀਨਿਆਂ ਵਿੱਚ ਧਰਤੀ ਦਾ ਔਸਤ ਤਾਪਮਾਨ ਉਦਯੋਗਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵੱਧ ਰਿਹਾ ਹੈ। ਇਹ ਅਪਰੈਲ, ਮਈ, ਜੂਨ, ਅਗਸਤ ਤੇ ਸਤੰਬਰ ਵਿੱਚ 1.5 ਡਿਗਰੀ ਸੈਲਸੀਅਸ; ਜਨਵਰੀ, ਮਾਰਚ, ਅਕਤੂਬਰ, ਨਵੰਬਰ ਤੇ ਦਸੰਬਰ ਵਿੱਚ 1.6 ਡਿਗਰੀ ਸੈਲਸੀਅਸ ਤੇ ਫਰਵਰੀ ਵਿੱਚ 1.7 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਕੀਤਾ ਗਿਆ। ਰਿਕਾਰਡ ਅਨੁਸਾਰ, ਹੁਣ ਤੱਕ ਦਾ ਸਭ ਤੋਂ ਗਰਮ ਦਿਨ 22 ਜੁਲਾਈ ਵੀ 2024 ਵਿੱਚ ਹੀ ਆਇਆ। ਪਿਛਲੇ ਦਸ ਸਾਲ 2015-2024 ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ।

ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ, ਧਰਤੀ ਅਤੇ ਸਮੁੰਦਰ ਦੇ ਪਾਣੀ ਦੇ ਔਸਤ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ ਜਿਨ੍ਹਾਂ ਵਿੱਚ ਆਵਾਜਾਈ ਦੇ ਸਾਧਨ, ਉਦਯੋਗਕ ਇਕਾਈਆਂ, ਜੰਗਲਾਂ ਦੀ ਅੰਧਾਧੁੰਦ ਕਟਾਈ, ਧਰਤੀ ਦੀ ਵਰਤੋਂ ਵਿੱਚ ਬਦਲਾਓ, ਮਨੁੱਖੀ ਰਹਿਣ-ਸਹਿਣ, ਖਾਣ-ਪੀਣ ਦੀਆਂ ਆਦਤਾਂ ਵਿੱਚ ਬਦਲਾਓ ਆਦਿ ਸ਼ਾਮਲ ਹਨ। ਇਹ ਸਾਰੀਆਂ ਗਤੀਵਿਧੀਆਂ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਵਾਧਾ ਕਰ ਰਹੀਆਂ ਹਨ। ਮਨੁੱਖੀ ਗਤੀਵਿਧੀਆਂ ਦੇ ਨਾਲ-ਨਾਲ 2024 ਵਿੱਚ ਤਾਪਮਾਨ ਦੇ ਵਾਧੇ ਲਈ ਕੁਦਰਤੀ ਵਰਤਾਰਾ ਅਲ-ਨੀਨੋ ਵੀ ਜ਼ਿੰਮੇਵਾਰ ਹੈ। ਇੱਥੇ ਇਹ ਸੋਚਣਾ ਬਣਦਾ ਹੈ ਕਿ ਤਾਪਮਾਨ ਦੇ ਇੰਨੇ ਜ਼ਿਆਦਾ ਵਾਧੇ ਲਈ ਸ਼ਾਇਦ ਦੁਨੀਆ ਵਿੱਚ ਵੱਡੇ ਪੱਧਰ ਉੱਤੇ ਹੋ ਰਹੀਆਂ ਲੜਾਈਆਂ ਵੀ ਜ਼ਿੰਮੇਵਾਰ ਹਨ। ਰੂਸ ਤੇ ਯੂਕਰੇਨ ਵਿੱਚ ਪਿਛਲੇ ਤਿੰਨ ਸਾਲ ਅਤੇ ਇਜ਼ਰਾਈਲ ਤੇ ਫ਼ਲਸਤੀਨ ਵਿਚਕਾਰ 15 ਮਹੀਨਿਆਂ ਤੋਂ ਚੱਲ ਰਹੀ ਲੜਾਈ ਦੁਆਰਾ ਵਾਤਾਵਰਨ ਵਿੱਚ ਵੱਡੀ ਮਾਤਰਾ ਵਿੱਚ ਗੈਸਾਂ ਛੱਡੀਆਂ ਜਾ ਰਹੀਆਂ ਹਨ।

ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧਾ ਹੋਣ ਨਾਲ ਗਰਮ ਲਹਿਰਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਵਧ ਰਹੀ ਹੈ। ਨਤੀਜੇ ਵਜੋਂ ਸੋਕੇ ਅਤੇ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਣਾ ਸੁਭਾਵਕ ਹੈ। ਤਾਪਮਾਨ 'ਚ ਵਾਧੇ ਕਾਰਨ ਗਰਮ ਹਵਾ ਵਾਧੂ ਪਾਣੀ ਜਜ਼ਬ ਕਰਦੀ ਹੈ; ਨਤੀਜੇ ਵਜੋਂ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਵਧ ਰਹੀ ਹੈ। ਸਮੁੰਦਰਾਂ ਦਾ ਪਾਣੀ ਗਰਮ ਹੋਣ ਨਾਲ ਸਮੁੰਦਰੀ ਤੂਫ਼ਾਨ ਵਧੇਰੇ ਵਿਨਾਸ਼ਕਾਰੀ ਹੋ ਰਹੇ ਹਨ।

ਧਰਤੀ ਦੇ ਔਸਤ ਤਾਪਮਾਨ ਵਿੱਚ ਇੰਨਾ ਵਾਧਾ ਅਚਾਨਕ ਨਹੀਂ ਹੋਇਆ। 1980 ਦੇ ਦਹਾਕੇ ਤੋਂ ਵਿਗਿਆਨੀ ਆਪਣੀ ਖੋਜਾਂ ਰਾਹੀਂ ਸਮੇਂ ਦੀਆਂ ਸਰਕਾਰਾਂ ਨੂੰ ਗਰੀਨਹਾਊਸ ਗੈਸਾਂ ਦੇ ਵਾਧੇ ਨਾਲ ਹੋਣ ਵਾਲੇ ਨੁਕਸਾਨ ਤੋਂ ਲਗਾਤਾਰ ਜਾਣੂ ਕਰਵਾ ਰਹੇ ਹਨ। 2014 ਵਿੱਚ ਇੰਟਰਨੈਸ਼ਨਲ ਪੈਨਲ ਆਨ ਕਲਾਈਮੇਟ ਚੇਂਜ ਦੀ 5ਵੀਂ ਰਿਪੋਰਟ ਨੇ ਤਾਪਮਾਨ ਦੇ ਵਾਧੇ ਨਾਲ ਮੌਸਮ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਚਿੰਤਾਜਨਕ ਤੱਥ ਜਾਰੀ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਲਈ ਠੋਸ ਉਪਰਾਲੇ ਨਾ ਕੀਤੇ ਤਾਂ ਦੁਨੀਆ ਦਾ ਕੋਈ ਵੀ ਦੇਸ਼ ਮੌਸਮ ਤਬਦੀਲੀਆਂ ਦੇ ਮਾੜੇ ਪ੍ਰਭਾਵਾਂ ਤੋਂ ਬਚ ਨਹੀਂ ਸਕੇਗਾ। ਇਹ ਰਿਪੋਰਟ ਆਉਣ ਮਗਰੋਂ ਭਾਵੇਂ ਦੁਨੀਆ ਦੇ ਸਾਰੇ ਦੇਸ਼ਾਂ ਨੇ 2015 ਵਿੱਚ ਪੈਰਿਸ ਮੌਸਮੀ ਸਮਝੌਤੇ ਤਹਿਤ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਯੋਜਨਾ ਉਲੀਕੀ ਸੀ ਪਰ ਅਫ਼ਸੋਸ! 9 ਸਾਲ ਬੀਤ ਜਾਣ ਉੱਤੇ ਵੀ ਦੁਨੀਆ ਦੇ ਬਹੁਤੇ ਦੇਸ਼ਾਂ (ਖ਼ਾਸਕਰ ਵੱਧ ਨਿਕਾਸੀ ਵਾਲੇ) ਨੇ ਇਸ ਸਮਝੌਤੇ ਨੂੰ ਸੰਜੀਦਗੀ ਨਾਲ ਨਹੀਂ ਲਿਆ; ਨਤੀਜੇ ਵਜੋਂ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੀ ਘਣਤਾ ਤੇਜ਼ੀ ਨਾਲ ਵਧ ਰਹੀ ਹੈ।

ਚੀਨ ਅਤੇ ਅਮਰੀਕਾ ਜੋ ਅੱਜ ਕੱਲ੍ਹ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਨਿਕਾਸੀ ਵਿੱਚ ਪਹਿਲੇ ਤੇ ਦੂਜੇ ਨੰਬਰ 'ਤੇ ਹਨ; ਦਾ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨ ਸਬੰਧੀ ਢਿੱਲਾ ਵਤੀਰਾ ਸਾਹਮਣੇ ਆ ਰਿਹਾ ਹੈ। ਚੀਨ ਜੋ ਦੁਨੀਆ ਦੇ ਸਭ ਦੇਸ਼ਾਂ ਤੋਂ ਵੱਧ ਗਰੀਨ ਹਾਊਸ ਗੈਸਾਂ (ਕੁੱਲ ਨਿਕਾਸੀ ਦਾ 32 ਫ਼ੀਸਦ) ਛੱਡ ਰਿਹਾ ਹੈ, ਦੀ ਗਰੀਨ ਹਾਊਸ ਗੈਸਾਂ ਵਿੱਚ ਕਟੌਤੀ 2030 ਤੋਂ ਬਾਅਦ ਕਰਨ ਦੀ ਯੋਜਨਾ ਹੈ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਦੂਜੇ ਕਾਰਜ ਕਾਲ ਦੇ ਪਹਿਲੇ ਦਿਨ ਹੀ ਦੂਜੀ ਵਾਰ ਪੈਰਿਸ ਮੌਸਮੀ ਸਮਝੌਤੇ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ ਹੈ। ਇਹ ਦੋਵੇਂ ਦੇਸ਼ ਕੁੱਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦਾ 44 ਫ਼ੀਸਦ ਹਿੱਸਾ ਵਾਤਾਵਰਨ ਵਿੱਚ ਛੱਡਦੇ ਹਨ।

ਆਈਪੀਸੀਸੀ ਦੀ 6ਵੀਂ ਰਿਪੋਰਟ ਦੀ ਦੂਜੀ ਕਿਸ਼ਤ ਅਨੁਸਾਰ, ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਵੀ ਤਾਪਮਾਨ ਦੇ ਵਾਧੇ ਲਈ ਜ਼ਿੰਮੇਵਾਰ ਹਨ। ਵਿਕਸਿਤ ਦੇਸ਼ਾਂ ਦੇ ਨਾਲ-ਨਾਲ ਅਮੀਰ ਲੋਕ ਵੀ ਤਾਪਮਾਨ ਦੇ ਵਾਧੇ ਲਈ ਜ਼ਿੰਮੇਵਾਰ ਹਨ। ਔਕਸਫੈਮ ਦੀ 2023 ਵਿੱਚ ਜਾਰੀ ਰਿਪੋਰਟ ਅਨੁਸਾਰ, ਦੁਨੀਆ ਦੀ 1 ਫ਼ੀਸਦ ਸਭ ਤੋਂ ਅਮੀਰ (7.7 ਕਰੋੜ) ਆਬਾਦੀ ਜਿਹੜੀ ਸਾਲਾਨਾ 1,40,000 ਅਮਰੀਕੀ ਡਾਲਰ ਜਾਂ ਇਸ ਵੱਧ ਕਮਾਉਂਦੀ ਹੈ, ਹਰ ਸਾਲ ਵਾਤਾਵਰਨ ਵਿੱਚ ਓਨੀ ਮਾਤਰਾ ਵਿੱਚ ਕਾਰਬਨ ਡਾਇਆਕਸਾਈਡ ਗੈਸ ਛੱਡਦੀ ਹੈ ਜਿੰਨੀ ਦੁਨੀਆ ਦੀ 66 ਫ਼ੀਸਦ ਗ਼ਰੀਬ ਆਬਾਦੀ।

ਤਾਪਮਾਨ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਉੱਤੇ ਕਾਬੂ ਪਾਉਣ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਕਟੌਤੀ ਕਰਨੀ ਚਾਹੀਦੀ ਹੈ। ਆਈਪੀਸੀਸੀ ਦੀ 2023 ਦੀ ਰਿਪੋਰਟ ਅਨੁਸਾਰ, ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਰੱਖਣ ਲਈ 2030 ਤੱਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ 2019 ਦੇ ਨਿਕਾਸੀ ਦੇ ਪੱਧਰ ਦੇ ਮੁਕਾਬਲੇ 43 ਫ਼ੀਸਦ ਅਤੇ 2035 ਤੱਕ 60 ਫ਼ੀਸਦ ਤੱਕ ਕਟੌਤੀ ਕਰਨ ਦੀ ਜ਼ਰੂਰਤ ਹੈ, ਇਸ ਲਈ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਤਾਪਮਾਨ ਦੇ ਵਾਧੇ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਲੋਕਾਂ ਨੂੰ ਬਚਾਉਣ ਲਈ ਕੁਦਰਤ ਨਾਲ ਇਕਸੁਰਤਾ ਬਣਾ ਕੇ ਆਰਥਿਕ ਵਿਕਾਸ ਕਰਨਾ ਚਾਹੀਦਾ ਹੈ। ਊਰਜਾ ਕੋਲੇ, ਤੇਲ ਅਤੇ ਗੈਸ ਦੀ ਥਾਂ ਨਵਿਆਉਣਯੋਗ (ਸੂਰਜ, ਪਾਣੀ ਤੇ ਹਵਾ) ਸਰੋਤਾਂ ਤੋਂ ਪੈਦਾ ਕਰਨੀ ਚਾਹੀਦੀ ਹੈ। ਵਿਕਸਤ ਦੇਸ਼ਾਂ ਅਤੇ ਵੱਧ ਆਮਦਨ ਵਾਲੇ ਲੋਕਾਂ ਨੂੰ ਜ਼ਿੰਦਗੀ ਜਿਊਣ ਦੇ ਤਰੀਕਿਆਂ ਵਿੱਚ ਭਾਰੀ ਤਬਦੀਲੀ ਲਿਆਉਣ ਦੀ ਲੋੜ ਹੈ। ਜ਼ਿੰਦਗੀ ਜਿਊਣ ਦੇ ਤਰੀਕਿਆਂ ਵਿੱਚ ਲੰਮੀ ਦੂਰੀ ਦੀਆਂ ਹਵਾਈ ਉਡਾਣਾਂ ਤੋਂ ਲੈ ਕੇ ਊਰਜਾ ਆਧਾਰਿਤ ਨਿੱਜੀ ਸਹੂਲਤਾਂ, ਖਾਧ ਪਦਾਰਥਾਂ, ਕੱਪੜਿਆਂ ਆਦਿ ਦੀ ਚੋਣ ਸ਼ਾਮਲ ਹਨ।

ਆਵਾਜਾਈ ਦੇ ਸਾਧਨ ਵਾਤਾਵਰਨ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਗਰੀਨ ਹਾਊਸ ਗੈਸਾਂ ਛੱਡਦੇ ਹਨ। ਇਸ ਲਈ ਆਵਾਜਾਈ ਦੇ ਪ੍ਰਾਈਵੇਟ ਸਾਧਨਾਂ ਦੀ ਥਾਂ ਜਨਤਕ ਆਵਾਜਾਈ ਦੇ ਸਾਧਨਾਂ ਦਾ ਬਿਜਲੀਕਰਨ ਕਰਨਾ ਚਾਹੀਦਾ ਹੈ। ਬਿਜਲੀ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕਰਨੀ ਚਾਹੀਦੀ ਹੈ। ਦੁਨੀਆ ਦੇ ਸਾਰੇ ਦੇਸ਼ਾਂ ਨੂੰ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਜਾਪਾਨ ਅਤੇ ਯੂਰੋਪੀਅਨ ਦੇਸ਼ਾਂ ਵਾਂਗ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਪ੍ਰਾਈਵੇਟ ਵਾਹਨ ਰੱਖਣ ਦੀ ਜ਼ਰੂਰਤ ਹੀ ਨਾ ਪਵੇ। ਅਮਰੀਕਾ ਜਿਸ ਨੇ ਬਾਕੀ ਦੇਸ਼ਾਂ ਨਾਲੋਂ ਜ਼ਿਆਦਾ ਗਰੀਨ ਹਾਊਸ ਗੈਸਾਂ ਛੱਡੀਆਂ ਹਨ, ਨੂੰ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਥਾਂ ਆਧੁਨਿਕ ਤਕਨੀਕਾਂ ਦੀ ਮਦਦ ਰਾਹੀਂ ਇਨ੍ਹਾਂ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨੀ ਚਾਹੀਦੀ ਹੈ।

ਹਰ ਦੇਸ਼ ਨੂੰ ਜੰਗਲਾਂ ਦੀ ਅੰਧਾਧੁੰਦ ਕਟਾਈ ਬੰਦ ਕਰ ਕੇ ਜੰਗਲਾਂ ਥੱਲੇ ਰਕਬਾ 33 ਫ਼ੀਸਦ ਕਰਨਾ ਚਾਹੀਦਾ ਹੈ। ਸਜਾਵਟੀ ਅਤੇ ਵਪਾਰਕ ਦਰਖ਼ਤ ਲਗਾਉਣ ਦੀ ਥਾਂ ਸਥਾਨਕ ਦਰਖ਼ਤਾਂ ਨੂੰ ਤਰਜੀਹ ਦਿੱਤੀ ਜਾਵੇ। ਵੱਖ-ਵੱਖ ਦੇਸ਼ਾਂ ਵਿੱਚ ਹੋ ਰਹੀਆਂ ਲੜਾਈਆਂ ਬੰਦ ਕਰਵਾਉਣੀਆਂ ਚਾਹੀਦੀਆ ਹਨ। ਇਸ ਦੇ ਨਾਲ-ਨਾਲ ਹਰੇਕ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੀਆਂ ਆਦਤ ਬਦਲੇ। ਦੁਨੀਆ ਦੇ ਸਾਰੇ ਲੋਕ ਅਤੇ ਦੇਸ਼ ਸੰਕਟ ਦੀ ਘੜੀ ਵਿੱਚੋਂ ਲੰਘ ਰਹੇ ਹਨ। ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣ ਲਈ ਹਰ ਦੇਸ਼ ਦੀ ਸਰਕਾਰ ਦੇ ਨਾਲ-ਨਾਲ ਹਰੇਕ ਸ਼ਖ਼ਸ ਨੂੰ ਬਣਦਾ ਫ਼ਰਜ਼ ਨਿਭਾਉਣਾ ਚਾਹੀਦਾ ਹੈ।

# ਸਾਵਧਾਨ!



ਲਿਖਤ : ਕਮਲੇਸ਼ ਉੱਪਲ, ਸੰਪਰਕ: 98149-02564

ਹਰ ਚੀਜ਼ ਜੋ ਪਹਿਲਾਂ ਸਿੱਧੀ ਹੁੰਦੀ ਸੀ, ਹੁਣ ਪੁੱਠੀ ਹੋਈ ਪਈ ਹੈ। ਆਪਣੇ ਘਰ ਹੀ ਨਹੀਂ, ਹਰ ਪਾਸੇ ਅਜੀਬ ਤੇ ਦੁਖੀ ਕਰਨ ਵਾਲੇ ਵਰਤਾਰੇ ਹਨ। ਘਰ ਦੀਆਂ ਉਲਝਣਾਂ ਤੁਸੀਂ ਸੂਝ-ਸਿਆਣਪ ਵਰਤ ਕੇ ਸੁਲਝਾ ਲੈਂਦੇ ਹੋ ਪਰ ਲਗਦਾ ਹੈ, ਚਹੁੰ ਪਾਸੇ ਪਸਰੀ ਜ਼ਿੰਦਗੀ ਦੇ ਸਾਜ਼ ਦੇ ਤਾਰ ਬੇਸੁਰੇ ਹੋ ਗਏ ਹਨ। ਬਹੁਤ ਪੁਰਾਣਾ ਗਾਣਾ ਵਾਰ-ਵਾਰ ਜ਼ਿਹਨ ਵਿਚ ਗੇੜੇ ਕੱਢ ਰਿਹਾ ਹੈ: ਜ਼ਿੰਦਗੀ ਕਾ ਸਾਜ਼ ਭੀ ਕਿਆ ਸਾਜ਼ ਹੈ, ਬਜ ਰਹਾ ਹੈ ਔਰ ਬੇਆਵਾਜ਼ ਹੈ। ਹਕੂਮਤਾਂ ਹੰਕਾਰੀਆਂ ਪਈਆਂ ਨੇ। ਸਿਆਸਤਾਂ ਸੱਤਾ ਦੇ ਨਸ਼ੇ ਵਿਚ ਪਾਰਟੀਆਂ ਤੇ ਧੜਿਆਂ ਦਾ ਜੁਗਾੜ ਕਰਨ ਵਿਚ ਗਲਤਾਨ ਨੇ।

ਦੂਜੇ ਪਾਸੇ ਮੁਲਕ ਦੇ ਆਮ ਲੋਕ ਅਪਰਾਧ, ਠੱਗੀ, ਲੁੱਟਾਂ ਖੋਹਾਂ ਅਤੇ ਹਿੰਸਕ ਝੜਪਾਂ ਜਿਹੀਆਂ ਉਲਝਣਾਂ ਵਿਚ ਫਸੇ ਹੋਏ ਜਿਵੇਂ ਕਿਵੇਂ ਰੋਜ਼ਮੱਰਾ ਜਿਊਣ ਦੇ ਉਪਰਾਲੇ ਕਰਦੇ ਨਜ਼ਰ ਆਉਂਦੇ ਹਨ। ਧਰਮ ਅਤੇ ਪੂਜਾ ਪਾਠ ਨੂੰ ਰੋਜ਼ਮੱਰਾ ਜ਼ਿੰਦਗੀ ਦਾ ਖ਼ਾਸ ਹਿੱਸਾ ਬਣਾ ਦਿੱਤਾ ਗਿਆ ਹੈ। ਹੁਣ ਸਮਝ ਆ ਰਹੀ ਹੈ ਕਿ ਕਾਰਲ ਮਾਰਕਸ ਨੇ ਕਿਉਂ ਅਤੇ ਕਿਸ ਕਾਰਨ ਕਿਹਾ ਸੀ ਕਿ ਧਰਮ ਸਾਧਾਰਨ ਬੰਦਿਆਂ ਲਈ ਅਫ਼ੀਮ ਹੁੰਦਾ ਹੈ। ਇਸ ਅਫ਼ੀਮ ਦੇ ਅਸਰ ਹੇਠ ਬੰਦਾ ਜ਼ਿੰਦਗੀ ਦੀਆਂ ਵਧੀਕੀਆਂ ਗੌਲਦਾ ਨਹੀਂ, ਉਨ੍ਹਾਂ ਨੂੰ ਅਸਲੋਂ ਹੀ ਭੁਲਾ ਕੇ ਧਾਰਮਿਕ ਕਰਮ-ਕਾਂਡਾਂ, ਰਸਮਾਂ ਤੇ ਯਾਤਰਾਵਾਂ ਦੇ ਗੇੜ ਵਿਚ ਪੈ ਕੇ ਅਤੇ ਬੇਖ਼ਬਰ ਹੋ ਕੇ ਜੀ ਲੈਂਦਾ ਹੈ।

ਤੁਸੀਂ ਕਿਸੇ ਵੀ ਕੰਮ ਲਈ ਘਰੋਂ ਬਾਹਰ ਨਿਕਲੋ ਤਾਂ ਰਾਹ-ਰਸਤੇ ਅਤੇ ਸੜਕਾਂ-ਚੁਰਾਹੇ ਤੁਹਾਨੂੰ ਰਾਹ ਦਿੰਦੇ ਨਹੀਂ ਸਗੋਂ ਰੋਕਦੇ ਹਨ। ਸਾਰੀਆਂ ਥਾਵਾਂ 'ਤੇ ਜਲਸਿਆਂ ਜਲੂਸਾਂ ਨੇ ਰਾਹ ਮੱਲੇ ਹਨ। ਤੁਸੀਂ ਚੌਕ ਚੁਰਾਹੇ ਵੱਲ ਜਾ ਰਹੇ ਹੋ ਤਾਂ ਤੁਹਾਨੂੰ ਸਾਹਮਣਿਉਂ ਆ ਰਿਹਾ ਮੋਟਰ ਜਾਂ ਦੁਪਹੀਏ ਦਾ ਸਵਾਰ ਇਹ ਦੱਸਦਾ ਹੋਇਆ ਲੰਘ ਜਾਂਦਾ ਹੈ ਕਿ ਮੁੜ ਜਾਓ ਪਿੱਛੇ, ਅੱਗੇ ਜਾਮ ਲੱਗਿਆ। ਤੁਹਾਨੂੰ ਜਿਸ ਪਾਸੇ ਵੱਲ ਕੰਮ ਵਾਲੀ ਥਾਂ ਪਹੁੰਚਣਾ ਸੀ, ਉਹ ਸੜਕ ਹੀ ਖ਼ਾਲੀ ਨਹੀਂ ਮਿਲਦੀ।

ਜਦੋਂ ਕੋਈ ਤਿਓਹਾਰ ਨੇੜੇ ਹੋਵੇ, ਸੜਕਾਂ 'ਤੇ ਉਸ ਤਿਓਹਾਰ ਸਬੰਧੀ ਧਾਰਮਿਕ ਅਨੁਸ਼ਠਾਨਾਂ ਦੀ ਗਤੀਵਿਧੀ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਗੱਲ ਸਿਰਫ਼ ਇਹ ਨਹੀਂ ਕਿ ਆਬਾਦੀ ਵਧ ਅਤੇ ਥਾਂ ਘਟ ਰਹੀ ਹੈ। ਆਬਾਦੀ ਵਧਣ ਦੇ ਨਾਲ ਹੀ ਬੰਦਿਆਂ ਦੇ ਧਾਰਮਿਕ ਅਕੀਦੇ ਵਧ ਰਹੇ ਹਨ। ਕਦੇ-ਕਦੇ ਇੰਝ ਜਾਪਦਾ ਕਿ ਜਿੰਨੇ ਬੰਦੇ ਓਨੇ ਹੀ ਧਰਮ ਹੋ ਜਾਣਗੇ। ਹਰ ਚੀਜ਼ ਦੀ ਬਹੁਤਾਤ ਵੀ ਅਸੰਗਤੀ ਅਤੇ ਦੁਰਬੋਧਤਾ ਬਣ ਜਾਂਦੀ ਹੈ। ਹੁਣ ਸੜਕਾਂ ਅਤੇ ਰਾਹ ਇਸ ਦੁਰਬੋਧਤਾ ਦੇ ਵੱਸ ਹਨ। ਇਸ ਵਿਰੋਧਾਭਾਸ ਨੂੰ ਜ਼ਰਾ ਸੋਚ ਵਿਚਾਰ ਕੇ ਦੇਖੋ ਕਿ ਰਾਹ ਜੋ ਤੁਹਾਨੂੰ ਮੰਜ਼ਿਲ 'ਤੇ ਪੁਚਾਉਣ ਲਈ ਬਣਿਆ ਸੀ, ਆਪ ਹੀ ਕਿਸੇ ਅਦਿੱਖ ਭਿਆਨਕਤਾ ਦੇ ਵੱਸ ਪੈ ਕੇ ਤੁਹਾਡੇ ਲਈ ਨਕਾਰਾ ਹੋ ਗਿਆ ਹੈ।

ਇਨ੍ਹਾਂ ਰਾਹਾਂ ਦੇ ਮਾਲਕ ਹੁਣ ਧਾਰਮਿਕ ਇਕੱਠ ਹੀ ਨਹੀਂ, ਆਵਾਰਾ ਪਸ਼ੂ ਅਤੇ ਕੁੱਤੇ ਵੀ ਹਨ। ਬੰਦਿਆਂ ਦੀ ਆਬਾਦੀ ਦੇ ਨਾਲ ਹੀ ਆਵਾਰਾ ਪਸ਼ੂਆਂ ਅਤੇ ਕੁੱਤਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਬੰਦੇ ਅਚਾਨਕ ਇਨ੍ਹਾਂ ਦੇ ਸ਼ਿਕਾਰ ਬਣ ਜਾਂਦੇ ਹਨ ਪਰ ਕਰ ਕੁਝ ਨਹੀਂ ਸਕਦੇ। ਕਾਨੂੰਨ ਬਣੇ ਹਨ, ਬਣ ਰਹੇ ਹਨ ਜੋ ਅਜਿਹੇ ਹਨ ਕਿ ਪਹਿਲਾਂ ਕੁੱਤਾ ਤੁਹਾਨੂੰ ਵੱਢੇਗਾ, ਫਿਰ ਉਸ ਵੱਢ ਦਾ ਹਿਸਾਬ ਲਾਇਆ ਜਾਵੇਗਾ; ਕਿੰਨੀ ਕੁ ਹੈ; ਕਿੰਨੇ ਦੰਦ ਵੱਜੇ ਹਨ; ਕੀ ਦਹਿਸ਼ਤ ਕਾਰਨ ਤੁਹਾਡਾ ਕੋਈ ਨੁਕਸਾਨ ਹੋਇਆ ਹੈ ਆਦਿ। ਫਿਰ ਕਾਗਜ਼-ਪੱਤਰ ਤਿਆਰ ਕਰਵਾ ਕੇ ਤੁਹਾਨੂੰ ਸਰਕਾਰ ਜਾਂ ਨਗਰ ਨਿਗਮ ਕੋਲੋਂ ਮਿੱਥਿਆ ਹੋਇਆ ਮੁਆਵਜ਼ਾ ਮਿਲ ਜਾਵੇਗਾ। ਚੰਡੀਗੜ੍ਹ ਵਿਚ ਅਜਿਹਾ ਕਾਨੂੰਨ ਲਾਗੂ ਹੋ ਚੁੱਕਾ ਹੈ। ਦੇਖਾਦੇਖੀ ਹੋਰ ਸ਼ਹਿਰਾਂ ਵਿਚ ਵੀ ਅਜਿਹੇ ਕਾਨੂੰਨ ਜਾਂ ਉਪ-ਨਿਯਮ (ਬਾਇਲਾਜ਼) ਬਣਾ ਦਿਤੇ ਜਾਣਗੇ। ਮੋਟੇ ਤੌਰ 'ਤੇ ਮਤਲਬ ਇਹ ਕਿ ਬੰਦੇ ਦੀ ਸੁਰੱਖਿਆ ਅਤੇ ਸੁਖ ਦਾ ਦਰਜਾ ਹੁਣ ਕੁੱਤਿਆਂ ਵਰਗੇ ਆਵਾਰਾ ਅਨਸਰਾਂ ਦੀ ਦੇਖਭਾਲ ਤੇ ਸੁਰੱਖਿਆ ਤੋਂ ਥੱਲੇ ਹੈ। ਪਹਿਲਾਂ ਆਵਾਰਾ ਜੀਵ, ਫਿਰ ਬੰਦਾ। ਸੋਚੋ, ਕਿੰਨਾ ਕੁ ਤਰਕ ਹੈ ਇਸ ਨੀਤੀ 'ਚ।

ਨਵੀਂ ਜੀਵਨ ਜਾਚ ਦੀਆਂ ਵਧੀਕੀਆਂ ਅਤੇ ਅਸੰਗਤੀਆਂ ਆਧਾਰ ਕਾਰਡ ਨਾਲ ਪੁਆਈਆਂ ਨਕੇਲਾਂ ਵਿਚੋਂ ਜ਼ਾਹਿਰ ਹਨ। ਲਗਦਾ, ਉਹ ਦਿਨ ਦੂਰ ਨਹੀਂ ਜਦੋਂ ਸਾਹ ਲੈਣਾ ਵੀ ਆਧਾਰ ਕਾਰਡ ਨਾਲ ਜੋੜ ਦਿੱਤਾ ਜਾਵੇਗਾ। ਹੁਣ ਇਕ ਹੋਰ ਘਰ-ਘਰ ਦਾ ਤੇ ਹਰ ਮੋਬਾਈਲ ਧਾਰਕ ਦਾ ਦੁਸ਼ਮਣ ਜੰਮ ਪਿਆ ਹੈ; ਉਹ ਹੈ ਸਾਈਬਰ ਅਪਰਾਧੀ। ਇਹ ਧੋਖਾਧੜੀ ਅਜਿਹੀ ਦੁਸ਼ਮਣ ਹੈ ਜਿਸ ਦੀ ਬਿੜਕ ਹਰ ਮੋਬਾਈਲ-ਕਾਲ ਨਾਲ ਬੱਝੀ ਹੈ- ਸਾਵਧਾਨ!... ਪਹਿਲਾਂ ਹਿੰਦੀ ਵਿਚ, ਫਿਰ ਪ੍ਰਾਂਤਕ ਭਾਸ਼ਾ ਵਿਚ ਇੰਝ ਸਾਵਧਾਨ ਕੀਤਾ ਜਾ ਰਿਹਾ ਹੈ ਜਿਵੇਂ 1965 ਤੇ 1971 ਵਿਚ ਹਵਾਈ ਹਮਲੇ ਦੇ ਸਾਇਰਨ ਵੱਜਦੇ ਸਨ ਤੇ ਬੰਦੇ ਬੰਕਰਾਂ ਵਿਚ ਦੁਬਕ ਜਾਂਦੇ ਸਨ। ਜੇ ਇਹ ਸਾਈਬਰ ਅਪਰਾਧੀ ਇੰਨੇ ਬਲਵਾਨ ਹਨ ਤਾਂ ਇਨ੍ਹਾਂ ਨਾਲ ਸਿੱਝਣ ਦਾ ਕੋਈ ਢੰਗ ਗ੍ਰਹਿ ਮੰਤਰਾਲਾ ਹੀ ਦੱਸ ਦੇਵੇ; ਨਹੀਂ ਤਾਂ ਲਗਦੈ, ਜਿਵੇਂ ਤਕਨਾਲੋਜੀ ਦੀ ਚੜ੍ਹਤ ਅਤੇ ਵਰਤੋਂ ਦਾ ਖ਼ਮਿਆਜ਼ਾ ਖ਼ਾਹਮਖ਼ਾਹ ਭੁਗਤਣਾ ਪੈ ਰਿਹਾ ਹੋਵੇ। ਅਜਿਹੀਆਂ ਕਸੂਤੀਆਂ ਸਥਿਤੀਆਂ ਵਿਚ ਬੰਦਾ ਸੰਗੀਤ ਦੀ ਦੁਨੀਆ ਦੀਆਂ ਬਰਕਤਾਂ ਮਾਣਨਾ ਚਾਹੁੰਦਾ ਹੈ: ਜਬ ਦਿਲ ਕੋ ਸਤਾਵੇ ਗ਼ਮ ਤੂ ਛੇੜ ਸਖੀ ਸਰਗਮ/ਬੜਾ ਜ਼ੋਰ ਹੈ ਸਾਤ ਸੁਰੋਂ ਮੇਂ/ਬਹਤੇ ਆਂਸੂ ਜਾਤੇ ਹੈਂ ਥਮ/ਤੂ ਛੇੜ ਸਖੀ ਸਰਗਮ। ਕੀ ਪਤਾ ਸਰਗਮ ਦੇ ਸੁਰ ਸੁਣਨ ਤੋਂ ਪਹਿਲਾਂ ਹੀ ਕਾਲ ਆ ਜਾਵੇ ਤੇ ਮੋਬਾਈਲ ਕਹੇ ਸਾਵਧਾਨ!...



# ਜੀਵਨ ਜਾਂਚ

ਵਲੋਂ : ਹਰਪਾਲ ਸੰਧਾਵਾਲੀਆ
ਸੰਪਰਕ: 89683-52349

ਸਕੂਲ ਦੀ ਹੈਲਥ ਲੈਬ 'ਚ ਸਿਹਤ ਵਿਭਾਗ ਦੀ ਟੀਮ ਬੈਠੀ ਹੋਈ ਤੇ ਨਾਲ ਕੁਝ ਅਧਿਆਪਕ ਵੀ। ਬਾਹਰ ਅੱਠਵੀਂ ਦੇ ਬੱਚਿਆਂ ਦੀ ਲਾਈਨ ਲੱਗੀ ਹੋਈ। ਇੱਕ ਇੱਕ ਕਰਕੇ ਅੰਦਰ ਜਾ ਰਹੇ, ਟੀਕੇ ਲਵਾਉਣ ਲਈ। ਜੀਵਨ ਵੀ ਲਾਈਨ ਵਿੱਚ ਖੜ੍ਹਾ ਹੈ। ਉਹ ਹਰ ਬੱਚੇ ਦੇ ਟੀਕਾ ਲੱਗਦਾ ਵੇਖਦਾ। ਜਦ ਬੱਚਾ ਆਪਣੀ ਕਮੀਜ਼ ਦੀ ਬਾਂਹ ਉੱਪਰ ਕਰਦਾ ਤਾਂ ਉਹ ਵੀ ਆਪਣੀ ਕਮੀਜ਼ ਦੀ ਬਾਂਹ ਉੱਪਰ ਕਰ ਲੈਂਦਾ। ਜਦ ਬੱਚੇ ਦੇ ਟੀਕਾ ਲੱਗਦਾ ਤਾਂ ਉਹ ਵੀ ਆਪਣੀਆਂ ਅੱਖਾਂ ਬੰਦ ਕਰ ਲੈਂਦਾ। ਜਦ ਟੀਕਾ ਲੱਗ ਜਾਂਦਾ ਤਾਂ ਜੀਵਨ ਵੀ ਬੱਚੇ ਵਾਂਗ ਆਪਣੀ ਕਮੀਜ਼ ਦੀ ਬਾਂਹ ਹੇਠਾਂ ਕਰ ਲੈਂਦਾ। ਬਾਕੀ ਬੱਚੇ ਉਹਦੇ ਵੱਲ ਵੇਖ ਕੇ ਹੱਸਣ ਲੱਗਦੇ, ਪਰ ਉਹ ਇਸ ਸਭ ਤੋਂ ਅਣਜਾਣ ਸੀ। ਸਰਕਾਰ ਦੀ ਵਿਸ਼ੇਸ਼ ਮੁਹਿੰਮ ਤਹਿਤ ਕਿ ਸਾਰੇ ਸਕੂਲਾਂ 'ਚ ਐਮ.ਆਰ. (ਮੀਸਲ ਰੋਬੀਲਾ) ਦੇ ਮੁਫ਼ਤ ਟੀਕੇ ਲਾਏ ਜਾਣ, ਲੈਬ ਵਿੱਚ ਇੱਕ ਮੇਜ਼ ਸਹਾਇਕ ਡਾਕਟਰ ਅਤੇ ਉਹਦੀ ਟੀਮ ਨੇ ਮੱਲਿਆ ਹੋਇਆ ਤੇ ਪਾਸਿਆਂ 'ਤੇ ਕੁਝ ਅਧਿਆਪਕ ਬੈਠੇ ਨੇ। ਪਿੱਛੇ ਦੋ ਬੈਂਚ ਵੀ ਲੱਗੇ ਨੇ, ਟੀਕੇ ਤੋਂ ਬਾਅਦ ਬੱਚੇ ਨੂੰ ਕੁਝ ਮਿੰਟ ਨਿਗਰਾਨੀ ਹੇਠ ਬਿਠਾਉਣ ਲਈ। ਅੰਦਰ ਬੈਠੇ ਹਰ ਬੰਦੇ ਦੇ ਮੱਥੇ 'ਤੇ ਇੱਕ ਚਿੰਤਾ। ਜੇ ਟੀਕੇ ਤੋਂ ਬਾਅਦ ਕਿਸੇ ਬੱਚੇ ਨੂੰ ਜ਼ਰਾ ਜਿੰਨਾ ਬੁਖ਼ਾਰ ਵੀ ਹੋ ਗਿਆ ਤਾਂ ਮਾਂ ਪਿਉ ਨੇ ਆ ਜਾਣਾ, ਕੈਮਰਿਆਂ ਵਾਲਾ ਮੀਡੀਆ ਲੈ ਕੇ। ਫਿਰ ਵੀ ਟੀਕੇ ਤਾਂ ਲੱਗ ਹੀ ਰਹੇ ਨੇ, ਨਾਲ ਗੱਲਾਂ ਬਾਤਾਂ ਵੀ ਚੱਲ ਰਹੀਆਂ ਨੇ ਤੇ ਚਾਹ ਵੀ ਪੀਤੀ ਜਾ ਰਹੀ ਏ। ਚਾਹ ਦੀ ਚੁਸਕੀ ਭਰਦਿਆਂ ਕਲਾਸ ਇੰਚਾਰਜ ਮੈਡਮ ਨੇ ਸਹਾਇਕ ਡਾਕਟਰ ਨੂੰ ਸੰਬੋਧਿਤ ਹੁੰਦਿਆਂ ਗੱਲ ਫਿਰ ਸ਼ੁਰੂ ਕੀਤੀ ਏ, ''ਲੋਕਾਂ ਨੇ ਤਾਂ ਮੈਡਮ, ਗੰਢ ਈ ਬੰਨ੍ਹ ਲਈ ਆ ਕਿ ਸਰਕਾਰ ਦੀ ਕੋਈ ਗੱਲ ਮੰਨਣੀ ਈ ਨਹੀਂ। ਜੇ ਸਰਕਾਰ ਸੱਜੇ ਨੂੰ ਕਹੇ ਤਾਂ ਖੱਬੇ ਨੂੰ ਮੂੰਹ ਕਰਨਗੇ। ਜੇ ਅੱਗੇ ਨੂੰ ਕਹੇ ਤਾਂ ਇਹ ਪਿੱਛੇ ਨੂੰ ਤੁਰਨਗੇ। ਬਾਹਲਾ ਹੋਇਆ ਤਾਂ ਝੰਡੇ ਤੇ ਨਾਅਰੇ।'' ਸਹਾਇਕ ਡਾਕਟਰ ਨੇ ਐਂਟਰੀ ਰਜਿਸਟਰ ਵਿੱਚ ਐਂਟਰੀ ਕਰਦਿਆਂ ਕੇਵਲ ਹਾਂ ਵਿੱਚ ਸਿਰ ਹਿਲਾਇਆ। ਪਰ ਦੇਵ ਸਰ ਜੋ ਕਿ ਇਤਿਹਾਸ ਦੇ ਲੈਕਚਰਰ ਨੇ ਤੇ ਨਾਲੇ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਵੀ, ਨੇ ਚਾਹ ਦਾ ਕੱਪ ਮੇਜ਼ 'ਤੇ ਰੱਖ ਕੇ ਮੈਡਮ ਦੀ ਗੱਲ ਦਾ ਜਵਾਬ ਦੇਣਾ ਸ਼ੁਰੂ ਕੀਤਾ, ''ਇਹਦੇ 'ਚ ਲੋਕਾਂ ਦਾ ਕੋਈ ਕਸੂਰ ਨਹੀਂ ਮੈਡਮ। ਸਿਸਟਮ ਨੇ ਈ ਆਪਣਾ ਵਿਸ਼ਵਾਸ ਗੁਆ ਲਿਆ ਲੋਕਾਂ 'ਚੋਂ। ਹੁਣ ਆਹ ਜ਼ਿਲ੍ਹੇ ਦੀਆਂ ਮੀਟਿੰਗਾਂ ਈ ਵੇਖ ਲਉ। ਸਾਰੇ ਮਹਿਕਮਿਆਂ ਦੇ ਵੱਡੇ ਅਫ਼ਸਰ ਬੈਠੇ ਹੋਣਗੇ। ਸਾਰਿਆਂ ਨੂੰ ਪਤਾ ਹੋਊ ਬਈ ਜਿਹੜੀ ਵੀ ਕਿਸੇ ਮੁਹਿੰਮ ਬਾਰੇ ਗੱਲ ਕਰ ਰਹੇ ਨੇ, ਉਹ ਬਿਲਕੁਲ ਬੇਕਾਰ ਅਤੇ ਸਿਆਸੀ ਹੈ। ਫਿਰ ਵੀ ਇੰਜ ਗੱਲਾਂ ਕਰਨਗੇ ਜਿਵੇਂ ਇਹਦੇ ਅੰਕੜਿਆਂ 'ਤੇ ਹੀ ਦੇਸ਼ ਦੀ ਹੋਣੀ ਟਿਕੀ ਹੋਵੇ। ਹੁਣ ਜੇ ਤੁਸੀਂ ਸੌ ਵਿੱਚੋਂ ਨੱਬੇ ਗੱਲਾਂ ਝੂਠੀਆਂ ਹੀ ਕਰੋਗੇ ਤਾਂ ਲੋਕੀਂ ਬਾਕੀ ਦਸ ਵੀ ਤਾਂ ਝੂਠੀਆਂ ਹੀ ਸਮਝਣਗੇ।'' ਗੱਲ ਸੁਣ ਕੇ ਸਾਰੇ ਚੁੱਪ ਹੀ ਰਹੇ। ਵੈਸੇ ਵੀ ਉਨ੍ਹਾਂ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ। ਉਨ੍ਹਾਂ ਦੇ ਸੀਨੀਅਰ ਹੋਣ ਕਾਰਨ ਇੱਜ਼ਤ ਕਰਕੇ ਜਾਂ ਬਹਿਸ ਕਰਨ ਦੀ ਸਮਰੱਥਾ ਕਰਕੇ। ਇਸ ਕਈ ਪਲਾਂ ਦੀ ਚੁੱਪ ਨੂੰ ਆਖ਼ਰ ਸਹਾਇਕ ਡਾਕਟਰ ਨੇ ਹੀ ਦੁਬਾਰਾ ਤੋੜਿਆ, ''ਪਰ ਸਰ, ਸਿਆਪਾ ਤਾਂ ਸਾਡੇ ਭਾਅ ਦਾ ਨਾ! ਡੀ.ਸੀ.ਦਫ਼ਤਰ ਵਾਲੇ ਰੋਜ਼ ਪੁੱਛਦੇ ਐ ਕਿੰਨਿਆਂ ਦੇ ਲੱਗ 'ਗੇ ਕਿੰਨੇ ਰਹਿ ਗਏ; ਜਿਹੜੇ ਰਹਿ 'ਗੇ ਉਹ ਕਿਉਂ ਰਹਿ 'ਗੇ। ਜਿਵੇਂ ਇਨ੍ਹਾਂ ਨੂੰ ਪਤਾ ਈ ਨੀ ਹੁੰਦਾ ਕਿ ਕਿਉਂ ਰਹਿ 'ਗੇ। ਹੁਣ ਜੇ ਮਾਂ ਪਿਉ ਈ ਨੀ ਮੰਨਦੇ, ਫਿਰ ਅਸੀਂ ਕੀ ਕਰੀਏ ਤੇ ਸਕੂਲਾਂ ਵਾਲੇ ਵੀ ਕੀ ਕਰਨ।'' ਗੱਲ ਖ਼ਤਮ ਕਰ ਕੇ ਉਨ੍ਹਾਂ ਇਹਦੀ ਤਸਦੀਕ ਲਈ ਬਾਕੀ ਮੈਡਮਾਂ ਵੱਲ ਵੇਖਿਆ। ਸਾਇੰਸ ਵਾਲੀ ਮੈਡਮ ਨੇ ਹਾਮੀ ਭਰੀ, ''ਬਿਲਕੁਲ ਮੈਡਮ, ਅਸੀਂ ਕਿੰਨਾ ਜ਼ੋਰ ਲਾਇਆ ਇਨ੍ਹਾਂ ਟੀਕਿਆਂ ਵਾਸਤੇ। 'ਕੱਲੇ 'ਕੱਲੇ ਬੱਚੇ ਨੂੰ ਦੱਸਿਆ, ਮਾਵਾਂ ਨੂੰ ਸਮਝਾਇਆ ਕਿ ਵੈਕਸੀਨ ਫ਼ਾਇਦੇ ਵਾਲੀ ਆ। ਪਰ ਮਾਵਾਂ ਨੇ ਤਾਂ ਇੱਕੋ ਗੱਲ ਫੜੀ ਰੱਖੀ ਕਿ ਇਹ ਤਾਂ ਸਰਕਾਰ ਅਬਾਦੀ ਘਟਾਉਣ ਲਈ ਲਾ ਰਹੀ ਆ। ਅਸੀਂ ਤਾਂ ਬੱਚੇ ਹੀ ਉਦੋਂ ਸਕੂਲ ਭੇਜਣੇ ਨੇ ਜਦੋਂ ਟੀਕਿਆਂ ਦਾ ਕੰਮ ਠੰਢਾ ਪੈ ਜੂ।''ਸਹਾਇਕ ਡਾਕਟਰ ਨੇ ਫਿਰ ਹਾਂ ਵਿੱਚ ਸਿਰ ਹਿਲਾਇਆ ਅਤੇ ਅਗਲੇ ਬੱਚੇ ਨੂੰ ਬੈਂਚ 'ਤੇ ਬੈਠਣ ਲਈ ਕਿਹਾ। ਅਗਲਾ ਬੱਚਾ ਜੀਵਨ ਸੀ। ਉਹ ਸਟੂਲ 'ਤੇ ਬੈਠ ਗਿਆ। ਆਪਣੀ ਕਮੀਜ਼ ਦੀ ਬਾਂਹ ਉੱਪਰ ਕੀਤੀ। ਸਹਾਇਕ ਡਾਕਟਰ ਨੇ ਰੂੰ ਨਾਲ ਬਾਂਹ ਸਾਫ਼ ਕੀਤੀ। ਪਰ ਜੀਵਨ ਅਚਾਨਕ ਇੰਚਾਰਜ ਮੈਡਮ ਵੱਲ ਮੂੰਹ ਕਰ ਕੇ ਬੋਲਣ ਲੱਗਾ, ''ਮੈਡਮ ,ਦੀਪ ਨੇ ਅੱਜ ਫਿਰ ਮੇਰੇ ਮੁੱਕਾ ਮਾਰਿਆ।''

ਸਾਰੇ ਹੱਸਣ ਲੱਗੇ। ਸਹਾਇਕ ਡਾਕਟਰ ਨੇ ਹੈਰਾਨੀ ਨਾਲ ਵੇਖਿਆ। ਕਲਾਸ ਇੰਚਾਰਜ ਨੇ ਉਹਦੇ ਕੰਨ ਲਾਗੇ ਮੂੰਹ ਕਰਕੇ ਹੌਲੀ ਜਿਹੀ ਕਿਹਾ, ''ਮੈਡਮ, ਇਹ ਬੱਚਾ ਦਿਮਾਗ਼ ਪੱਖੋਂ ਥੋੜ੍ਹਾ ਕਮਜ਼ੋਰ ਹੈ... ਮੈਂਟਲੀ ਰਿਟਾਰਡ।''

ਸਹਾਇਕ ਡਾਕਟਰ ਦਾ ਹੱਥ ਰੁਕ ਗਿਆ। ਕੁਝ ਪਲ ਸੋਚਦੀ ਰਹੀ, ਫਿਰ ਬੋਲੀ, ''ਤਾਂ ਫਿਰ ਰਹਿਣ ਦੇਈਏ ਇਹਦੇ ਮੈਡਮ... ਇਹੋ ਜਿਹੇ ਬੱਚੇ ਦਾ ਸਰੀਰ ਵੀ ਕਮਜ਼ੋਰ ਹੁੰਦੈ... ਐਵੇਂ ਕੋਈ ਪ੍ਰਾਬਲਮ ਹੋਊ।'' ਇੰਚਾਰਜ ਮੈਡਮ ਨੇ ਹਾਂ ਵਿੱਚ ਸਿਰ ਹਿਲਾਇਆ। ਫਿਰ ਜੀਵਨ ਨੂੰ ਬੋਲੀ, ''ਤੂੰ ਜਾਹ ਜੀਵਨ, ਤੈਨੂੰ ਲੋੜ ਨਹੀਂ।'' ਜੀਵਨ ਨੇ ਸਿਰ ਨੀਵਾਂ ਕਰ ਲਿਆ। ਕਮੀਜ਼ ਦੀ ਬਾਂਹ ਹੇਠਾਂ ਕਰ ਕੇ ਕੁਝ ਪਲ ਬੈਠਾ ਰਿਹਾ ਤੇ ਫਿਰ ਬੋਲਣ ਲੱਗਾ, ''ਮੈਂ ਵੀ ਲਵਾਉਣਾ, ਸਾਰਿਆਂ ਦੇ ਲੱਗੇ ਆ ਟੀਕੇ, ਦੀਪ ਦੇ ਵੀ ਲੱਗਾ।'' ਫਿਰ ਦੇਵ ਸਰ ਨੇ ਸਮਝਾਇਆ, ''ਨਹੀਂ ਜੀਵਨ, ਤੈਨੂੰ ਲੋੜ ਨਹੀਂ। ਇਹ ਤਾਂ ਉਨ੍ਹਾਂ ਦੇ ਲੱਗਦੈ ਜਿਹੜੇ ਸ਼ਰਾਰਤਾਂ ਕਰਦੇ ਨੇ। ਦੀਪ ਦੇ ਵੀ ਤਾਹੀਉਂ ਲੱਗਾ। ਤੂੰ ਜਾਹ ਕਲਾਸ ਆਪਣੀ 'ਚ।'' ਜੀਵਨ ਨਿਰਾਸ਼ ਜਿਹਾ ਹੋ ਕੇ ਉੱਠ ਗਿਆ।

''ਹੁਣ ਮਾਰੂ ਕਿਸੇ ਦੇ ਕੁਝ,'' ਪਿੱਛੋਂ ਸਾਇੰਸ ਵਾਲੀ ਮੈਡਮ ਬੋਲੀ, ''ਇਹਦਾ ਇਹੀ ਕੰਮ ਆ। ਨਿੱਕੀ ਜਿਹੀ ਗੱਲ 'ਤੇ ਪਹਿਲਾਂ ਸਿਰ ਸੁੱਟ ਕੇ ਬਹਿ ਜਾਂਦੈ। ਫਿਰ ਉੱਠ ਕੇ ਨਾ ਮੁੰਡਾ ਵਿੰਹਦਾ ਨਾ ਕੁੜੀ ਜੋ ਹੱਥ ਆਉਂਦਾ ਮਾਰ ਦਿੰਦੈ। ਕੁੜੀਆਂ ਦੇ ਮੁੱਕੇ ਮਾਰੀ ਜਾਂਦਾ। ਉਹ ਵੀ ਅੱਗੋਂ ਦੰਦ ਕੱਢੀ ਜਾਂਦੀਆਂ ਨੇ।''

''ਇਹਦੇ ਮਾਂ ਪਿਉ ਨੂੰ ਕਹਿਣਾ ਸੀ, ਉਨ੍ਹਾਂ ਦੇ ਸਮਝਾਉਣ ਨਾਲ ਕੋਈ ਫਰਕ ਪੈ ਜਾਂਦਾ।'' ਮੈਡੀਕਲ ਟੀਮ ਵਿੱਚੋਂ ਕਿਸੇ ਨੇ ਕਿਹਾ।

ਸਾਰੇ ਇੱਕ ਵਾਰ ਫਿਰ ਚੁੱਪ ਕਰ ਗਏ। ਪਰ ਦੋ ਪਲਾਂ ਬਾਅਦ ਹੀ ਹਿੰਦੀ ਵਾਲੀ ਮੈਡਮ ਜੋ ਕਿ ਛੇਵੀਂ ਕਲਾਸ ਦੀ ਇੰਚਾਰਜ ਵੀ ਸੀ, ਨੂੰ ਕੋਈ ਚਿੰਤਾ ਜਿਹੀ ਹੋਈ, ''ਪਰ ਮੈਡਮ, ਇਹਦੀ ਭੈਣ ਨੂੰ ਤਾਂ ਲੱਗ ਗਿਆ ਟੀਕਾ। ਆਪਾਂ ਨੂੰ ਚੇਤਾ ਈ ਨਹੀਂ ਰਿਹਾ ਉਹਦਾ।'' ਸਹਾਇਕ ਡਾਕਟਰ ਨੇ ਵੀ ਕੁਝ ਪਲ ਚਿੰਤਾ ਜਿਹੀ ਵਿੱਚ ਸੋਚਿਆ ਤੇ ਫਿਰ ਹੌਲੀ ਜਿਹੀ ਬੋਲੀ, ''ਉਹ ਵੀ ਇਹਦੇ ਵਰਗੀ ਆ?''

''ਹਾਂ ਮੈਡਮ, ਉਹ ਵੀ ਥੋੜ੍ਹੀ ਜਿਹੀ ਇਹਦੇ ਵਾਂਗ ਈ ਹੈ ਵਿਚਾਰੀ, ਪਰ ਇੰਨੀ ਨਹੀਂ... ਨਾਲੇ ਹੈ ਬਿਲਕੁਲ ਇਹਦੇ ਤੋਂ ਉਲਟ। ਚੁੱਪ ਰਹਿੰਦੀ ਬਿਲਕੁਲ।'' ਗੱਲ ਬਿਲਕੁਲ ਠੀਕ ਕਹੀ ਸੀ ਮੈਡਮ ਨੇ। ਜੀਵਨ ਦੀ ਭੈਣ ਬਿਲਕੁਲ ਚੁੱਪ ਰਹਿਣ ਵਾਲੀ ਕੁੜੀ। ਉਂਜ ਜੀਵਨ ਦਾ ਬੜਾ ਧਿਆਨ ਰੱਖਦੀ। ਉਹ ਜਿੱਧਰ ਵੀ ਜਾਂਦਾ, ਚੁੱਪ ਚਾਪ ਵੇਖਦੀ ਰਹਿੰਦੀ। ਅੱਧੀ ਛੁੱਟੀ ਵੇਲੇ ਜਦ ਤੱਕ ਜੀਵਨ ਮਿਡ ਡੇਅ ਮੀਲ ਵਾਲਾ ਖਾਣਾ ਖਾਣ ਲਈ ਨਾ ਆਉਂਦਾ, ਉਹ ਵੀ ਨਾ ਖਾਂਦੀ। ਜੀਵਨ ਆ ਕੇ ਥਾਲੀ ਫੜ ਲੈਂਦਾ ਤਾਂ ਉਹ ਵੀ ਥਾਲੀ ਲੈ ਕੇ ਖਾਣ ਬਹਿ ਜਾਂਦੀ। ਕਈ ਵਾਰ ਜਦ ਜੀਵਨ ਆਪਣੇ ਰੌਂਅ 'ਚ ਅੱਧੀ ਛੁੱਟੀ ਦਾ ਸਾਰਾ ਸਮਾਂ ਲੰਘਾ ਦਿੰਦਾ ਤਾਂ ਉਸ ਦਿਨ ਭੈਣ ਵੀ ਖਾਣਾ ਨਾ ਖਾਂਦੀ। ਜਿਵੇਂ ਉਹਦੀ ਭੁੱਖ ਵੀ ਭਰਾ ਦੇ ਢਿੱਡ ਨੂੰ ਹੀ ਲੱਗਦੀ ਹੋਵੇ। ਅੱਜ ਵੀ ਉਹ ਭਰਾ ਨੂੰ ਹੀ ਉਡੀਕ ਰਹੀ ਸੀ ਜਿਹੜਾ ਇਸ ਸਮੇਂ ਸਕੂਲ ਦੇ ਵਿਹੜੇ ਵਿੱਚ ਬੇਚੈਨ ਘੁੰਮ ਰਿਹਾ ਸੀ। ਇਹੋ ਜਿਹੇ ਮੌਕੇ ਉਹ ਆਮ ਤੌਰ 'ਤੇ ਦੇਵ ਸਰ ਕੋਲ ਚਲਾ ਜਾਂਦਾ ਅਤੇ ਕਿਸੇ ਵੀ ਬੱਚੇ ਦੀ ਝੂਠੀ ਸੱਚੀ ਸ਼ਿਕਾਇਤ ਲਾ ਦਿੰਦਾ, ਖ਼ਾਸਕਰ ਦੀਪ ਦੀ। ਦੀਪ, ਜਿਹੜਾ ਕਿ ਸੁਭਾਅ ਦਾ ਸ਼ਰਾਰਤੀ ਅਤੇ ਜੀਵਨ ਨੂੰ ਛੇੜ ਕੇ ਸੁਆਦ ਲੈਣਾ ਜਿਹਦੀ ਆਦਤ। ਜੀਵਨ ਨਾਲ ਇੰਜ ਉਹਦਾ ਇੱਟ ਖੜਿੱਕਾ ਹੀ ਰਹਿੰਦਾ। ਦੇਵ ਸਰ ਉਹਨੂੰ ਝੂਠਾ ਜਿਹਾ ਝਿੜਕ ਦਿੰਦੇ। ਜੀਵਨ ਪਿੱਛੋਂ ਭੰਗੜਾ ਪਾਉਣ ਲੱਗ ਜਾਂਦਾ। ਉਹ ਤਾਂ ਕਿਸੇ ਟੀਚਰ ਦੀ ਸ਼ਿਕਾਇਤ ਲੈ ਕੇ ਵੀ ਬੇਝਿਜਕ ਪੁੱਜ ਜਾਂਦਾ, ''ਸਰ, ਰਮਾ ਮੈਡਮ ਮਾਰਦੀ ਮੈਨੂੰ, ਪੁੱਛੋ ਉਨ੍ਹਾਂ ਨੂੰ।'' ਦੇਵ ਸਰ ਅੱਗਿਉਂ ਕਹਿ ਦਿੰਦੇ, ''ਕੋਈ ਨਹੀਂ ਪੁੱਛੂੰਗਾ ਮੈਂ ਮੈਡਮ ਨੂੰ।''

ਉਹ ਰੋਜ਼ ਦੇਵ ਸਰ ਕੋਲ ਜਾਂਦਾ, ''ਸਰ, ਮੈਨੂੰ ਘਰ ਦਾ ਕੰਮ ਦਿਉ।''

ਦੇਵ ਸਰ ਕਿਤਾਬ ਦੇ ਕਿਸੇ ਸਫ਼ੇ ਉੱਤੇ ਨਿਸ਼ਾਨੀ ਜਿਹੀ ਲਾ ਦਿੰਦੇ। ਜੀਵਨ ਘਰੋਂ ਕੁਝ ਲਿਖ ਲਿਆਉਂਦਾ ਅਤੇ ਸਵੇਰੇ ਅਸੈਂਬਲੀ ਤੋਂ ਪਹਿਲਾਂ ਹੀ ਉਨ੍ਹਾਂ ਕੋਲ ਪਹੁੰਚ ਜਾਂਦਾ। ਉਹ ਉਹਦੀ ਕਾਪੀ ਉੱਤੇ ਸਹੀ ਮਾਰ ਦਿੰਦੇ।

ਫਿਰ ਉਸ ਦਿਨ, ਜਦੋਂ ਇੱਕ ਵਾਰ ਇੱਕ ਕੁੜੀ ਨੇ ਸ਼ਿਕਾਇਤ ਲਾਈ, ''ਸਰ, ਜੀਵਨ ਨੇ ਮੇਰੇ ਨਹੁੰ ਮਾਰ ਦਿੱਤਾ।'' ਦੇਵ ਸਰ ਨੇ ਵੇਖਿਆ ਤਾਂ ਜੀਵਨ ਦੇ ਨਹੁੰ ਵਧੇ ਹੋਏ ਸਨ ਜਿਵੇਂ ਕਦੇ ਕੱਟੇ ਹੀ ਨਹੀਂ ਗਏ। ਉਨ੍ਹਾਂ ਕਿਹਾ, ''ਜੀਵਨ ਕੱਲ ਨਹੁੰ ਕੱਟ ਕੇ ਆਵੀਂ ਤੇ ਆ ਕੇ ਮੈਨੂੰ ਵਿਖਾਵੀਂ। ਨਾਲੇ ਨਹਾ ਕੇ ਵੀ ਆਇਆ ਕਰ।'' ਅਗਲੇ ਦਿਨ ਪਤਾ ਨਹੀਂ ਜੀਵਨ ਕਿਵੇਂ ਤੇ ਕੀਹਦੇ ਕੋਲੋਂ ਨਹੁੰ ਕਟਵਾ ਲਿਆਇਆ ਤੇ ਸਵੇਰੇ ਅਸੈਂਬਲੀ ਤੋਂ ਪਹਿਲਾਂ ਹੀ ਉਨ੍ਹਾਂ ਕੋਲ ਜਾ ਪਹੁੰਚਿਆ, ''ਸਰ ਮੇਰੇ ਨਹੁੰ ਵੇਖੋ।'' ਤੇ ਦੇਵ ਸਰ ਨੇ ਵੇਖਿਆ ਕਿ ਜੀਵਨ ਅੱਜ ਨਹਾ ਕੇ ਵੀ ਆਇਆ ਸੀ। ਪਰ ਅੱਜ ਜੀਵਨ ਦੇਵ ਸਰ ਕੋਲ ਨਹੀਂ ਜਾ ਸਕਦਾ। ਉਨ੍ਹਾਂ ਹੀ ਤਾਂ ਉਹਨੂੰ ਬਾਹਰ ਭੇਜਿਆ ਸੀ। ਸੋ ਉਹ ਨਿਰਾਸ਼ਾ ਜਿਹੀ 'ਚ ਕਲਾਸ ਵੱਲ ਨੂੰ ਹੋ ਤੁਰਿਆ। ਕਲਾਸ ਵਿੱਚ ਜਾ ਕੇ ਉਹਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਹਦੇ ਵੱਲ ਧਿਆਨ ਹੀ ਨਾ ਦੇ ਰਿਹਾ ਹੋਵੇ। ਸਾਰੇ ਉਦਾਸ ਜਿਹੇ ਬੈਠੇ ਸਨ। ਸ਼ਾਇਦ ਕਿਸੇ ਬੱਚੇ ਨੇ ਡਰ ਜਾਂ ਸ਼ਰਾਰਤ ਨਾਲ ਉਹ ਅਫ਼ਵਾਹ ਫਿਰ ਦੁਹਰਾ ਦਿੱਤੀ ਸੀ ਕਿ ਇਨ੍ਹਾਂ ਟੀਕਿਆਂ ਨੇ ਬੱਚਿਆਂ ਦੇ ਸਰੀਰ 'ਤੇ ਬਾਹਲਾ ਮਾੜਾ ਅਸਰ ਕਰਨਾ। ਜੀਵਨ ਨੂੰ ਤਾਂ ਉਹ ਆਪਣੇ ਘੜੀ ਪਲ ਦੇ ਮਨੋਰੰਜਨ ਲਈ ਛੇੜਦੇ ਸਨ, ਪਰ ਡਰ ਅਤੇ ਉਦਾਸੀ ਵਿੱਚ ਮਨੋਰੰਜਨ ਕਿਹਨੂੰ ਸੁੱਝਦਾ? ਜੀਵਨ ਨਿਰਾਸ਼ਾ ਅਤੇ ਖਿਝ ਨਾਲ ਭਰਿਆ ਪਿਆ ਸੀ। ਉਹਦਾ ਦਿਲ ਕੀਤਾ ਕਿਸੇ ਦੇ ਕੁਝ ਮਾਰੇ, ਪਰ ਪਹਿਲਾਂ ਕੋਈ ਉਹਨੂੰ ਛੇੜੇ ਵੀ ਤਾਂ ਸਹੀ। ਹੁਣ ਸਾਰੀ ਕਲਾਸ ਦੀ ਬੇਧਿਆਨੀ ਨੇ ਉਹਦੀ ਖਿਝ ਨੂੰ ਹੋਰ ਵਧਾ ਦਿੱਤਾ। ਖਿੱਝ ਨਾਲ ਭਰਿਆ ਉਹ ਫਿਰ ਕਲਾਸ 'ਚੋਂ ਬਾਹਰ ਨਿਕਲ ਆਇਆ। ਬਾਹਰ ਆ ਕੇ ਉਹਨੇ ਇੱਕ ਰੋੜਾ ਚੁੱਕਿਆ, ਪਰ ਅੱਜ ਜਿਵੇਂ ਸਾਰਾ ਸਕੂਲ ਹੀ ਉਦਾਸ ਸੀ। ਕੋਈ ਉਹਦੇ ਵੱਲ ਵੇਖ ਕੇ ਨਾ ਹੱਸਿਆ ਨਾ ਕੁਝ ਬੋਲਿਆ। ਉਹਨੇ ਨਿਰਾਸ਼ਾ ਵਿੱਚ ਰੋੜਾ ਫਿਰ ਹੇਠਾਂ ਸੁੱਟ ਦਿੱਤਾ। ਉਹ ਸਕੂਲ ਵਿੱਚ ਹੀ ਕਿੰਨੀ ਦੇਰ ਇੱਧਰ ਉੱਧਰ ਘੁੰਮਦਾ ਰਿਹਾ ਅਤੇ ਆਖ਼ਰ ਫਿਰ ਲੈਬ ਵੱਲ ਨੂੰ ਹੋ ਤੁਰਿਆ। ਅੱਗੇ ਉਹਦੀ ਭੈਣ ਖੜ੍ਹੀ ਸੀ। ਜੀਵਨ ਨੇ ਪੁੱਛਿਆ, ''ਤੇਰੇ ਲੱਗ ਗਿਆ ਟੀਕਾ?''

ਭੈਣ ਨੇ ਹਾਂ ਵਿੱਚ ਸਿਰ ਹਿਲਾਇਆ। ਜੀਵਨ ਦੇ ਚਿਹਰੇ 'ਤੇ ਖ਼ੁਸ਼ੀ ਦਿਸੀ, ਪਰ ਜਲਦੀ ਹੀ ਫਿਰ ਨਿਰਾਸ਼ ਜਿਹਾ ਹੋ ਕੇ ਬੋਲਿਆ, ''ਪਰ ਮੇਰੇ ਨਹੀਂ ਲਾਉਂਦੇ। ਕਹਿੰਦੇ, ਉਨ੍ਹਾਂ ਦੇ ਲਾਉਣੇ ਜਿਹੜੇ ਸ਼ਰਾਰਤਾਂ ਕਰਦੇ। ਤੂੰ ਕਦੋਂ ਸ਼ਰਾਰਤਾਂ ਕਰਦੀ ਏਂ।''

ਭੈਣ ਚੁੱਪ ਰਹੀ। ਜੀਵਨ ਫਿਰ ਲੈਬ ਵੱਲ ਤੁਰ ਪਿਆ। ਲੈਬ ਦੇ ਸਾਹਮਣੇ ਅਜੇ ਵੀ ਤਿੰਨ ਚਾਰ ਬੱਚੇ ਖੜ੍ਹੇ ਸਨ। ਜੀਵਨ ਵੀ ਪਤਾ ਨਹੀਂ ਕਿਉਂ ਦੁਬਾਰਾ ਲਾਈਨ 'ਚ ਜਾ ਲੱਗਾ। ਸਭ ਤੋਂ ਅਖੀਰ 'ਚ ਉਹਦੀ ਵਾਰੀ ਆਈ ਤਾਂ ਉਹ ਸਿੱਧਾ ਦੇਵ ਸਰ ਵੱਲ ਗਿਆ, ''ਸਰ, ਸਾਰਿਆਂ ਦੇ ਲਾ 'ਤੇ, ਦੀਪ ਦੇ ਵੀ ਲੱਗਾ। ਮੈਂ ਵੀ ਲਵਾਉਣਾ ਟੀਕਾ।''

ਦੇਵ ਸਰ ਕੁਝ ਪਲ ਸੋਚਦੇ ਰਹੇ। ਫਿਰ ਉਨ੍ਹਾਂ ਸਹਾਇਕ ਡਾਕਟਰ ਨੂੰ ਹੌਲੀ ਜਿਹੀ ਕੁਝ ਕਿਹਾ। ਉਹਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਫਿਰ ਉਹਨੇ ਜੀਵਨ ਨੂੰ ਸਟੂਲ 'ਤੇ ਬਿਠਾ ਲਿਆ। ਜੀਵਨ ਨੇ ਆਪਣੀ ਕਮੀਜ਼ ਦੀ ਬਾਂਹ ਉੱਪਰ ਕੀਤੀ। ਸਹਾਇਕ ਡਾਕਟਰ ਨੇ ਉਹਦੀ ਬਾਂਹ ਰੂੰ ਨਾਲ ਸਾਫ਼ ਕੀਤੀ ਤਾਂ ਜੀਵਨ ਨੇ ਅੱਖਾਂ ਬੰਦ ਕਰ ਲਈਆਂ। ਸਹਾਇਕ ਡਾਕਟਰ ਨੇ ਕਿਹਾ, ''ਬੱਸ ਥੋੜ੍ਹੀ ਜਿਹੀ ਪੀੜ ਹੋਊ, ਤੈਨੂੰ ਟੀਕੇ ਦਾ ਪਤਾ ਵੀ ਨਹੀਂ ਲੱਗਣਾ।'' ਫਿਰ ਉਹਨੇ ਖਾਲੀ ਸਰਿੰਜ ਜੀਵਨ ਦੀ ਬਾਂਹ ਨੂੰ ਲਾਈ ਤੇ ਬੋਲੀ, ''ਬੱਸ ਲੱਗ ਗਿਆ ਟੀਕਾ। ਤੈਨੂੰ ਕਿਹਾ ਸੀ ਨਾ ਕਿ ਪਤਾ ਵੀ ਨਹੀਂ ਲੱਗਣਾ।'' ਜੀਵਨ ਨੇ ਕਮੀਜ਼ ਦੀ ਬਾਂਹ ਹੇਠਾਂ ਕੀਤੀ ਅਤੇ ਕਲਾਸ ਵੱਲ ਭੱਜ ਗਿਆ। ਜਾ ਕੇ ਭੰਗੜਾ ਪਾਉਣ ਲੱਗਾ, ਪਰ ਬੱਚੇ ਬੇਧਿਆਨ ਬੈਠੇ ਰਹੇ। ਫਿਰ ਦੋ ਸਾਲ ਬਾਅਦ ਕਰੋਨਾ ਕਾਲ ਆਇਆ। ਇਸ ਦੌਰਾਨ ਨਾ ਕੋਈ ਬੱਚਾ ਸਕੂਲ ਆਇਆ, ਨਾ ਕਿਸੇ ਪੇਪਰ ਦਿੱਤੇ ਪਰ ਪਾਸ ਸਾਰੇ ਹੋ ਗਏ। ਇਸ ਤਰ੍ਹਾਂ ਜੀਵਨ ਵੀ ਦਸਵੀਂ ਕਰ ਗਿਆ ਅਤੇ ਉਹਦੀ ਭੈਣ ਅੱਠਵੀਂ। ਸਕੂਲ ਖੁੱਲ੍ਹਣ 'ਤੇ ਜਦੋਂ ਉਹ ਆਪਣੀ ਮਾਂ ਅਤੇ ਭੈਣ ਨਾਲ ਗਿਆਰਵੀਂ ਵਿੱਚ ਦਾਖ਼ਲ ਹੋਣ ਲਈ ਆਇਆ ਤਾਂ ਅਧਿਆਪਕਾਂ ਨੇ ਉਹਨੂੰ ਦਾਖ਼ਲ ਕਰਨ ਤੋਂ ਨਾਂਹ ਕਰ ਦਿੱਤੀ। ਹਾਂ, ਇੰਨਾ ਜ਼ਰੂਰ ਕਿਹਾ ਕਿ ਕੁੜੀ ਨੂੰ ਬੇਸ਼ੱਕ ਕਰਾ ਜਾਉ। ਇਹਨੂੰ ਦਸਵੀਂ ਤੱਕ ਪੜ੍ਹਾ ਲਵਾਂਗੇ।ਉਨ੍ਹਾਂ ਦੇਵ ਸਰ ਨੂੰ ਵੀ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੀਵਨ ਨੂੰ ਸਕੂਲ ਵਿੱਚ ਰੱਖਣਾ ਹੁਣ ਠੀਕ ਨਹੀਂ। ਐਵੇਂ ਕਿਸੇ ਬੱਚੇ ਦੇ ਕੁਝ ਮਾਰੂ ਜਾਂ ਆਪਣੇ ਸੱਟ ਲਵਾਊ। ਹੁਣ ਤਾਂ ਬੱਚਿਆਂ ਦੇ ਮਾਪਿਆਂ ਵੱਲੋਂ ਵੀ ਉਲ੍ਹਾਮੇ ਆਉਣ ਲੱਗ ਪਏ ਨੇ, ਖ਼ਾਸ ਕਰਕੇ ਕੁੜੀਆਂ ਦੇ।

ਜੀਵਨ ਨੇ ਨਿਰਾਸ਼ਾ ਜਿਹੀ 'ਚ ਸਿਰ ਹੇਠਾਂ ਕਰ ਲਿਆ ਤੇ ਕਈ ਪਲ ਇਸੇ ਤਰ੍ਹਾਂ ਖੜ੍ਹਾ ਰਿਹਾ ਸੀ। ਫਿਰ ਦੇਵ ਸਰ ਵੱਲ ਮੂੰਹ ਕਰਕੇ ਬੋਲਣ ਲੱਗਾ, ''ਸਰ ਸਾਰੇ ਹੋਗੇ, ਦੀਪ ਵੀ ਹੋ ਗਿਆ, ਮੈਂ ਵੀ ਹੋਣਾ ਦਾਖ਼ਲ।''ਦੇਵ ਸਰ ਕੁਝ ਪਲ ਸੋਚਦੇ ਰਹੇ। ਫਿਰ ਜੀਵਨ ਨੂੰ ਪੁਚਕਾਰਦੇ ਹੋਏ ਪਿਆਰ ਜਿਹੇ ਨਾਲ ਬੋਲੇ, ''ਉਏ ਜੀਵਨ, ਹੁਣ ਤੂੰ ਆਪਣੇ ਡੈਡੀ ਨਾਲ ਪੱਠੇ ਡੱਕੇ ਦਾ ਕੰਮ ਕਰਾਇਆ ਕਰ। ਨਾਲੇ ਹੁਣ ਕਿਸੇ ਨਾਲ ਵੀ ਐਵੇਂ ਲੜਿਆ ਵੀ ਨਾ ਕਰ, ਹੁਣ ਤੂੰ ਸਿਆਣਾ ਹੋ ਗਿਆ।'' ਜੀਵਨ ਨੇ ਸਾਰੀ ਗੱਲ ਸੁਣੀ। ਕੁਝ ਪਲ ਖੜ੍ਹਾ ਰਿਹਾ ਅਤੇ ਫਿਰ ਨਿਰਾਸ਼ਾ ਜਿਹੀ 'ਚ ਸਿੱਧਾ ਗੇਟ ਵੱਲ ਨੂੰ ਹੋ ਤੁਰਿਆ। ਮਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਅੱਖਾਂ ਪੂੰਝਦੀ ਹੋਈ ਉਹ ਵੀ ਜੀਵਨ ਦੇ ਪਿੱਛੇ ਹੋ ਤੁਰੀ।ਉਸ ਦਿਨ ਤੋਂ ਬਾਅਦ ਜੀਵਨ ਕਦੇ ਵੀ ਸਕੂਲ ਨਹੀਂ ਆਇਆ। ਉਹਦੀ ਭੈਣ ਵੀ ਨਹੀਂ।ਅਤੇ ਅੱਜ ਡੇਢ ਸਾਲ ਬਾਅਦ ਪਿੰਡ ਵਿੱਚ ਨਗਰ ਕੀਰਤਨ ਨਿਕਲ ਰਿਹਾ ਹੈ। ਸਕੂਲ ਦੇ ਬੱਚੇ ਅਤੇ ਅਧਿਆਪਕ ਸਕੂਲ ਗੇਟ 'ਤੇ ਖੜ੍ਹੇ ਸੁਆਗਤ ਦੀਆਂ ਤਿਆਰੀਆਂ ਕਰ ਰਹੇ ਨੇ। ਚੁਫੇਰੇ ਚਹਿਲ ਪਹਿਲ ਹੈ। ਡਰਾਇੰਗ ਮਾਸਟਰ ਨੂੰ ਦੂਰੋਂ ਇੱਕ ਪੱਠਿਆਂ ਵਾਲਾ ਰੇਹੜਾ ਆਉਂਦਾ ਦਿਸਦਾ ਹੈ ਤਾਂ ਸੜਕ 'ਤੇ ਫੁੱਲ ਖਿਲਾਰ ਰਹੇ ਬੱਚਿਆਂ ਨੂੰ ਰੋਕਦੇ ਹਨ, ''ਠਹਿਰ ਜਾਉ ਕਾਕਾ, ਰੇਹੜਾ ਲੰਘ ਜਾਣ ਦਿਉ, ਫੁੱਲ ਖ਼ਰਾਬ ਹੋਣਗੇ।'' ਬੱਚੇ ਰੁਕ ਗਏ ਨੇ। ਗੇਟ ਦੇ ਸਾਹਮਣੇ ਆ ਕੇ ਰੇਹੜਾ ਰੁਕ ਗਿਆ ਹੈ। ਮੈਲਾ ਜਿਹਾ ਕੁੜਤਾ ਪਜਾਮਾ ਪਾਈ ਅਤੇ ਸਿਰ 'ਤੇ ਸਾਫ਼ਾ ਬੰਨ੍ਹੀ ਮੁੰਡਾ ਹੇਠਾਂ ਉੱਤਰਿਆ ਹੈ। ਡਰਾਇੰਗ ਮਾਸਟਰ ਮੁੰਡੇ ਨੂੰ ਪਛਾਣਨ ਦਾ ਯਤਨ ਕਰਦੇ ਹਨ, 'ਬਈ ਇਹ ਤਾਂ ਜੀਵਨ ਲੱਗਦਾ'।

ਜੀਵਨ ਵਾਰੀ ਵਾਰੀ ਸਾਰੇ ਅਧਿਆਪਕਾਂ ਦੇ ਕੋਲ ਜਾਂਦਾ ਹੈ ਤੇ ਗੋਡਿਆਂ ਨੂੰ ਹੱਥ ਲਾਉਂਦਾ ਹੈ। ਦੇਵ ਸਰ ਕੋਲ ਗਿਆ ਤਾਂ ਉਹ ਪੁੱਛਦੇ ਨੇ, ''ਜੀਵਨ, ਕੀ ਹਾਲ ਚਾਲ ਤੇਰਾ? ਕੀ ਕਰਦਾ ਹੁੰਦਾ ਏਂ ਅੱਜਕੱਲ੍ਹ?''

''ਸਰ, ਡੈਡੀ ਨਾਲ ਪੱਠਾ ਡੱਕਾ ਕਰਾਉਂਦਾ ਹੁੰਦਾਂ। ਨਾਲੇ ਸਰ ਹੁਣ ਮੈਂ ਕਿਸੇ ਨਾਲ ਲੜਦਾ ਵੀ ਨਹੀਂ।'' ਇੰਨੀ ਕਹਿ ਕੇ ਜੀਵਨ ਰੇਹੜੇ ਵੱਲ ਨੂੰ ਤੁਰ ਪਿਆ ਹੈ।

# ਖੇਤੀਬਾੜੀ ਖੇਤਰ: ਕਿਸਾਨਾਂ ਮਜ਼ਦੂਰਾਂ ਨਾਲ ਹਰ ਵਾਰ ਧੱਕਾ ਕਿਉਂ?

**ਲਿਖਤ : ਗੁਰਪ੍ਰੀਤ, ਸੰਪਰਕ:** 95698-20314

ਇਸ ਵੇਲੇ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ ਪਰ ਜਿਹੜਾ ਕਾਰਨ ਅਸਲ ਹੈ, ਉਹ ਧਨਾਢ ਘਰਾਣਿਆਂ ਦੇ ਕਰਜ਼ਿਆਂ 'ਤੇ ਲੀਕ ਮਾਰਨਾ ਹੈ। ਗ਼ਰੀਬ ਕਿਸਾਨ, ਮਜ਼ਦੂਰ ਜਾਂ ਫਿਰ ਰੇੜ੍ਹੀ-ਫੜ੍ਹੀ ਵਾਲਾ ਜੇ ਮਾਮੂਲੀ ਜਿਹੀ ਰਕਮ ਬੈਂਕ ਜਾਂ ਕਿਸੇ ਫਾਈਨਾਂਸ ਕੰਪਨੀ ਨੂੰ ਅਦਾ ਨਹੀਂ ਕਰ ਸਕਦਾ ਤਾਂ ਉਸ ਨੂੰ ਅੰਤਾਂ ਦਾ ਤੰਗ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਕਈ ਤਾਂ ਖ਼ੁਦਕੁਸ਼ੀ ਵਾਲੇ ਰਾਹ ਵੀ ਪੈ ਜਾਂਦੇ ਹਨ; ਦੂਜੇ ਪਾਸੇ ਅਮੀਰ ਕਰੋੜਾਂ ਦੇ ਕਰਜ਼ੇ ਲੈ ਕੇ ਦੇਸ਼ ਵਿੱਚੋਂ ਹੀ ਫ਼ਰਾਰ ਹੋ ਜਾਂਦੇ ਹਨ। ਗ਼ਰੀਬ ਕਿਸਾਨਾਂ, ਮਜ਼ਦੂਰਾਂ ਅਤੇ ਮੱਧ ਵਰਗੀ ਲੋਕਾਂ ਦੀਆਂ ਖ਼ੁਦਕੁਸ਼ੀਆਂ ਸਰਕਾਰ ਅਤੇ ਸਰਕਾਰੀ ਸਿਸਟਮ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀਆਂ ਹਨ। ਹਾਕਮ ਦਾਅਵੇ ਤਾਂ ਇਹ ਕਰਦੇ ਹਨ ਕਿ ਉਹ ਕਿਸਾਨਾਂ ਮਜ਼ਦੂਰਾਂ ਦੇ ਹਿੱਤ ਵਿੱਚ ਫ਼ੈਸਲੇ ਕਰਦੇ ਹਾਂ ਪਰ ਹਕੀਕਤ ਇਹ ਹੈ ਕਿ ਅਸਲ ਲੋੜਵੰਦ ਨੂੰ ਇਸ ਦਾ ਕੋਈ ਫ਼ਾਇਦਾ ਨਹੀਂ ਮਿਲਦਾ।

ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਬਜਟ ਪੇਸ਼ ਕੀਤਾ ਜਿਸ ਵਿੱਚ ਦਾਅਵੇ ਅਤੇ ਵਾਅਦੇ ਤਾਂ ਲੰਮੇ ਚੌੜੇ ਕੀਤੇ ਗਏ ਪਰ ਕਾਗਜ਼ੀ ਅਤੇ ਅਸਲ ਗੱਲਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਵਿੱਤ ਮੰਤਰੀ ਦੇ ਸ਼ਬਦਾਂ ਵਿੱਚ 'ਆਰਥਿਕਤਾ ਦੇ ਪਹਿਲੇ ਇੰਜਣ' ਖੇਤੀਬਾੜੀ ਅਤੇ ਸਹਾਇਕ ਖੇਤਰ ਲਈ ਅਨੁਮਾਨਿਤ ਰਕਮ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇਸੇ ਤਰ੍ਹਾਂ ਫ਼ਸਲ ਬੀਮੇ ਲਈ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਲਈ ਵੀ ਬਜਟ ਵਿੱਚ ਕਟੌਤੀ ਕੀਤੀ ਗਈ ਹੈ। 2024-25 ਦੇ 16864 ਕਰੋੜ ਵਿੱਚ 3621.73 ਕਰੋੜ ਰੁਪਏ ਕਟੌਤੀ ਕਰ ਕੇ 2025-26 ਵਿੱਚ 12242.27 ਕਰੋੜ ਰੁਪਏ ਹੀ ਰੱਖੇ ਹਨ। ਮਗਨਰੇਗਾ ਵਾਸਤੇ 2025-26 ਵਿੱਚ ਮਾਮੂਲੀ ਵਾਧਾ (ਸਿਰਫ਼ 148.94 ਕਰੋੜ ਰੁਪਏ) ਕੀਤਾ ਹੈ।

ਇੱਕ ਪਾਸੇ ਤਾਂ ਕਿਹਾ ਜਾ ਰਿਹਾ ਹੈ ਕਿ ਖੇਤੀਬਾੜੀ ਖੇਤਰ ਹੀ ਮੁਲਕ ਦੀ ਡਾਵਾਂਡੋਲ ਹੋਈ ਆਰਥਿਕਤਾ ਨੂੰ ਠੁੰਮਣਾ ਦੇ ਰਿਹਾ ਹੈ; ਦੂਜੇ ਪਾਸੇ, ਖੇਤੀ ਖੇਤਰ ਨਾਲ ਜੁੜੇ ਕਿਸਾਨ ਮਜ਼ਦੂਰ ਦੋ ਵੇਲੇ ਦੀ ਚੰਗੀ ਰੋਟੀ ਨੂੰ ਵੀ ਤਰਸ ਰਹੇ ਹਨ। ਫਿਰ ਵੀ ਹਾਕਮ ਧਿਰ ਅਤੇ ਇਸ ਦਾ ਆਈਟੀ ਸੈੱਲ ਹਮੇਸ਼ਾ ਕਿਸਾਨਾਂ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਂਦਾ ਰਹਿੰਦਾ ਹੈ। ਦਰਅਸਲ, ਹਾਕਮ ਧਿਰ ਨੂੰ ਕਿਸਾਨਾਂ ਦਾ ਦਿੱਲੀ ਦੀਆਂ ਬਰੂਹਾਂ 'ਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਵਿੱਢਿਆ ਦੇਸ਼ਿਵਆਪੀ ਅੰਦੋਲਨ ਰੜਕਦਾ ਹੈ। ਉਦੋਂ ਕਿਸਾਨਾਂ ਦੇ ਅੰਦੋਲਨ ਅੱਗੇ ਝੁਕਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀ ਕਾਨੂੰਨ ਵਾਪਿਸ ਲੈ ਲਏ ਸਨ। ਉਸ ਵੇਲੇ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਕਈ ਹੋਰ ਵਾਅਦੇ ਕੀਤੇ ਸਨ ਜਿਨ੍ਹਾਂ ਨੂੰ ਮਗਰੋਂ ਨਿਭਾਇਆ ਨਹੀਂ ਗਿਆ। ਹੁਣ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਗਾਰੰਟੀ ਕਾਨੂੰਨ ਬਣਵਾਉਣ ਅਤੇ ਹੋਰ ਮੰਗਾਂ ਵਾਸਤੇ ਕਿਸਾਨ ਸੰਘਰਸ਼ ਕਰ ਰਹੇ ਹਨ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਕਰਨ ਵਾਲੀ ਮੌਜੂਦਾ ਕੇਂਦਰ ਸਰਕਾਰ ਦੇ ਕਾਰਜਕਾਲ ਦੌਰਾਨ ਖੇਤੀ ਵਸਤਾਂ ਜਿਵੇਂ ਖਾਦ, ਕੀਟਨਾਸ਼ਕ ਦਵਾਈਆਂ, ਡੀਜ਼ਲ, ਬੀਜ ਆਦਿ ਤੋਂ ਇਲਾਵਾ ਹਰ ਤਰ੍ਹਾਂ ਦੀ ਖੇਤੀ ਮਸ਼ੀਨਰੀ ਦੀਆਂ ਕੀਮਤਾਂ 'ਚ ਬੇਹੱਦ ਵਾਧਾ ਕੀਤਾ ਜਾ ਚੁੱਕਾ ਹੈ ਪਰ ਕਿਸਾਨਾਂ ਦੀਆਂ ਫ਼ਸਲਾਂ 'ਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਨਹੀਂ ਦਿੱਤੀ ਜਾ ਰਹੀ। ਦੂਜੇ ਬੰਨੇ ਕੇਂਦਰ ਸਰਕਾਰ ਦੀ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਕਾਰਪੋਰੇਟ ਮੁਨਾਫ਼ਿਆਂ ਵਿੱਚ ਲਗਾਤਾਰ ਭਾਰੀ ਵਾਧਾ ਹੋ ਰਿਹਾ ਹੈ। ਇਹ 2022-23 ਵਿੱਚ 10,88,000 ਕਰੋੜ ਰੁਪਏ ਤੋਂ ਵਧ ਕੇ 2023-24 ਵਿੱਚ 14,11,000 ਕਰੋੜ ਰੁਪਏ ਹੋ ਗਿਆ।

ਕੇਂਦਰ ਸਰਕਾਰ ਇਨ੍ਹਾਂ ਕਾਰਪੋਰੇਟਾਂ ਦੇ ਕਰਜ਼ੇ ਤਾਂ ਧੜਾ-ਧੜ ਮੁਆਫ਼ ਕਰ ਰਹੀ ਹੈ ਪਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਲਈ ਕੋਈ ਸਕੀਮ ਨਹੀਂ ਹਾਲਾਂਕਿ ਸੰਸਦੀ ਕਮੇਟੀ ਨੇ ਵੀ ਇਸ ਬਾਰੇ ਸਿਫ਼ਾਰਸ਼ ਕੀਤੀ ਹੈ। ਬੈਂਕਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਕਾਰਪੋਰੇਟਾਂ ਦੇ ਕ੍ਰਮਵਾਰ 2,09,144 ਕਰੋੜ ਅਤੇ 1,70,000 ਕਰੋੜ ਰੁਪਏ ਦੇ ਕਰਜ਼ਿਆਂ 'ਤੇ ਕਾਟੇ ਮਾਰੇ ਹਨ। ਹੁਣ ਕੇਂਦਰ ਸਰਕਾਰ ਨੇ ਜਿਹੜਾ ਖੇਤੀ ਮੰਡੀ ਖਰੜਾ ਲਿਆਂਦਾ ਹੈ, ਉਹ ਕਿਸਾਨ ਅੰਦੋਲਨ ਦੇ ਦਬਾਅ ਕਾਰਨ ਰੱਦ ਕੀਤੇ ਖੇਤੀ ਕਾਨੂੰਨਾਂ ਦਾ ਹੀ ਨਵਾਂ ਰੂਪ ਹੈ। ਸਰਕਾਰੀ ਨੁਮਾਇੰਦਿਆਂ ਦਾ ਦਾਅਵਾ ਹੈ ਕਿ ਇਹ ਖਰੜਾ ਕਿਸਾਨਾਂ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਲਿਆਂਦਾ ਹੈ ਅਤੇ ਖੇਤੀ ਨਾਲ ਜੁੜੇ ਵੱਖ-ਵੱਖ ਮਸਲੇ ਹੱਲ ਕਰਨ ਵਿੱਚ ਸਹਾਈ ਹੋਵੇਗਾ। ਕਿਸਾਨਾਂ ਦਾ ਦਾਅਵਾ ਹੈ ਕਿ ਕੇਂਦਰ ਸਰਕਾਰ ਇਸ ਰਾਹੀਂ ਰੱਦ ਕੀਤੇ ਤਿੰਨ ਖੇਤੀ ਕਾਨੂੰਨ ਮੁੜ ਲਾਗੂ ਕਰਨਾ ਚਾਹੁੰਦੀ ਹੈ। ਕਿਸਾਨਾਂ ਅਨੁਸਾਰ, ਇਸ ਖਰੜੇ ਦਾ ਮਕਸਦ ਸਾਰੀਆਂ ਖੇਤੀਬਾੜੀ ਗਤੀਵਿਧੀਆਂ ਨੂੰ ਪ੍ਰਾਈਵੇਟ ਕਾਰਪੋਰੇਸ਼ਨਾਂ ਅਤੇ ਬਹੁ-ਕੌਮੀ ਕੰਪਨੀਆਂ ਦੇ ਕੰਟਰੋਲ ਹੇਠ ਲਿਆਉਣਾ ਹੈ। ਇਹ ਸਾਰੀਆਂ ਏਪੀਐੱਮਸੀ ਫੜ੍ਹਾਂ ਨੂੰ ਸੰਯੁਕਤ ਮਾਰਕੀਟਿੰਗ ਢਾਂਚੇ ਤਹਿਤ ਇੱਕਜੁੱਟ ਕਰਨ ਦੀ ਤਜਵੀਜ਼ ਹੈ। ਇਹ ਖਰੜਾ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਹੈ। ਖਰੜੇ ਵਿੱਚ ਜਿਸ ਮੁਕਾਬਲੇਬਾਜ਼ੀ ਦਾ ਜ਼ਿਕਰ ਹੈ, ਉਸ ਵਿੱਚ ਸਿਰਫ਼ ਕਾਰਪੋਰੇਟ ਘਰਾਣਿਆਂ ਦਾ ਹੀ ਬੋਲਬਾਲਾ ਹੋਵੇਗਾ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਸੂਬੇ ਲਈ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ ਦੇ ਖਰੜੇ ਵਿੱਚ ਕਿਸਾਨੀ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਅਤੇ ਕਿਸਾਨਾਂ ਨੂੰ ਕੌਮਾਂਤਰੀ ਵਪਾਰ ਨਾਲ ਜੋੜਨ ਦੀ ਗੱਲ ਕੀਤੀ ਗਈ ਹੈ। ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਅਤੇ ਖੇਤੀਬਾੜੀ ਨੀਤੀ ਤਿਆਰ ਕਰਨ ਵਾਸਤੇ ਬਣਾਈ ਗਈ 11 ਮੈਂਬਰ ਕਮੇਟੀ ਦੇ ਕਨਵੀਨਰ ਡਾ. ਸੁਖਪਾਲ ਸਿੰਘ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ ਦਾ ਮਕਸਦ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਤਬਦੀਲੀ ਲਿਆਉਣਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖੇਤੀ ਨੀਤੀ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮਸਲੇ ਹੱਲ ਕਰਨ ਦਾ ਰਾਹ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਨੀਤੀ ਵਿੱਚ ਪਹਿਲੀ ਵਾਰ ਔਰਤਾਂ ਤੇ ਖੇਤ ਕਾਮਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਬਾਰੇ ਵਿਸ਼ੇਸ਼ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਪਹਿਲਾਂ ਖੇਤੀਬਾੜੀ ਵਿੱਚ ਇਨ੍ਹਾਂ ਵਰਗਾਂ ਦੀ ਭੂਮਿਕਾ ਨੂੰ ਅਕਸਰ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ ਹੈ। ਕਿਸਾਨ ਮਜ਼ਦੂਰ ਪੰਜਾਬ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਸੂਬੇ ਵਿੱਚ ਇਹ ਖੇਤੀ ਨੀਤੀ ਜਲਦ ਤੋਂ ਜਲਦ ਲਾਗੂ ਕੀਤੀ ਜਾਵੇ।

ਹੁਣ ਸਵਾਲ ਇਹ ਹੈ ਕਿ ਸਰਕਾਰ ਦੇ ਦਾਅਵੇ ਮੁਤਾਬਿਕ ਜੇ ਦੇਸ਼ ਦੀ ਆਰਥਿਕਤਾ ਦੇ ਗੱਡੇ ਨੂੰ ਧੱਕਾ ਕਿਸਾਨ ਮਜ਼ਦੂਰ ਹੀ ਜ਼ਿਆਦਾ ਲਾ ਰਹੇ ਹਨ ਤਾਂ ਫਿਰ ਇਨ੍ਹਾਂ ਨਾਲ ਧੱਕਾ ਕਿਉਂ ਕੀਤਾ ਜਾ ਰਿਹਾ ਹੈ? ਕਿਸਾਨਾਂ ਮਜ਼ਦੂਰਾਂ ਦੀ ਹਾਲਤ ਦਿਨ-ਬਦਿਨ ਬਦ ਤੋਂ ਬਦਤਰ ਹੋ ਰਹੀ ਹੈ। ਕੀ ਸਰਕਾਰ ਕਾਰਪੋਰੇਟਾਂ ਦੇ ਕਰਜ਼ੇ ਮੁਆਫ਼ ਕਰਨ ਵਾਂਗ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ 'ਤੇ ਵੀ ਲੀਕ ਫੇਰੇਗੀ?

ਕੀ ਸਰਕਾਰ ਸਾਰੀਆਂ ਫ਼ਸਲਾਂ 'ਤੇ ਐੱਮਐੱਸਪੀ ਗਾਰੰਟੀ ਕਾਨੂੰਨ ਬਣਾਵੇਗੀ? ਇਹ ਤਾਂ ਵੇਲਾ ਹੀ ਦੱਸੇਗਾ ਕਿ ਸਰਕਾਰ ਕੀ ਫ਼ੈਸਲਾ ਕਰਦੀ ਹੈ ਪਰ ਅੱਜ ਤੱਕ ਦੀ ਹਕੀਕਤ ਇਹੀ ਹੈ ਕਿ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ, ਕਿਸੇ ਨੇ ਵੀ ਕਿਸਾਨਾਂ ਮਜ਼ਦੂਰਾਂ ਦੀ ਹਾਲਤ ਸੁਧਾਰਨ ਬਾਰੇ ਕੋਈ ਚੱਜ ਦਾ ਕਦਮ ਨਹੀਂ ਪੁੱਟਿਆ। ਹਰ ਪਾਰਟੀ ਵੋਟਾਂ ਲੈਣ ਲਈ ਕਿਸਾਨਾਂ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਨਾਲ ਵਾਅਦੇ ਤਾਂ ਵੱਡੇ-ਵੱਡੇ ਕਰਦੀ ਹੈ ਪਰ ਸੱਤਾ ਹਾਸਲ ਕਰਦਿਆਂ ਹੀ ਇਸ ਦੇ ਏਜੰਡੇ ਹੋਰ ਬਣ ਜਾਂਦੇ ਹਨ ਅਤੇ ਇਹ ਆਪਣੇ ਵਾਅਦਿਆਂ ਬਾਰੇ ਚੁੱਪ ਵੱਟ ਲੈਂਦੀ ਹੈ। ਸਰਕਾਰ ਨੂੰ ਜਿੰਨੀ ਛੇਤੀ ਹੋ ਸਕੇ, ਅੰਨ ਪੈਦਾ ਕਰਨ ਵਾਲੇ ਕਿਸਾਨ ਅਤੇ ਖੇਤ ਮਜ਼ਦੂਰ ਦੇ ਹਾਲਾਤ ਸੁਧਾਰਨ ਲਈ ਚੰਗੇ ਕਦਮ ਪੁੱਟਣੇ ਚਾਹੀਦੇ ਹਨ।

---

# ਬਿਗਾਨੀ ਧਰਤੀ ਆਪਣਾ ਦੇਸ਼

**ਲਿਖਤ : ਗੁਰਦੀਪ ਢੁੱਡੀ,**
**ਸੰਪਰਕ:** 95010-20731



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰ-ਕਾਨੂੰਨੀ ਤਰੀਕੇ ਅਮਰੀਕਾ ਗਏ ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਪਾ ਕੇ ਫ਼ੌਜੀ ਜਹਾਜ਼ ਭਰ-ਭਰ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਲਾਹਿਆ ਜਾ ਰਿਹਾ ਹੈ। ਇਸ ਗੱਲੋਂ ਲੋਕ ਟਰੰਪ, ਉਸ ਦੇ 'ਦੋਸਤ' ਨਰਿੰਦਰ ਮੋਦੀ ਅਤੇ ਪੰਜਾਬ ਸਰਕਾਰ ਨੂੰ ਪਾਣੀ ਪੀ-ਪੀ ਕੇ ਕੋਸ ਰਹੇ ਹਨ। ਇਸੇ ਤਰ੍ਹਾਂ ਦੀ ਹਨੇਰੀ ਇੰਗਲੈਂਡ ਤੋਂ ਆਉਣ ਦੀ ਕਨਸੋਅ ਵੀ ਹੈ। ਵਿਦੇਸ਼ੀਂ ਜਾ ਕੇ ਵੱਸੇ ਅਤੇ ਵੱਸਣ ਦੇ ਚਾਹਵਾਨਾਂ ਨੂੰ ਇਹ ਬਹੁਤ ਮਾੜਾ ਲੱਗ ਰਿਹਾ ਹੈ। ਇਸ ਗੱਲ ਨੂੰ ਇੱਥੇ ਹੀ ਛੱਡ ਦੇਈਏ ਤਾਂ ਵਿਦੇਸ਼ਾਂ ਵਿਚ ਵੱਸੇ ਲੋਕ ਬੜੇ ਮਾਣ ਨਾਲ ਦੱਸਦੇ ਹਨ ਕਿ ਉਨ੍ਹਾਂ ਪੰਜਾਬੀਅਤ ਨੂੰ ਉੱਥੇ ਪੂਰੀ ਤਰ੍ਹਾਂ ਸੰਭਾਲਿਆ ਹੋਇਆ। ਪੰਜਾਬੀ ਸੱਭਿਆਚਾਰ (ਗਾਣੇ ਗਾਉਣ ਤੇ ਨੱਚਣ ਟੱਪਣ ਨੂੰ ਸੱਭਿਆਚਾਰ ਆਖਿਆ ਜਾਂਦਾ) ਅਤੇ ਭਾਸ਼ਾ ਨੂੰ ਬਚਾ ਕੇ ਰੱਖਿਆ ਹੋਇਆ। ਉੱਥੇ ਤਾਂ ਪੰਜਾਬੀ ਦੀ ਪੜ੍ਹਾਈ ਦਾ ਵੀ ਪੂਰਾ ਪ੍ਰਬੰਧ ਕੀਤਾ ਹੋਇਆ। ਪੰਜਾਬੀਅਤ ਦੀ ਚੜ੍ਹਾਈ ਹੈ। ਕੁਝ ਸੜਕਾਂ ਦੇ ਨਾਮ ਪੰਜਾਬੀ 'ਚ ਲਿਖੇ ਹੋਏ ਹਨ।... ਲੱਖ ਅੰਕੜਿਆਂ ਦੇ ਬਾਵਜੂਦ ਮੈਂ ਅਜਿਹੀ ਕਿਸੇ ਗੱਲ ਨਾਲ ਸਹਿਮਤ ਨਹੀਂ ਹੋ ਸਕਿਆ।...

ਮੇਰੀ ਸਰਵਿਸ ਦਾ ਅਜੇ ਦੂਜਾ ਸਾਲ ਹੀ ਚੱਲ ਰਿਹਾ ਸੀ, ਐਡਹਾਕ ਆਧਾਰ 'ਤੇ ਅਧਿਆਪਕ ਸਾਂ। 1978 ਵਿਚ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਆ ਗਈਆਂ। ਮੇਰੀ ਤਾਇਨਾਤੀ ਮਲੋਟ ਨੇੜਲੇ ਇਕ ਮਿਡਲ ਸਕੂਲ ਵਿਚ ਸੀ। ਇਨ੍ਹਾਂ ਛੁੱਟੀਆਂ ਵਿਚ ਪੱਕੇ ਅਧਿਆਪਕਾਂ ਅਤੇ ਬੱਚਿਆਂ ਨੇ ਸਕੂਲ ਨਹੀਂ ਸੀ ਆਉਣਾ, ਕੇਵਲ ਐਡਹਾਕ ਅਧਿਆਪਕਾਂ ਨੇ ਸਕੂਲ ਵਿਚ ਆ ਕੇ ਸਕੂਲ ਦੇ ਹਾਜ਼ਰੀ ਰਜਿਸਟਰ 'ਤੇ ਹਾਜ਼ਰੀ ਲਗਾਉਣੀ ਸੀ। ਮੇਰੀ ਰਿਹਾਇਸ਼ ਉਸੇ ਸਕੂਲ ਵਿਚ ਹੋਣ ਕਰ ਕੇ ਮੈਂ ਸਾਰਾ ਦਿਨ ਸਕੂਲ ਵਿਚ ਹੀ ਰਹਿੰਦਾ ਸਾਂ। ਇਕ ਦਿਨ 'ਡਰਨਾ' ਜਾਪਦਾ ਬੰਦਾ ਮੇਰੇ ਕੋਲ ਆਉਂਦਾ ਹੈ। ਉਸ ਦਾ ਮੈਲਾ-ਕੁਚੈਲਾ ਕੁੜਤਾ ਚਾਦਰਾ, ਸਿਰ 'ਤੇ ਵੱਟਾਂ ਵਾਲਾ ਪਰਨਾ, ਪੈਰਾਂ ਵਿਚ ਠਿੱਬੀ ਜੁੱਤੀ ਅਤੇ ਮਾੜਚੂ ਸਰੀਰ ਦੇਖ ਕੇ ਗੁਰਬਤ ਦਾ ਸਿਖਰ ਦੇਖਿਆ ਜਾ ਸਕਦਾ ਸੀ। "ਜੀ ਥੋਨੂੰ ਸਰਦਾਰ ਸਹਿਬ ਨੇ ਬੁਲਾਇਆ।" ਦੂਰੋਂ ਹੀ ਆਪਣੇ ਹੱਥ ਨੂੰ ਸਿਰ ਤੋਂ ਉਤਾਂਹ ਚੁੱਕਦਿਆਂ ਉਸ ਨੇ ਸਲਾਮ ਕਰਨ ਵਾਲਿਆਂ ਵਾਂਗ ਕਰ ਕੇ ਆਖਿਆ। ਮੈਂ ਪੁੱਛਿਆ, "ਕਿਹੜੇ ਸਰਦਾਰ ਨੇ?" "ਜੀ, ਭੁੱਲਰ ਸਰਦਾਰ ਨੇ।" ਉਸ ਦੇ ਅਗਲੇ ਦੰਦ ਟੁੱਟੇ ਹੋਣ ਕਰ ਕੇ ਹਵਾ ਉਨ੍ਹਾਂ ਵਿੱਚੋਂ ਦੀ ਆਪੇ ਨਿੱਕਲ ਜਾਂਦੀ ਸੀ ਪ੍ਰੰਤੂ ਮੈਨੂੰ ਫਿਰ ਵੀ ਗੱਲਬਾਤ ਦੀ ਸਮਝ ਆ ਰਹੀ ਸੀ। ਮੈਂ ਫਿਰ ਆਖਿਆ, "ਭਾਈ ਕਿਹੜੇ ਭੁੱਲਰ ਸਾਹਿਬ ਨੇ? ਮੈਂ ਜਾਣਦਾ ਨਹੀਂ।"

"ਜੀ, ਓਥੇ ਆ ਜੋ, ਮੈਂ ਦੱਸ ਦੇਊਂ।" ਆਖ ਕੇ ਉਹ ਛਿੱਥਾ ਜਿਹਾ ਪੈ ਗਿਆ। ਭੁੱਲਰ ਸਰਦਾਰ ਦਾ ਨਾਮ ਲੈਣ ਦੀ ਉਸ ਵਿਚ ਹਿੰਮਤ ਨਹੀਂ ਸੀ। "ਚੱਲ ਮੈਂ ਆਉਂਦਾ।" ਆਖਦਿਆਂ ਮੈਂ ਸੁਰਖ਼ਰੂ ਹੋਣਾ ਹੀ ਬਿਹਤਰ ਸਮਝਿਆ।

ਖ਼ੈਰ, ਮੈਂ ਚਲਾ ਗਿਆ। ਸਰਦਾਰ ਨੇ ਮੈਨੂੰ ਬਾਹਰਲੀ ਬੈਠਕ ਵਿਚ ਬਿਠਾ ਲਿਆ। ਥੋੜ੍ਹੀ ਗੱਲਬਾਤ ਕਰ ਕੇ ਨੌਕਰ ਨੂੰ ਬੁਲਾਇਆ। "ਛਿੰਦੀ, ਜਾਹ ਮਾਸਟਰ ਜੀ ਵਾਸਤੇ ਦੁੱਧ ਲਿਆ ਤੇ ਨਾਲੇ ਬੱਚਿਆਂ ਨੂੰ ਬੁਲਾ ਕੇ ਲਿਆ।" ਦੁੱਧ ਵਾਲੀ ਟਰੇਅ ਦੇ ਨਾਲ ਹੀ ਬੱਚੇ ਆ ਗਏ। "ਵਿਸ਼ ਕਰੋ ਟੀਚਰ ਨੂੰ, ਹੀ ਵਿੱਲ ਟੀਚ ਯੂ। ਮਾਸਟਰ ਜੀ ਇਹ ਬੱਚੇ ਹਨ, ਇਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਸਿਖਾ ਦਿਓ।" ਪਹਿਲਾ ਵਾਕ ਉਸ ਨੇ ਬੱਚਿਆਂ ਨੂੰ ਕਿਹਾ ਅਤੇ ਦੂਜਾ ਮੈਨੂੰ। ਉਹ ਭਾਵੇਂ ਆਪਣੇ ਵੱਲੋਂ ਆਦਰ ਨਾਲ ਬੋਲਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਦੇ ਬੋਲਣ ਦਾ ਲਹਿਜਾ ਹੁਕਮੀਆ ਸੀ, ਇਸ ਵਿੱਚੋਂ ਸਰਦਾਰੀ ਦੀ ਝਲਕ ਸਪਸ਼ਟ ਦਿਸ ਰਹੀ ਸੀ। ਲੋੜੀਂਦੇ ਕੈਦੇ, ਪੈਂਨਸਿਲਾਂ ਆਦਿ ਦੱਸ ਕੇ ਮੈਂ ਅਗਲੇ ਦਿਨ ਆਉਣ ਦਾ ਆਖ ਕੇ ਵਾਪਸ ਆ ਗਿਆ। ਮੈਂ ਜਾ ਕੇ ਉਸੇ ਬੈਠਕ ਵਿਚ ਬੈਠ ਜਾਂਦਾ, ਤਿੰਨੋਂ ਬੱਚੇ ਆਉਂਦੇ, ਮਸ਼ਕਰੀ ਕਰਨ ਵਾਲਿਆਂ ਵਾਂਗ ਮੈਨੂੰ ਹਾਇ ਹੈਲੋ ਕਰਦੇ। ਮੈਂ ਪੰਜਾਬੀ ਪੜ੍ਹਾਉਣ ਦੀ ਕੋਸ਼ਿਸ਼ ਕਰਦਾ ਪਰ ਉਹ ਸਿੱਖਣ ਦੀ ਕੋਸ਼ਿਸ਼ ਨਾ ਕਰਦੇ। "ਵੁਈ ਡੌਂਟ ਵਾਂਟ ਟੂ ਲਰਨ ਦਿਸ ਲੈਂਗੂਏਜ, ਵੁਈ ਡਿੱਡ ਨਾਟ ਲਾਈਕ ਇਟ। ਵੁਈ ਵਿੱਲ ਗੋ ਟੂ ਆਵਰ ਕੰਟਰੀ, ਦਿਅਰ ਦੇ ਡੂ ਨਾਟ ਕੰਪੈਲ ਅੱਸ ਟੂ ਲਰਨ ਦਿਸ ਲੈਂਗੁਏਜ਼।" ਤੀਜੇ ਚੌਥੇ ਦਿਨ ਆਖਦਿਆਂ ਉਨ੍ਹਾਂ ਆਪਣਾ ਇਰਾਦਾ ਸਪਸ਼ਟ ਕਰ ਦਿੱਤਾ। ਮੈਂ 'ਸਰਦਾਰ' ਨੂੰ ਦੱਸ ਕੇ ਅਗਲੇ ਦਿਨ ਤੋਂ ਨਾ ਆਉਣ ਦਾ ਕਹਿ ਕੇ ਆ ਗਿਆ।

ਪੰਜਾਬੀਅਤ ਨੂੰ ਉਨ੍ਹਾਂ ਮੁਲਕਾਂ ਵਿਚ ਕਿੰਨਾ ਕੁ ਸੰਭਾਲਿਆ ਅਤੇ ਵਿਕਸਤ ਕੀਤਾ, ਇਹ ਕਥਾ ਪੜ੍ਹ ਕੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਹ ਲੋਕ ਉਸ ਮੁਲਕ ਦੇ ਡਾਲਰਾਂ ਦੀ ਕਮਾਈ ਖਾਂਦੇ ਹਨ, ਫਿਰ ਉਹ ਆਲੇ-ਦੁਆਲੇ ਤੋਂ ਅਭਿੱਜ ਕਿਵੇਂ ਰਹਿ ਸਕਦੇ ਹਨ, ਇਸ ਲਈ 'ਜਿਸ ਦੀ ਖਾਈਏ ਬਾਜਰੀ ਉਸ ਦੀ ਭਰੀਏ ਹਾਜ਼ਰੀ' ਤੋਂ ਅਸੀਂ ਭੱਜਣ ਦਾ ਭਰਮ ਨਾ ਪਾਲੀਏ। ਉਹ ਲੋਕ ਮਾਤ-ਭਾਸ਼ਾ ਦੇ ਭਾਵ-ਅਰਥ ਭੁੱਲ ਜਾਂਦੇ ਹਨ। ਜਨਮ ਦੇਣ ਵਾਲੀ ਆਪਣੀ ਮਾਂ ਤੋਂ ਸਿੱਖੀ ਭਾਸ਼ਾ ਹੀ ਮਾਤ-ਭਾਸ਼ਾ ਨਹੀਂ ਹੁੰਦੀ ਅਤੇ ਉਸ ਦੀ ਜਵਾਨੀ ਤੱਕ ਦੀ ਜੀਵਨ ਜਾਚ ਹੀ ਸੱਭਿਆਚਾਰ ਨਹੀਂ ਹੁੰਦਾ। ਾਤ-ਭਾਸ਼ਾ ਅਤੇ ਸੱਭਿਆਚਾਰ ਤਾਂ ਸਾਡੇ ਰਹਿਣ ਵਾਲੇ ਥਾਂ, ਵਿਚਰਨ ਦੇ ਢੰਗ ਤਰੀਕੇ ਦੇ ਅਨੁਸਾਰੀ ਹੁੰਦੇ ਹਨ। ਯੂਪੀ, ਬਿਹਾਰ ਆਦਿ ਰਾਜਾਂ ਤੋਂ 'ਸਾਡੇ ਪੰਜਾਬ' ਵਿਚ ਆ ਕੇ ਕਿਰਤ ਕਮਾਈ ਕਰ ਕੇ ਪਲਣ ਵਾਲੇ ਲੋਕਾਂ ਦਾ ਪਿਆਰ ਵੀ ਪੰਜਾਬ ਅਤੇ ਪੰਜਾਬੀਅਤ ਨਾਲ ਓਨਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਇਧਰ ਜੰਮ ਪਲ ਰਹੇ ਬੱਚਿਆਂ ਦਾ 'ਦੇਸ਼' ਤਾਂ ਯੂਪੀ ਬਿਹਾਰ ਨਹੀਂ ਸਗੋਂ ਪੰਜਾਬ ਹੈ।

# ਅਸਲੀ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਲੋਕਾਂ ਨੂੰ ਕੋਈ ਨਹੀਂ ਪੁੱਛਦਾ

**ਲਿਖਤ : ਜਸਵਿੰਦਰ ਸਿੰਘ ਭੁਲੇਰੀਆ**
**ਸੰਪਰਕ :** 75891 - 55501



ਸਮੁੱਚੇ ਪੰਜਾਬ ਦੀ ਧਰਤੀ ਤੇ ਅਸਲੀ ਗਰੀਬੀ ਰੇਖਾ ਤੋਂ ਥੱਲੇ ਰਹਿੰਦੇ ਲੋਕਾਂ ਨੂੰ ਕਦੇ ਕਿਸੇ ਨੇ ਪੁੱਛਿਆ ਤਕ ਨਹੀਂ। ਅੱਜ ਸਵੇਰੇ ਸਵੇਰੇ ਜਦੋਂ ਮੈਂ ਆਪਣੇ ਪੋਤਿਆਂ ਨੂੰ ਸਕੂਲ ਬੱਸ 'ਤੇ ਚੜ੍ਹਾਉਣ ਗਿਆ, ਉਸ ਸਮੇਂ ਨਿੱਕੀਆਂ ਨਿੱਕੀਆਂ ਕਣੀਆਂ ਪੈ ਰਹੀਆਂ ਸਨ। ਠੰਢ ਵੀ ਬਹੁਤ ਜ਼ਿਆਦਾ ਲੱਗ ਰਹੀ ਸੀ। ਉੱਤੋਂ ਜ਼ੋਰ ਦੀ ਹਵਾ ਵੀ ਚੱਲ ਰਹੀ ਸੀ। ਮੀਂਹ ਸਾਰੀ ਰਾਤ ਤੋਂ ਲਗਾਤਾਰ ਪੈ ਰਿਹਾ ਸੀ। ਸੜਕਾਂ ਤੇ ਕਾਫੀ ਚਿੱਕੜ ਹੋਇਆ ਪਿਆ ਸੀ। ਸਕੂਲ ਬੱਸ ਥੋੜ੍ਹੀ ਜਿਹੀ ਲੇਟ ਹੋ ਗਈ। ਮੈਂ ਜੁਆਕਾਂ ਨੂੰ ਲੈ ਕੇ ਬੱਸ ਅੱਡੇ 'ਤੇ ਬਣੇ ਇੱਕ ਸ਼ੈੱਡ ਥੱਲੇ ਖਲੋ ਗਿਆ। ਮੇਰੀ ਨਜ਼ਰ ਸਿੱਧੀ ਖੰਡਰਾਂ ਵਿੱਚ ਖੜ੍ਹੀਆਂ ਹੋਈਆਂ ਗਦੀਰੀਆਂ ਵਾਲਿਆਂ ਦੀਆਂ ਗੱਡੀਆਂ 'ਤੇ ਪਈ, ਜਿਨ੍ਹਾਂ ਨੂੰ ਲੋਕ ਰਾਣਾ ਪ੍ਰਤਾਪ ਦੀ ਸੈਨਾ ਵੀ ਕਹਿੰਦੇ ਹਨ। ਬੇਸ਼ਕ ਉਹਨਾਂ ਦਾ ਪੱਕਾ ਕੋਈ ਟਿਕਾਣਾ ਨਹੀਂ ਹੈ, ਕਦੇ ਉਹ ਇਸ ਪਿੰਡ ਤੇ ਕਦੇ ਉਸ ਪਿੰਡ ਤੁਰਦੇ ਜਾਂਦੇ ਹ। ਪਰ ਜਿਹੜੀ ਹਾਲਤ ਅੱਜ ਮੈਂ ਉਹਨਾਂ ਦੀ ਵੇਖੀ, ਉਸ ਨੇ ਮੈਨੂੰ ਹਲੂਣ ਕੇ ਰੱਖ ਦਿੱਤਾ। ਉਹਨਾਂ ਕੋਲ ਕੋਈ ਕੋਠਾ ਨਹੀਂ, ਕੋਈ ਨਹਾਉਣ ਧੋਣ ਵਾਸਤੇ ਜਗ੍ਹਾ ਨਹੀਂ। ਆਪਣੀਆਂ ਗੱਡੀਆਂ ਦੇ ਚਾਰ ਚੁਫੇਰੇ ਇੱਕ ਕਾਲੀ ਜਿਹੀ ਤਰਪਾਲ ਨੂੰ ਥੱਲੇ ਡੰਡੇ ਲਾ ਕੇ ਰੱਸੀਆਂ ਨਾਲ ਬੰਨ੍ਹ ਕੇ ਖੜ੍ਹਾ ਕੀਤਾ ਹੋਇਆ ਸੀ। ਇੱਕ ਦੋ ਟੁੱਟੀਆਂ ਭੱਜੀਆਂ ਮੰਜੀਆਂ ਡਾਹੀਆਂ ਹੋਈਆਂ ਸਨ। ਮੀਂਹ ਦੀ ਕਣੀਆਂ ਆਰ ਪਾਰ ਹੋ ਰਹੀਆਂ ਸਨ। ਕੋਈ ਕੋਈ ਤਰਪਾਲ ਵਿੱਚੋਂ ਪਾਟੀ ਵੀ ਹੋਈ ਸੀ, ਜਿਸ ਕਰਕੇ ਮੀਂਹ ਦਾ ਪਾਣੀ ਸਿੱਧਾ ਉਹਨਾਂ ਦੇ ਸਮਾਨ ਉੱਤੇ ਪੈ ਰਿਹਾ ਸੀ। ਉਹਨਾਂ ਨੇ ਆਪਣੀਆਂ ਜੁੱਲੀਆਂ ਆਪਣੇ ਉੱਤੇ ਲਪੇਟੀਆਂ ਹੋਈਆਂ ਸਨ। ਬਾਹਰ ਜਿਹੜੀਆਂ ਲੱਕੜਾਂ ਉਨ੍ਹਾਂ ਨੇ ਬਾਲਣ ਵਾਸਤੇ ਇਕੱਠੀਆਂ ਕਰ ਕੇ ਰੱਖੀਆਂ ਹੋਈਆਂ ਸਨ, ਉਹ ਵੀ ਸਾਰੀ ਰਾਤ ਮੀਂਹ ਪੈਣ ਕਰਕੇ ਭਿੱਜੀਆਂ ਪਈਆਂ ਸਨ। ਉਹਨਾਂ ਦੇ ਨਿੱਕੇ ਨਿੱਕੇ ਬੱਚੇ ਠੰਢ ਨਾਲ ਠਰੂੰ ਠਰੂੰ ਕਰਦੇ ਹੋਏ ਆਪਣੀਆਂ ਮਾਵਾਂ ਨਾਲ ਚਿੰਬੜੇ ਬੈਠੇ ਸਨ। ਕਈ ਰੋਂਦੇ ਹੋਏ ਚਾਹ ਪੀਣ ਦੀ ਜ਼ਿਦ ਕਰ ਰਹੇ ਸਨ। ਜਦੋਂ ਮੈਂ ਝਾਤ ਮਾਰੀ ਤਾਂ ਪਤਾ ਲੱਗਾ ਕਿ ਉਹਨਾਂ ਕੋਲ ਕੋਈ ਗੈਸ ਵਾਲਾ ਚੁੱਲ੍ਹਾ ਵੀ ਨਹੀਂ ਸੀ, ਨਾ ਉੱਥੇ ਕੋਈ ਬਿਜਲੀ ਦੀ ਤਾਰ ਆਉਂਦੀ ਸੀ। ਜਿਸ ਸਮੇਂ ਮੈਂ ਉਨ੍ਹਾਂ ਕੋਲ ਗਿਆ, ਉਸ ਸਮੇਂ ਦਿਨ ਦਾ ਚਾਨਣ ਜ਼ਰੂਰ ਹੋ ਚੁੱਕਾ ਸੀ। ਇਹ ਸਾਰਾ ਕੁਝ ਵੇਖ ਕੇ ਮੈਂ ਕੋਈ ਗੱਲ ਉਹਨਾਂ ਨਾਲ ਕਰਦਾ, ਇੰਨੇ ਨੂੰ ਉਹਨਾਂ ਦਾ ਇੱਕ ਬਜ਼ੁਰਗ ਬੋਲ ਪਿਆ, "ਸਰਦਾਰ ਜੀ, ਅੱਜ ਕਿਵੇਂ ਸਵੇਰੇ ਸਵੇਰੇ ਆਉਣਾ ਹੋਇਆ? ਆਉ ਬੈਠੋ, ਕੋਈ ਤੁਹਾਡੀ ਸੇਵਾ ਪਾਣੀ ਕਰਦੇ ਹਾਂ।"

ਮੈਨੂੰ ਸਭ ਤੋਂ ਵਧੀਆ ਇਹ ਗੱਲ ਲੱਗੀ ਕਿ ਉਹ ਬਜ਼ੁਰਗ ਬੜੇ ਪਿਆਰ ਨਾਲ ਬੋਲਿਆ। ਮੈਂ ਕਿਹਾ, "ਮੈਂ ਜੁਆਕਾਂ ਨੂੰ ਸਕੂਲ ਬੱਸ 'ਤੇ ਚੜ੍ਹਾਉਣ ਆਇਆ ਸੀ, ਸੋਚਿਆ, ਤੁਹਾਡਾ ਹਾਲ ਚਾਲ ਹੀ ਪੁੱਛਦਾ ਜਾਵਾਂ।"

"ਬੜਾ ਵਧੀਆ ਕੀਤਾ ਈ ਸਰਦਾਰਾ ਜਿਹੜਾ ਤੂੰ ਸਾਨੂੰ ਮਿਲਣ ਆ ਗਿਆ ਹੈਂ। ਸਾਨੂੰ ਤਾਂ ਕੋਈ ਬੁਲਾ ਕੇ ਖ਼ੁਸ਼ ਨਹੀਂ। ਸਾਨੂੰ ਤਾਂ ਬਹੁਤੇ ਲੋਕ ਬੰਦੇ ਹੀ ਨਹੀਂ ਮੰਨਦੇ। ਅਸੀਂ ਫਿਰ ਵੀ ਆਪਣੀ ਦੁਨੀਆਂ ਵਿੱਚ ਖ਼ੁਸ਼ ਰਹਿੰਦੇ ਹਾਂ।"

ਮੈਂ ਪੁੱਛਿਆ, "ਬਾਬਾ, ਤੁਹਾਨੂੰ ਇਨ੍ਹਾਂ ਤਰਪਾਲਾਂ ਵਿੱਚ ਠੰਢ ਨਹੀਂ ਲਗਦੀ? ਮੈਂ ਤਾਂ ਇਸ ਕੋਟ ਵਿੱਚ ਵੀ ਠੁਰ ਠੁਰ ਕਰ ਰਿਹਾ ਹਾਂ।"

"ਸਰਦਾਰ ਜੀ, ਅਗਰ ਠੰਢ ਲੱਗੇ ਵੀ ਤਾਂ ਕੀ ਕਰ ਸਕਦੇ ਹਾਂ? ਕੋਈ ਗੱਲ ਨਹੀਂ, ਜਦੋਂ ਮੀਂਹ ਹਟ ਜਾਵੇਗਾ ਫਿਰ ਅੱਗ ਬਾਲ ਕੇ ਠੰਢ ਲਾਹ ਲਵਾਂਗੇ। ਸਾਡੀ ਤਾਂ ਸਾਰੀ ਜ਼ਿੰਦਗੀ ਹੀ ਇੰਝ ਲੰਘਦੀ ਹੈ। ਤੁਸੀਂ ਸਰਦਾਰ ਜੀ ਅੱਜ ਸਾਡੇ ਵੱਲ ਨਿਗ੍ਹਾ ਮਾਰੀ ਹੈ, ਨਹੀਂ ਤਾਂ ਤਾਂ ..."

"ਨਹੀਂ ਬਾਬਾ, ਮੈਂ ਅਕਸਰ ਲੰਘਦਾ ਟੱਪਦਾ ਤੁਹਾਡੇ ਵਲ ਵੇਖ ਕੇ ਹੀ ਲੰਘਦਾ ਹਾਂ। ਤੁਹਾਡੀ ਕਦੇ ਕਿਸੇ ਸਰਕਾਰ ਨੇ ਬਾਂਹ ਨਹੀਂ ਫੜੀ। ਕਿਸੇ ਨੇ ਤੁਹਾਨੂੰ ਘਰ ਬਣਵਾਉਣ ਬਾਰੇ ਨਹੀਂ ਕਿਹਾ।"

"ਸਰਦਾਰ ਜੀ, ਇੱਥੇ ਲੋਕ ਜੋ ਕੁਛ ਸਾਡੇ ਕੋਲ ਆ, ਉਹ ਖੋਹਣ ਨੂੰ ਫਿਰਦੇ ਆ, ਤੁਸੀਂ ਘਰ ਬਣਾਉਣ ਦੀ ਗੱਲ ਕਰਦੇ ਹੋ। ਸਾਡੀ ਇਹੋ ਗੱਡੀ ਘਰ ਤੇ ਜਾਇਦਾਦ ਹੈ। ਸਾਨੂੰ ਤਾਂ ਕੋਈ ਖਾਲੀ ਜ਼ਮੀਨ ਉੱਤੇ ਰੇਹੜੀ ਵੀ ਖਿਲਾਰਨ ਨਹੀਂ ਦਿੰਦਾ। ਜਿਹੜਾ ਮਰਜ਼ੀ ਰੋਹਬ ਮਾਰ ਕੇ ਸਾਨੂੰ ਅੱਗੇ ਤੋਰ ਦਿੰਦਾ ਹੈ। ਅਸੀਂ ਤਾਂ ਰੱਬ ਦੇ ਆਸਰੇ ਹੀ ਦਿਨ ਕੱਟਦੇ ਹਾਂ।"

ਕਦੇ ਮੈਂ ਬਜ਼ੁਰਗ ਦੇ ਹੌਸਲੇ ਵੱਲ ਵੇਖਦਾ, ਕਦੇ ਉਸ ਤਰਪਾਲ ਵੱਲ, ਜਿਹੜੀ ਹਵਾ ਨਾਲ ਉਡੂੰ ਉਡੂੰ ਕਰ ਰਹੀ ਸੀ। ਪਰ ਮੈਂ ਮਨ ਹੀ ਮਨ ਵਿੱਚ ਸੋਚਦਾ ਰਿਹਾ ਕਿ ਸਾਡੇ ਦੇਸ਼ ਦੇ ਮਹਾਨ ਨੇਤਾ ਕਿਹੜੇ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਚੇ ਚੁੱਕਣ ਦੀ ਗੱਲ ਕਰਦੇ ਹਨ? ਇਨ੍ਹਾਂ ਲੋਕਾਂ ਤੋਂ ਜ਼ਿਆਦਾ ਗਰੀਬ ਹੋਰ ਕੌਣ ਹੋ ਸਕਦੇ ਹਨ, ਜਿਨ੍ਹਾਂ ਕੋਲ ਕੁਝ ਵੀ ਨਹੀਂ ਰਹਿਣ ਵਾਸਤੇ? ਆਪਣਾ ਦਿਹਾੜੀ ਦੱਪਾ ਕਰਕੇ ਢਿੱਡ ਤਾਂ ਜ਼ਰੂਰ ਭਰ ਲੈਂਦੇ ਹੋਣਗੇ ਪਰ ਹੋਰ ਜ਼ਿੰਦਗੀ ਜਿਊਣ ਵਾਸਤੇ ਇਨ੍ਹਾਂ ਕੋਲ ਕੁਝ ਵੀ ਨਹੀਂ। ਕਈ ਇੰਨੇ ਵੱਡੇ ਧਨਾਢ ਬੈਠੇ ਹਨ, ਜਿਨ੍ਹਾਂ ਕੋਲ ਪੈਸੇ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਹੈ। ਹਜ਼ਾਰਾਂ ਹਜ਼ਾਰਾਂ ਫਲੈਟਾਂ ਦੇ ਮਾਲਕ ਬਣੇ ਹਨ। ਇੱਧਰ ਇੱਕ ਝੌਂਪੜੀ-ਝੁੱਗੀ ਵੀ ਨਹੀਂ ਹੈ। ਇਹ ਸਭ ਕੁਝ ਵੇਖ ਕੇ ਮੇਰੇ ਪੈਰਾਂ ਥੱਲਿਓਂ ਮਿੱਟੀ ਖਿਸਕਣ ਲੱਗ ਪਈ। ਮੈਂ ਇਹੋ ਸੋਚ ਕੇ ਤੁਰ ਪਿਆ ਕਿ ਇਹ ਹਕੀਕਤ ਮੈਂ ਸਾਰੀ ਦੁਨੀਆਂ ਨੂੰ ਜ਼ਰੂਰ ਸੁਣਾਵਾਂਗਾ। ਇਹ ਬਿਲਕੁਲ ਸੱਚ ਤੇ ਅਸਲੀਅਤ ਹੈ। ਇਹ ਅੱਖੀਂ ਵੇਖਿਆ ਦ੍ਰਿਸ਼ ਮੈਂ ਕਦੇ ਨਹੀਂ ਭੁੱਲ ਸਕਦਾ।

---

**ਲਿਖਤ : ਕਮਲਜੀਤ ਸਿੰਘ ਬਨਵੈਤ,**
**ਸੰਪਰਕ:** 98147-34035



# ਵਲੈਤ ਵਾਲਾ ਪੈੱਨ

ਉਦੋਂ ਸ਼ਾਇਦ 7ਵੀਂ ਜਾਂ 8ਵੀਂ 'ਚ ਪੜ੍ਹਦਾ ਹੋਵਾਂਗਾ ਜਦੋਂ ਗਭਲੇ ਭਰਾ ਦਾ ਵਿਆਹ ਹੋ ਗਿਆ ਸੀ। ਭਾਈਆ ਜੀ ਨੇ ਉਨ੍ਹਾਂ ਭਲੇ ਵੇਲਿਆਂ ਵਿੱਚ ਕੁੜੀ ਵਾਲਿਆਂ ਤੋਂ ਬਗੈਰ ਦਹੇਜ, ਇਕ ਰੁਪਿਆ ਲੈ ਕੇ ਵਿਆਹ ਕੀਤਾ ਸੀ। ਬਰਾਤ ਵਿੱਚ ਪੰਜ ਜਣੇ ਗਏ ਸਨ। ਆਨੰਦ ਕਾਰਜ ਤੋਂ ਬਾਅਦ ਚਾਹ ਪਾਣੀ ਪੀ ਕੇ 12 ਵੱਜਦੇ ਨੂੰ ਦੁਪਹਿਰ ਦਾ ਖਾਣਾ ਘਰ ਆ ਕੇ ਖਾਧਾ ਸੀ। ਇਸ ਤੋਂ ਬਾਅਦ ਸਾਡੇ ਚਾਰ ਹੋਰ ਭਰਾਵਾਂ ਦੇ ਵਿਆਹ ਵੀ ਇਸੇ ਤਰ੍ਹਾਂ ਸਾਦੇ ਢੰਗ ਨਾਲ ਹੋਏ।

ਮੇਰੇ ਸਹੁਰਿਆਂ ਅਤੇ ਤਿੰਨ ਭਾਬੀਆਂ ਦੇ ਪੇਕੇ ਸਾਦੇ ਵਿਆਹ ਲਈ ਸਹਿਜੇ ਹੀ ਮੰਨ ਗਏ ਸਨ। ਬਸ ਗਭਲੇ ਭਰਾ ਦੇ ਵਿਆਹ ਵੇਲੇ ਹੀ ਰੇੜਕਾ ਪਿਆ ਜਦੋਂ ਭਾਈਆ ਜੀ ਨੇ ਕੁੜੀ ਦੇ ਪਰਿਵਾਰ ਵੱਲੋਂ ਰੱਖੇ ਦਹੇਜ ਦਾ ਪੱਲਾ ਮੋੜਨ ਤੋਂ ਮਨ੍ਹਾ ਕਰ ਦਿੱਤਾ ਸੀ ਤੇ ਅਗਲੇ ਧੀ ਦੀ ਡੋਲੀ ਤੋਰਨ ਤੋਂ ਅੜ ਗਏ ਸਨ। ਕਾਫੀ ਘੋਲ-ਮਥੋਲ ਤੋਂ ਬਾਅਦ ਭਾਬੀ ਆਪਣੇ ਬਾਪ ਦੀ ਬੁੱਕਲ ਵਿੱਚੋਂ ਨਿਕਲ ਕੇ ਡੋਲੀ ਵਾਲੀ ਕਾਰ ਵਿੱਚ ਆ ਬੈਠੀ ਸੀ। ਉਸ ਤੋਂ ਬਾਅਦ ਦੋਹਾਂ ਪਰਿਵਾਰਾਂ ਦਾ ਕਾਫ਼ੀ ਚਿਰ ਮਿਲਵਰਤਨ ਟੁੱਟਿਆ ਰਿਹਾ ਸੀ।

ਅਸੀਂ ਸਾਰੇ ਭਰਾ ਭਾਈਆ ਜੀ ਦੇ ਅਸੂਲਾਂ 'ਤੇ ਚੱਲਦੇ ਆ ਰਹੇ ਹਾਂ। ਮੇਰੇ ਦੋ ਭਰਾਵਾਂ ਨੇ ਆਪਣੇ ਲੜਕਿਆਂ ਦਾ ਵਿਆਹ ਬਰਾਤ ਨਾਲ ਕੀਤਾ ਪਰ ਦਹੇਜ ਵਿੱਚ ਕੁਝ ਨਹੀਂ ਲਿਆ। ਮੇਰੇ ਵੱਡੀ ਧੀ ਅਤੇ ਛੋਟਾ ਪੁੱਤਰ ਹੈ। ਮੈਂ ਵੀ ਇਨ੍ਹਾਂ ਦੇ ਸਾਦੇ ਵਿਆਹ ਦੇ ਹੱਕ ਵਿੱਚ ਸੀ ਪਰ ਧੀ ਦੇ ਵਿਆਹ ਵੇਲੇ ਮੇਰੀ ਪੁੱਗੀ ਨਾ; ਪਤਨੀ ਦਾ ਕਹਿਣਾ ਸੀ- "ਧੀਆਂ ਦਾ ਵਿਆਹ ਮੁੰਡੇ ਵਾਲਿਆਂ ਦੀ ਮਰਜ਼ੀ ਨਾਲ ਕਰਨਾ ਪੈਂਦੈ, ਪੁੱਤ ਦੇ ਵਿਆਹ ਵੇਲੇ ਤੁਸੀਂ ਆਪਣੇ ਅਸੂਲ ਘੋਟ ਲੈਣਾ।" ਸੋ, ਧੀ ਦਾ ਵਿਆਹ ਵਿੱਤੋਂ ਬਾਹਰ ਜਾ ਕੀਤਾ। ਉਂਝ, ਭਾਈਆ ਜੀ ਅਤੇ ਆਪਣੇ ਅਸੂਲ ਤੋੜਨ ਦਾ ਅਜੇ ਵੀ ਝੋਰਾ ਹੈ।

ਪੁੱਤ ਵਿਆਹ ਦੀ ਉਮਰ ਦਾ ਹੋਇਆ ਤਾਂ ਉਹ ਕਿਹਾ ਕਰੇ- "ਮੈਂ ਜ਼ਿੰਦਗੀ ਵਿੱਚ ਸੈਟ ਹੋ ਕੇ ਵਿਆਹ ਕਰਾਉਣ ਬਾਰੇ ਸੋਚਾਂਗਾ।" ਇਸੇ ਟਾਲ-ਮਟੋਲ ਵਿੱਚ ਪੰਜ-ਸੱਤ ਸਾਲ ਲੰਘ ਗਏ। ਉਹਦੀ ਨੌਕਰੀ ਵਿਦੇਸ਼ ਵਿੱਚ ਲੱਗੀ ਤਾਂ ਇੱਕ ਦਿਨ ਉਹਨੇ ਆਪ ਹੀ ਦੂਜੇ ਦੇਸ਼ ਵਿੱਚ ਵੱਸਦੀ ਆਪਣੀ ਮਨਪਸੰਦ ਕੁੜੀ ਨਾਲ ਵੀਡੀਓ ਕਾਲ ਰਾਹੀਂ ਸਾਡੀ ਸਾਰਿਆਂ ਦੀ ਗੱਲ ਕਰਾ ਦਿੱਤੀ। ਸਾਨੂੰ ਪਹਿਲੀ ਨਜ਼ਰੇ ਕੁੜੀ ਜਚ ਗਈ। ਅਗਲੇ ਹਫਤੇ ਕੁੜੀ ਦੇ ਮਾਪਿਆਂ ਦੀ ਸਾਡੇ ਨਾਲ ਵੀਡੀਓ ਰਾਹੀਂ ਮਿਲਣੀ ਕਰਾ ਦਿੱਤੀ। ਕੁੜੀ ਦੇ ਬਾਪ ਨੇ ਮੈਥੋਂ ਹੁੰਗਾਰਾ ਮੰਗਿਆ ਤਾਂ ਮੈਂ ਸਾਫ ਕਹਿ ਦਿੱਤਾ ਕਿ ਕੁੜੀ ਮੁੰਡਾ ਰਾਜ਼ੀ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਜਦੋਂ ਮੈਂ ਕਿਹਾ ਕਿ ਇੱਕ ਸ਼ਰਤ ਹੈ ਤਾਂ ਉਹ ਫੋਨ ਤੋਂ ਪਿੱਛੇ ਨੂੰ ਹਟ ਗਿਆ ਜਿਵੇਂ ਝਟਕਾ ਲੱਗਾ ਹੋਵੇ। ਮੈਂ ਪਹਿਲੀ ਸੱਟੇ ਸਾਦੇ ਵਿਆਹ 'ਤੇ ਜ਼ੋਰ ਦੇਣ ਲੱਗ ਪਿਆ ਤੇ ਫਿਰ ਫੌਜੀਆਂ ਵਾਂਗ ਹੁਕਮ ਸੁਣਾ ਦਿੱਤਾ, "ਅਸੀਂ ਕੋਈ ਲੈਣ ਦੇਣ ਨਹੀਂ ਕਰਨਾ, ਨਾ ਬਰਾਤ ਲੈ ਕੇ ਆਉਣੀ ਹੈ। ਕੋਈ ਮਿਲਣੀ ਜਾਂ ਸ਼ਗਨ ਦੇ ਚੱਕਰ ਵਿੱਚ ਵੀ ਨਹੀਂ ਪੈਣਾ।"

ਪੁੱਤਰ ਅਤੇ ਉਸ ਦੀ ਹੋਣ ਵਾਲੀ ਪਤਨੀ ਨੇ ਮੈਰਿਜ ਪੈਲੇਸ ਜਾਂ ਹੋਟਲ ਦੀ ਥਾਂ ਆਪਣੇ ਪਿੰਡ ਦੇ ਖੇਤਾਂ ਵਿੱਚ ਵਿਆਹ ਸਮਾਗਮ ਰਚਾਉਣ ਦੀ ਇੱਛਾ ਪ੍ਰਗਟ ਕੀਤੀ। ਮੈਂ ਕਿਹਾ- "ਸਾਡੇ ਲਈ ਇਹ ਵੀ ਠੀਕ ਹੈ। ਝੋਨਾ ਚੁੱਕਣ ਤੇ ਕਣਕ ਬੀਜਣ ਤੋਂ ਪਹਿਲਾਂ ਖੇਤ ਖਾਲੀ ਹੀ ਹੋਣਗੇ। ਨਾਲੇ ਬੇਬੇ ਤੇ ਭਾਈਆ ਜੀ ਦੀ ਰੂਹ ਖ਼ੁਸ਼ ਹੋ ਜਾਵੇਗੀ।" ਇਉਂ ਖਾਲੀ ਖੇਤ ਦੇ ਗੱਭੇ ਆਨੰਦ ਕਾਰਜ ਲਈ ਫੁੱਲਾਂ ਨਾਲ ਸਜਿਆ ਗਜ਼ੀਬੋ ਬਣਾ ਦਿੱਤਾ ਗਿਆ। ਦੋਹਾਂ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੇ ਬੈਠਣ ਵਾਸਤੇ ਸਾਰਾ ਪੰਡਾਲ ਖੁੱਲ੍ਹਾ ਛੱਡ ਦਿੱਤਾ ਗਿਆ। ਖੇਤਾਂ ਦੇ ਆਲੇ-ਦੁਆਲੇ ਖੜ੍ਹੇ ਕਮਾਦ, ਰੁੱਖ, ਖੇਤੀ ਦੇ ਸੰਦ, ਤੂਤੀ ਦੇ ਕੁੱਪ ਵੱਖਰੀ ਕਿਸਮ ਦਾ ਨਜ਼ਾਰਾ ਦੇ ਰਹੇ ਸਨ।

ਅਸੀਂ ਸਵੇਰੇ 10 ਵਜੇ ਵਿਆਹ ਵਾਲੇ ਖੇਤ ਪੁੱਜ ਗਏ। ਕੁੜੀ ਵਾਲਿਆਂ ਨੂੰ ਅੱਧਾ ਘੰਟਾ ਪਛੜ ਕੇ ਆਉਣ ਲਈ ਕਿਹਾ ਸੀ। ਮਿੱਤਰਾਂ ਸੱਜਣਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਆਨੰਦ ਕਾਰਜ ਤੋਂ ਬਾਅਦ ਉਥੋਂ ਥੋੜ੍ਹੀ ਦੂਰ ਖੇਤਾਂ ਵਿੱਚ ਬਣੇ ਆਪਣੇ ਘਰ ਦੇ ਵਿਹੜੇ ਵਿੱਚ ਦੁਪਹਿਰ ਦਾ ਭੋਜਨ ਸਭ ਨੇ ਰਲ ਕੇ ਛਕਿਆ। ਸਭ ਨੂੰ ਮਠਿਆਈ ਜਾਂ ਸੁੱਕੇ ਮੇਵਿਆਂ ਦੀ ਥਾਂ ਮੇਵੇ ਵਾਲੇ ਗੁੜ ਦਾ ਡੱਬਾ ਦੇ ਕੇ ਵਿਦਾਅ ਕੀਤਾ।

ਸਾਡੇ ਘਰ ਦੀ ਨਵੀਂ ਜੀਅ ਸ਼ਰੁਤੀ ਸਿੰਘ ਦੀ ਘਰ ਵਿੱਚ ਅੱਡੀ ਨਹੀਂ ਸੀ ਲੱਗ ਰਹੀ। ਉਹਨੇ ਅਗਲੀ ਸਵੇਰ ਆਪਣਾ ਟਰੰਕ ਖੋਲ੍ਹਿਆ; ਉਸ ਵਿੱਚੋਂ ਮੇਰੇ ਲਈ ਵਲੈਤ ਤੋਂ ਖਰੀਦਿਆ ਪੈੱਨ ਅਤੇ ਮੇਰੀ ਪਤਨੀ ਲਈ ਰੰਗ ਤੇ ਬੁਰਸ਼ ਵਾਲਾ ਡੱਬਾ ਨਿਕਲਿਆ। ਪਤਾ ਲੱਗ ਰਿਹਾ ਸੀ, ਪੈੱਨ ਮਹਿੰਗਾ ਹੈ ਜਿਹੜਾ ਉਹਨੇ ਲੰਡਨ ਤੋਂ ਖਰੀਦਿਆ ਸੀ।

ਉਹ ਪੈੱਨ ਅਤੇ ਪਤਨੀ ਦੇ ਰੰਗ ਅਜੇ ਤੱਕ ਮੇਜ਼ ਦੇ ਦਰਾਜ ਵਿੱਚ ਰੱਖੇ ਹੋਏ ਹਨ। ਪਿਛਲੇ ਦਿਨੀਂ ਸ਼ਰੁਤੀ ਦਾ ਫੋਨ ਆਇਆ ਤਾਂ ਕਹਿ ਰਹੀ ਸੀ ਕਿ ਉਹ ਅਗਲੇ ਹਫਤੇ ਇੰਡੀਆ ਆ ਰਹੇ ਹਨ, ਪਾਪਾ ਲਈ ਉਹੋ ਜਿਹਾ ਪੈੱਨ ਅਤੇ ਮਾਮਾ ਲਈ ਫਿਰ ਤੋਂ ਰੰਗਾਂ ਵਾਲਾ ਡੱਬਾ ਲਿਆ ਹੈ। ਮੈਥੋਂ ਕਹਿ ਹੋ ਗਿਆ, "ਅਸੀਂ ਤਾਂ 10 ਰੁਪਏ ਵਾਲੇ ਪੈੱਨ ਨਾਲ ਲਿਖ ਛੱਡਦੇ ਹਾਂ। ਤੇਰੇ ਵਾਲੇ ਮਹਿੰਗੇ ਤੋਹਫੇ ਨੂੰ ਡਰਦਿਆਂ ਹੱਥ ਨਹੀਂ ਲਾਇਆ ਕਿ ਸਿਆਹੀ ਨਾ ਮੁੱਕ ਜਾਵੇ।" ਪਹਿਲਾਂ ਤਾਂ ਉਹ ਹੱਸੀ, ਫਿਰ ਕਹਿਣ ਲੱਗੀ, "ਦਰਾਜ ਵਿੱਚ ਪਏ ਰੰਗ ਅਤੇ ਪੈੱਨ ਦੀ ਸਿਆਹੀ ਸੁੱਕ ਜਾਣੀ ਹੈ।" ਮੈਂ ਕਹਿੰਦਾ-ਕਹਿੰਦਾ ਰਹਿ ਗਿਆ ਕਿ ਸਕੂਲ ਵਿੱਚ ਪੜ੍ਹਦਿਆਂ ਦੂਜੇ ਦੀ ਬੁਗੀ ਵਿੱਚੋਂ ਕਲਮ ਡੁਬੋਣ ਵਾਲਿਆਂ ਨੂੰ ਕੀ ਪਤਾ ਕਿ ਪਏ ਪੈੱਨ ਦੀ ਸਿਆਹੀ ਸੁੱਕ ਜਾਂਦੀ, ਅਸੀਂ ਤਾਂ ਸੁੱਕੀ ਸਿਆਹੀ ਵਾਲੀ ਬੁਗੀ ਵਿੱਚ ਪਾਣੀ ਪਾ ਕੇ ਮੁੜ ਫੱਟੀ ਲਿਖਣ ਲੱਗ ਪੈਂਦੇ ਸਾਂ। ਨਾਲੇ ਮੈਂ ਉਹਨੂੰ ਕਿਵੇਂ ਸਮਝਾਉਂਦਾ ਕਿ ਸਾਗ ਚੀਰਨ ਵਾਲੀ ਦਾਤੀ ਨਾਲ ਘੜੀ ਕਲਮ ਨੂੰ ਪਿਛਲੇ ਪਾਸੇ ਤੋਂ ਚਿੱਥ ਕੇ ਉਹਦਾ ਬੁਰਸ਼ ਬਣਾ ਲੈਂਦੇ ਰਹੇ ਹਾਂ। ਫਿਰ ਯਾਦ ਆਇਆ ਕਿ ਧੀ ਦੇ ਵਿਆਹ ਵੇਲੇ ਲਏ ਮੌਜੇ ਵੀ ਦੁਬਾਰਾ ਇਸ ਕਰ ਕੇ ਨਹੀਂ ਸਨ ਪਾਏ ਕਿ ਮਹਿੰਗੇ ਹਨ; ਸਾਲ ਬਾਅਦ ਪੁੱਤਰ ਦੇ ਵਿਆਹ ਵੇਲੇ ਕੱਢੇ ਤਾਂ ਮੌਜਿਆਂ ਦੇ ਚਮੜੇ ਦੀਆਂ ਵੀ ਛਿੱਲਤਾਂ ਉਤਰਨ ਲੱਗ ਪਈਆਂ ਸਨ।

ਮੇਰੀ ਨਜ਼ਰ ਆਪਣੀ ਦੋਹਤੀ ਐਂਬਰੀਨ ਦੇ ਸਟੱਡੀ ਟੇਬਲ 'ਤੇ ਜਾ ਟਿਕਦੀ ਹੈ ਜਿਸ ਦੇ ਖੁੱਲ੍ਹੇ ਪਏ ਦਰਾਜ ਵਿੱਚ ਪੈੱਨਸਲਾਂ ਦਾ ਢੇਰ ਹੈ। ਦੂਜੇ ਦਰਾਜ ਵਿੱਚ ਰਬੜਾਂ ਅਤੇ ਸ਼ਾਰਪਨਰ ਪਏ ਹਨ। ਉਹ ਪੈੱਨਸਲ ਘੜਦੀ ਹੈ ਤਾਂ ਛਿਲਕੇ ਸ਼ਾਰਪਨਰ ਵਿੱਚ ਹੀ ਲਪੇਟੇ ਜਾਂਦੇ ਹਨ। ਮੇਰੀਆਂ ਨਜ਼ਰਾਂ ਡਰਾਇੰਗ ਕਰਨ ਲਈ ਉਸ ਦੇ ਕਮਰੇ ਦੀ ਕੰਧ ਨਾਲ ਰੱਖੇ ਵੱਡੇ ਸਾਰੇ ਡਿਜੀਟਲ ਸਕਰੀਨ 'ਤੇ ਜਾ ਟਿਕੀਆਂ ਹਨ। ਐਂਬਰੀਨ ਦੀ ਆਵਾਜ਼ ਨਾਲ ਮੈਂ ਵਾਪਸ ਪਰਤਦਾ ਹਾਂ ਜਦੋਂ ਉਹ ਆਪਣੀ ਮਾਂ ਨੂੰ ਜਨਮ ਦਿਨ 'ਤੇ ਲੈਪਟਾਪ ਲੈ ਕੇ ਦੇਣ ਦਾ ਵਾਅਦਾ ਮੰਗਦੀ ਹੈ...।

# ਵਿਦਿਆਰਥੀਆਂ ਦੀ ਸਿੱਖਿਆ ’ਤੇ ਕੋਵਿਡ-19 ਦੇ ਮਾਰੂ ਪ੍ਰਭਾਵ

**ਲਿਖਤ : ਗੁਰਦੀਪ ਢੁੱਡੀ,**
**ਸੰਪਰਕ:** 95010-20731




ਸਾਲ 2019 ਵਿੱਚ ਕੋਵਿਡ ਨੇ ਚੀਨ ਵਿੱਚ ਦਸਤਕ ਦਿੱਤੀ ਅਤੇ ਹੌਲ਼ੀ-ਹੌਲ਼ੀ ਇਹ ਬਿਮਾਰੀ ਦੁਨੀਆ ਭਰ ਵਿੱਚ ਫੈਲ ਗਈ। ਭਾਰਤ ਵਿੱਚ 2020 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਇਸ ਬਿਮਾਰੀ ਦੇ ਲੱਛਣ ਸਾਹਮਣੇ ਆਏ। ਮਾਰਚ ਦੇ ਅਖੀਰਲੇ ਦਿਨਾਂ ਵਿੱਚ ਇਸ ਦਾ ਵਿਆਪਕ ਪਸਾਰਾ ਦੇਖਦਿਆਂ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਅਗਾਊਂ ਸੂਚਨਾ ਅਤੇ ਤਿਆਰੀ ਦੇ ਦੇਸ਼ ਭਰ ਵਿੱਚ ਤਾਲਾਬੰਦੀ ਕਰ ਦਿੱਤੀ। ਪ੍ਰਧਾਨ ਮੰਤਰੀ ਨੇ ਹਾਸੋਹੀਣੇ ਤਰੀਕਿਆਂ ਨਾਲ ਇਸ ਬਿਮਾਰੀ ਨੂੰ ਮਾਤ ਦੇਣ ਦੀਆਂ ਗੱਲਾਂ ਕੀਤੀਆਂ। ਖ਼ੈਰ, ਸਿਹਤ ਕਾਮਿਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਭਾਵਨਾ ਨਾਲ ਜਨਤਾ ’ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਵਿੱਚ ਬਹੁਤ ਹੱਦ ਤੱਕ ਸਫਲਤਾ ਹਾਸਲ ਕੀਤੀ। ਇਸੇ ਦਰਮਿਆਨ ਸਰਕਾਰ ਦੇਸ਼ ਵਿੱਚ ਵਾਰ-ਵਾਰ ਤਾਲਾਬੰਦੀ ਵਧਾਉਂਦੀ ਰਹੀ। ਇਸੇ ਤਾਲਾਬੰਦੀ ਵਿੱਚ ਜਨਤਕ ਕਾਰਜਾਂ ਨੂੰ ਜ਼ਿੰਦਗੀ ਦੀ ਪਟੜੀ ’ਤੇ ਲਿਆਉਣ ਦੇ ਯਤਨ ਵੀ ਹੋਏ। ਇਨ੍ਹਾਂ ਯਤਨਾਂ ’ਚ ਸਿੱਖਿਆ ਸੰਸਥਾਵਾਂ ਵਿੱਚ ਆਨਲਾਈਨ ਸਿੱਖਿਆ ਦੀ ਸ਼ੁਰੂਆਤ ਕੀਤੀ ਗਈ ਜਿਹੜੀ ਹੁਣ ਸਿੱਖਿਆ ਦਾ ਅਨਿੱਖੜ ਅੰਗ ਬਣ ਚੁੱਕੀ ਹੈ।

ਅਧਿਆਪਕ ਵਰਗ, ਵਿਸ਼ੇਸ਼ ਕਰ ਕੇ ਸਿੱਖਿਆ ਮਾਹਿਰਾਂ ਨੇ ਉਸ ਸਮੇਂ ਸਕੂਲਾਂ ਵਿੱਚ ਆਨਲਾਈਨ ਸਿੱਖਿਆ ਦਾ ਭਰਵਾਂ ਵਿਰੋਧ ਤਾਂ ਕੀਤਾ ਪਰ ਇਸ ਨੂੰ ਸਰਕਾਰੀ ਪੱਧਰ ’ਤੇ ਅਣਗੌਲਿਆ ਕਰ ਦਿੱਤਾ ਗਿਆ। ਇਸ ਵਿਰੋਧ ਵਿੱਚ ਸਰਕਾਰੀ ਸਕੂਲਾਂ ਦੇ ਬੱਚਿਆਂ ਕੋਲ ਸਮਾਰਟ ਫੋਨ ਦੀ ਸਹੂਲਤ ਨਾ ਹੋਣ ਦਾ ਮੁੱਦਾ ਵਧੇਰੇ ਉਭਾਰਿਆ ਗਿਆ। ਇਸ ਤੋਂ ਅਗਲੀ ਦਲੀਲ ਇਨ੍ਹਾਂ ਸਮਾਰਟ ਫੋਨਾਂ ਲਈ ਇੰਟਰਨੈੱਟ ਦੀ ਸਹੂਲਤ ਅਤੇ ਡੇਟਾ ਦੀ ਉਪਲਬਧਤਾ ਨਾ ਹੋਣਾ ਵੀ ਆਖਿਆ ਗਿਆ। ਦਲੀਲ ਵਿੱਚਲੇ ਇਹ ਕਾਰਨ ਉਸ ਸਮੇਂ ਬਹੁਤ ਹੱਦ ਤੀਕ ਠੀਕ ਵੀ ਸਨ ਪਰ ਗਰੀਬ ਮਾਪਿਆਂ (ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਜ਼ਿਆਦਾ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਦੀ ਆਰਥਿਕ ਹਾਲਤ ਗ਼ੁਰਬਤ ਵਾਲੀ ਹੀ ਹੈ) ਨੇ ਆਪਣੀ ਔਲਾਦ ਵਾਸਤੇ ਇਹ ਕੌੜਾ ਅੱਕ ਵੀ ਚੱਬਿਆ। ਉਨ੍ਹਾਂ ਆਪਣੇ ਬੱਚਿਆਂ ਵਾਸਤੇ ਸਮਾਰਟ ਫੋਨ ਅਤੇ ਇੰਟਰਨੈੱਟ ਦਾ ਪ੍ਰਬੰਧ ਕੀਤਾ। ਬੁੱਧੀਜੀਵੀ ਵਰਗ ਨੂੰ ਇਸ ਗੱਲ ਦੀ ਸਮਝ ਬਹੁਤ ਬਾਅਦ ਵਿੱਚ ਲੱਗੀ ਕਿ ਸਮਾਰਟ ਫੋਨ ਅਤੇ ਇੰਟਰਨੈੱਟ ਰਾਹੀਂ ਵਿਦਿਆਰਥੀਆਂ ਨੂੰ ਆਨਲਾਈਨ ਸਿੱਖਿਆ ਦੇਣ ਪਿੱਛੇ ਸਰਕਾਰ ਦੀ ਛੁਪੀ ਹੋਈ ਮਨਸ਼ਾ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣਾ ਵੀ ਸੀ।

ਆਨਲਾਈਨ ਸਿੱਖਿਆ ਦਾ ਮਾਰੂ ਪ੍ਰਭਾਵ (ਸਾਈਡ ਇਫੈਕਟ) ਕਰੋਨਾ ਨਾਲੋਂ ਵੀ ਵਧੇਰੇ ਨੋਟ ਕੀਤਾ ਗਿਆ ਜਿਸ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਇਸ ਬਾਰੇ ਉਸ ਸਮੇਂ ਕਿਸੇ ਨੇ ਨਿੱਠ ਕੇ ਸੋਚਿਆ ਹੀ ਨਹੀਂ। ਇਸ ਕਰ ਕੇ ਸਬੰਧਿਤ ਲੋਕ ਉਹੋ ਜਿਹਾ ਵਿਰੋਧ ਨਹੀਂ ਕਰ ਸਕੇ ਜਿਸ ਦੀ ਲੋੜ ਸੀ। ਕਿਤੇ-ਕਿਤੇ ਅਧਿਆਪਕਾਂ ਨੇ ਆਨਲਾਈਨ ਪੜ੍ਹਾਈ ਦੀ ਵਕਾਲਤ ਵੀ ਕੀਤੀ। ਆਨਲਾਈਨ ਸਿੱਖਿਆ ਵਿੱਚੋਂ ਸਰਕਾਰੀ ਸਕੂਲਾਂ ਸਮੇਤ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਵਾਲੇ ਬਾਲ ਮਨਾਂ ਅਤੇ ਬਾਲਗਾਂ ਵਿੱਚ ਪਬਜੀ, ਬਲੂ ਵੇਲ ਅਤੇ ਇਸ ਵਰਗੀਆਂ ਹੋਰ ਮਾਰੂ ਖੇਡਾਂ ਦੀ ਬਿਮਾਰੀ ਦਾ ਵਿਦਿਆਰਥੀ ਵਰਗ ਨੂੰ ਜਕੜਨਾ, ਹੋਰ ਸਾਰੇ ਕਾਰਨਾਂ ਨਾਲੋਂ ਵਧੇਰੇ ਗੌਲਣ ਵਾਲਾ ਮੁੱਦਾ ਹੈ। ਪ੍ਰਾਈਵੇਟ ਸਕੂਲਾਂ ਵਾਲੇ ਤਾਂ ਹੁਣ ਆਪਣੀ ਭਾਰੀ ਫੀਸ ਸੁਰੱਖਿਅਤ ਕਰਨ ਲਈ ਇਕ ਦੋ ਦਿਨ ਦੀਆਂ ਛੁੱਟੀਆਂ ਵਾਸਤੇ ਵੀ ਆਨਲਾਈਨ ਸਿੱਖਿਆ ਦਾ ਪ੍ਰਬੰਧ ਕਰ ਦਿੰਦੇ ਹਨ। ਹਰ ਤਰ੍ਹਾਂ ਦੀ ਜਾਣਕਾਰੀ ਅਤੇ ਸੂਚਨਾ ਵਟਸਐਪ ’ਤੇ ਦੇ ਦਿੱਤੀ ਜਾਂਦੀ ਹੈ ਜਿਸ ਨਾਲ ਮਾਪੇ ਨਾ ਚਾਹੁੰਦੇ ਹੋਏ ਵੀ ਆਪਣੇ ਬੱਚਿਆਂ ਦੇ ਕੋਮਲ ਹੱਥਾਂ ਵਿੱਚ ਮੋਬਾਈਲ ਫੋਨ ਫੜਾਉਣ ਲਈ ਮਜਬੂਰ ਹੋ ਜਾਂਦੇ ਹਨ।

ਵਿਸ਼ੇਸ਼ ਤਰ੍ਹਾਂ ਦੇ ਸਮਾਜਿਕ ਵਿਹਾਰ ਨੇ ਇਸ ਬਿਮਾਰੀ ਨੂੰ ਵਧੇਰੇ ਬਲ ਬਖ਼ਸ਼ਿਆ। ਇਕਹਿਰੀ ਪਰਿਵਾਰਾਂ ’ਚ ਬੱਚਿਆਂ ਦੇ ਮਾਪੇ ਰੁਜ਼ਗਾਰਯਾਫ਼ਤਾ ਹੋਣ ਕਰ ਕੇ ਬੱਚੇ ਇਕੱਲੇ ਹੁੰਦੇ ਹਨ; ਉਹ ਮੋਬਾਈਲ ਫੋਨ, ਟੈਲੀਵਿਜ਼ਨ, ਕੰਪਿਊਟਰ ਜਾਂ ਲੈਪਟਾਪ ਦੇ ਹਵਾਲੇ ਹੁੰਦੇ ਹਨ। ਇਹ ਸਾਰੇ ਆਧੁਨਿਕ ਸਾਧਨ ਵਪਾਰਕ ਘਰਾਣਿਆਂ ਦੀ ਮੁਨਾਫ਼ਾਖ਼ੋਰੀ ’ਤੇ ਆਧਾਰਿਤ ਹਨ। ਅਜਿਹੇ ਮਾਹੌਲ ’ਚ ਬੱਚਿਆਂ ਦਾ ਵਿਕਾਸ ਕਿਸ ਦੇ ਹੱਥ ਹੈ? ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਮੁਸ਼ੱਕਤ ਕਰਨ ਦੀ ਲੋੜ ਨਹੀਂ। ਜਿੱਥੇ ਬੱਚਿਆਂ ਦੇ ਦਾਦਾ-ਦਾਦੀ ਆਪਣੇ ਪੁੱਤਰਾਂ-ਧੀਆਂ ਨਾਲ ਰਹਿੰਦੇ ਵੀ ਹਨ, ਉੱਥੇ ਨੌਜਵਾਨ ਜੋੜੇ ਮਾਪਿਆਂ ਨੂੰ ਕੁਝ ਸਮਝਦੇ ਨਹੀਂ। ਅਜਿਹੇ ਮਾਹੌਲ ’ਚ ਦਾਦਾ-ਦਾਦੀ, ਨਾਨਾ-ਨਾਨੀ ਆਪਣੇ ਜਾਇਆਂ ਦੇ ਹੱਥਾਂ ਦੇ ਖਿਡੌਣਿਆਂ ਤੋਂ ਵਧੇਰੇ ਕੁਝ ਨਹੀਂ ਹੁੰਦੇ। ਉਂਝ ਵੀ ਪੜ੍ਹੇ ਲਿਖੇ ਅਤੇ ਨੌਕਰੀਪੇਸ਼ਾ ਮਾਪਿਆਂ ਕੋਲ ਆਪਣੇ ਬੱਚਿਆਂ ਵਾਸਤੇ ਜ਼ਿਆਦਾ ਸਮਾਂ ਨਾ ਹੋਣ ਕਰ ਕੇ ਬੱਚੇ ਇਨ੍ਹਾਂ ਯੰਤਰਾਂ ਦੇ ਹਵਾਲੇ ਹੁੰਦੇ ਹੀ ਹਨ।

ਨੌਜਵਾਨ ਮਾਪੇ ਪੜ੍ਹੇ ਲਿਖੇ ਹਨ, ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਅਰਾਮ ਕਰਨ ਅਤੇ ਮਨੋਰੰਜਨ ਵਾਸਤੇ ਸਮਾਂ ਚਾਹੀਦਾ ਹੈ। ਜੇ ਉਹ ਬੱਚੇ ਪੈਦਾ ਕਰਦੇ ਹਨ ਤਾਂ ਪਾਲਣ-ਪੋਸ਼ਣ ਨੌਕਰਾਂ ਰਾਹੀਂ ਹੁੰਦਾ ਹੈ। ਜੇ ਮਾਪੇ ਨੌਕਰਾਂ ਵਾਂਗ ਵਿਚਰਨ ਅਤੇ ਓਨਾ ਕੁ ਹੀ ਹੱਕ ਮੰਗਣ ਤਾਂ ਠੀਕ ਹੈ; ਨਹੀਂ ਤਾਂ ਮਾਪਿਆਂ ਲਈ ਆਪਣੇ ਧੀਆਂ ਪੁੱਤਰਾਂ ਦਾ ਘਰ ਉਨ੍ਹਾਂ ਦੇ ਰਹਿਣ ਲਈ ਸਹੀ ਸਥਾਨ ਨਹੀਂ ਹੁੰਦਾ। ਉਨ੍ਹਾਂ ਦੇ ਬੱਚੇ ਵੀ ਆਜ਼ਾਦ ਮਾਹੌਲ ਦੀ ਕਾਮਨਾ ਕਰਦੇ ਹਨ। ਇਸ ਆਜ਼ਾਦ ਮਾਹੌਲ ਵਿੱਚ ਉਨ੍ਹਾਂ ਦੇ ਸਾਥੀ ਮੋਬਾਈਲ ਫੋਨ ਜਾਂ ਲੈਪਟਾਪ ਹੀ ਹੋ ਸਕਦੇ ਹਨ। ਕੋਈ ਸਮਾਂ ਸੀ ਜਦੋਂ ਸਿੱਖਿਆ ਸੰਸਥਾਵਾਂ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਮੋਬਾਈਲ ਦੀ ਵਰਤੋਂ ’ਤੇ ਪਾਬੰਦੀ ਲਾਉਂਦੀਆਂ ਸਨ ਪਰ ਕੋਵਿਡ ਕਾਲ ਦੇ ਸ਼ੁਰੂਆਤੀ ਸਮੇਂ ਵਿੱਚ ਸਿੱਖਿਆ ਸੰਸਥਾਵਾਂ ਦੇ ਇਸ ਅਨੁਸ਼ਾਸਨ ਤੋਂ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਕਤੀ ਮਿਲ ਗਈ।

ਪਿੱਛੇ ਜਿਹੇ ਆਲਮੀ ਪੱਧਰ ’ਤੇ ਸਕੂਲਾਂ ’ਚ ਮੋਬਾਈਲ ਦੀ ਵਰਤੋਂ ’ਤੇ ਪਾਬੰਦੀ ਦੀ ਚਰਚਾ ਹੋਈ। ਕੁਝ ਵਿਕਸਤ ਮੁਲਕਾਂ ਨੇ ਇਹ ਪਾਬੰਦੀ ਆਇਦ ਵੀ ਕੀਤੀ ਹੈ ਪਰ ਇਹ ਪਾਬੰਦੀ ਵਿਆਪਕ ਪੱਧਰ ’ਤੇ ਨਹੀਂ। ਇਸ ਦਾ ਵੱਡਾ ਕਾਰਨ ਹੈ; ਵਪਾਰਕ ਘਰਾਣਿਆਂ ਦਾ ਦਮ ਭਰਨ ਵਾਲੇ ਮੁਲਕ ਇਸ ਬਾਰੇ ਸੋਚ ਵੀ ਨਹੀਂ ਸਕਦੇ। ਸਿੱਖਿਆ, ਵਿਸ਼ੇਸ਼ ਕਰ ਕੇ ਸਕੂਲ ਪੱਧਰ ’ਤੇ ਵਿਦਿਆਰਥੀ ਬਾਲਪਨ ਵਾਲੀ ਅਵਸਥਾ ਵਿੱਚ ਹੁੰਦੇ ਹਨ। 11ਵੀਂ 12ਵੀਂ ਜਮਾਤ ਤੱਕ ਮੋਬਾਈਲ ਫੋਨ ਦੀ ਦੁਰਵਰਤੋਂ ਹੋਣੀ ਕੋਈ ਹੈਰਾਨੀਜਨਕ ਜਾਂ ਸੰਦੇਹ ਵਾਲੀ ਗੱਲ ਨਹੀਂ। ਸਕੂਲ ਪੱਧਰ ਦੇ ਬੱਚੇ ਬਚਪਨ, ਬਾਲਗ ਅਤੇ ਚੜ੍ਹਦੀ ਜਵਾਨੀ ਦੇ ਸਮੇਂ ਵਿੱਚੋਂ ਲੰਘ ਰਹੇ ਹੁੰਦੇ ਹਨ। ਇਸ ਸਮੇਂ ਨੂੰ ਮਨੋਵਿਗਿਆਨੀ ਅਜਿਹੇ ਸਮੇਂ ਦਾ ਨਾਂ ਦਿੰਦੇ ਹਨ ਜਿਸ ਵਿੱਚ ਨਫ਼ੇ-ਨੁਕਸਾਨ ਦੀ ਨਾ ਤਾਂ ਸੋਝੀ ਹੁੰਦੀ ਹੈ ਅਤੇ ਨਾ ਹੀ ਇਸ ਨੂੰ ਗੌਲਿਆ ਜਾਂਦਾ ਹੈ। ਇਸ ਸਮੇਂ ਬਹੁਤ ਵਾਰੀ ਬੱਚਿਆਂ ਤੋਂ ਅਜਿਹੇ ਕਦਮ ਉਠਾਏ ਜਾਂਦੇ ਹਨ ਜਿਹੜੇ ਅੰਤਾਂ ਦੇ ਜੋਖ਼ਿਮ ਵਾਲੇ ਹੋ ਸਕਦੇ ਹਨ। ਬਚਪਨ ਤੋਂ ਅੱਗੇ ਤਾਂ ਵਿਦਿਆਰਥੀ ਆਪਣੇ ਮਾਪਿਆਂ ਦੀ ਕਿਸੇ ਕੰਮ ਵਿੱਚ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਨੂੰ ਸਿੱਧੇ ਰੂਪ ਵਿੱਚ ਠੀਕ ਜਾਂ ਗ਼ਲਤ ਆਖਣਾ ਆਪਣੇ ਆਪ ਵਿੱਚ ਜੋਖ਼ਿਮ ਸਾਬਤ ਹੋ ਸਕਦਾ ਹੈ। ਸਾਡੇ ਮਾਪੇ ਜਾਂ ਫਿਰ ਅਧਿਆਪਕ ਵੀ ਇੰਨੇ ਗਿਆਤਾ ਨਹੀਂ ਹੁੰਦੇ ਕਿ ਉਹ ਬੱਚਿਆਂ ਦੇ ਮਨ ਦੀ ਨਬਜ਼ ਟੋਹ ਕੇ ਰਸਤਾ ਦਿਖਾ ਸਕਣ ਦੀ ਸਮਰੱਥਾ ਰੱਖਦੇ ਹੋਣ। ਅਜਿਹੇ ਹਾਲਾਤ ’ਚ ਅਧਿਅਪਕ ਆਪਣੇ ਵਿਦਿਆਰਥੀਆਂ ਦੀ ਸੁਚੱਜੀ ਅਗਵਾਈ ਕਰ ਹੀ ਨਹੀਂ ਸਕਦੇ। ਜ਼ਿਆਦਾਤਰ ਬੱਚੇ ਆਪਣੇ ਵਾਸਤੇ ਖੂਹ ਪੁੱਟਣ ਵਾਲਾ ਕੰਮ ਕਰਨ ਵਾਲੇ ਬਣ ਸਕਦੇ ਹਨ। ਲੋੜ ਇਸ ਬਿਮਾਰੀ ਤੋਂ ਬਚਾਉ ਦੇ ਰਾਹ ਲੱਭਣ ਦੀ ਹੈ।

---

# ਅੱਖਾਂ ਵਿਚੋਂ ਸਿੰਮਦੀ ਉਦਾਸੀ

**ਲਿਖਤ : ਮਨਸ਼ਾ ਰਾਮ ਮੱਕੜ,**
**ਸੰਪਰਕ:** 98144-39224



ਲੰਮੇ ਸਮੇਂ ਤੋਂ ਜ਼ਿਲ੍ਹਾ ਕਚਹਿਰੀ ਵਿੱਚ ਟਾਈਪਿਸਟ ਵਜੋਂ ਕੰਮ ਕਰ ਰਿਹਾ ਹਾਂ। ਆਸ ਪਾਸ ਦੇ ਪਿੰਡਾਂ ਦੇ ਬਹੁਤ ਲੋਕਾਂ ਨਾਲ ਨੇੜਤਾ ਤੇ ਸਾਂਝ ਬਣ ਗਈ ਹੈ। ਉਹ ਕੰਮ ਕਰਵਾਉਣ ਆਏ ਆਪਣੀਆਂ ਪਰਿਵਾਰਕ ਗੱਲਾਂ ਅਤੇ ਦੁੱਖ ਸੁੱਖ ਵੀ ਸਾਂਝੇ ਕਰ ਲੈਂਦੇ ਹਨ। ਉਸ ਦਿਨ ਫੌਜਾ ਸਿੰਘ ਕੰਮ ਕਰਵਾਉਣ ਆਇਆ ਤਾਂ ਉਸ ਦਾ ਚਿਹਰਾ ਉਦਾਸ ਸੀ। ਪਹਿਲਾਂ ਜਦੋਂ ਵੀ ਆਉਂਦਾ ਤਾਂ ਉਸ ਦੇ ਚਿਹਰੇ ’ਤੇ ਰੌਣਕ ਅਤੇ ਆਵਾਜ਼ ਵਿੱਚ ਗੜ੍ਹਕ ਹੁੰਦੀ ਸੀ। ਉਹ ਸਕਾਰਾਤਮਕ ਸੋਚ ਦਾ ਮਾਲਕ ਸੁਲਝਿਆ ਕਿਸਾਨ ਹੈ। ਖੇਤੀਬਾੜੀ ਯੂਨੀਵਰਸਿਟੀ ਦੇ ਸੰਪਰਕ ਵਿੱਚ ਰਹਿ ਕੇ ਨਵੀਆਂ ਤਕਨੀਕਾਂ ਨਾਲ ਖੇਤੀ ਕਰਦਾ ਹੈ। ਉਸ ਦੇ ਦੱਸਣ ਅਨੁਸਾਰ, ਉਸ ਨੇ ਆਪਣੀਆਂ ਛੋਟੀਆਂ ਭੈਣਾਂ ਨੂੰ ਉਚ ਸਿੱਖਿਆ ਦਿਵਾਈ, ਉਨ੍ਹਾਂ ਦੇ ਵਿਆਹ ਮੇਲ ਖਾਂਦੇ ਚੰਗੇ ਪਰਿਵਾਰਾਂ ਵਿੱਚ ਕੀਤੇ। 1947 ਦੀ ਵੰਡ ਸਮੇਂ ਅਲਾਟ ਹੋਇਆ ਖਸਤਾ ਹਾਲ ਰਿਹਾਇਸ਼ੀ ਮਕਾਨ ਢਾਹ ਕੇ ਲੋੜ ਅਨੁਸਾਰ ਨਵਾਂ ਘਰ ਉਸਾਰਿਆ। ਉਸ ਦਾ ਇਕ ਪੁੱਤਰ ਅਤੇ ਇਕ ਧੀ ਹੈ। ਦੋਵੇਂ ਬੱਚੇ ਹੋਣਹਾਰ, ਮਿਲਣਸਾਰ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਹਨ। ਉਸ ਨੇ ਦੱਸਿਆ: ਮੇਰੀ ਧੀ ਪੜ੍ਹ ਰਹੀ ਹੈ ਅਤੇ ਪੁੱਤਰ ਨੇ ਕਾਨੂੰਨ ਦੀ ਪੜ੍ਹਾਈ ਬੀਏਐੱਲਐੱਲਬੀ ਪੂਰੀ ਕਰ ਲਈ ਸੀ। ਪੁੱਤਰ ਨੇ ਵਕਾਲਤ ਕਰਨ ਦੀ ਥਾਂ ਵਿਦੇਸ਼ ਜਾਣ ਦੀ ਖਾਹਿਸ਼ ਦੱਸੀ। ਸਾਡੇ ਕੋਲ ਭਾਵੇਂ ਕਾਫੀ ਜ਼ਮੀਨ ਹੈ ਪਰ ਮੈਂ ਉਸ ਨਾਲ ਸਹਿਮਤ ਹੋ ਗਿਆ ਕਿ ਪੁੱਤਰ ਵਿਦੇਸ਼ ਵਿੱਚ ਕਮਾਈ ਕਰੇਗਾ ਅਤੇ ਚਾਰ ਕਿੱਲੇ ਜ਼ਮੀਨ ਹੋਰ ਜੁੜ ਜਾਵੇਗੀ। ਪੁੱਤਰ ਨੇ ਵਿਦੇਸ਼ ਜਾਣ ਲਈ ਕੇਸ ਮੁਕੰਮਲ ਕਰ ਕੇ ਫਾਈਲ ਕੈਨੇਡੀਅਨ ਅੰਬੈਸੀ ਵਿੱਚ ਲਾ ਦਿੱਤੀ। ਮਹੀਨੇ ਵਿੱਚ ਹੀ ਵੀਜ਼ਾ ਲੱਗ ਗਿਆ ਤੇ ਉਹ ਤਿਆਰੀ ਕਰ ਕੇ ਕੈਨੇਡਾ ਚਲਾ ਗਿਆ।

ਦੋ ਸਾਲ ਬਾਅਦ ਉਹ ਕੈਨੇਡਾ ਤੋਂ ਵਾਪਸ ਆਇਆ। ਉਥੇ ਉਹਨੇ ਮਿਹਨਤ ਕਰ ਕੇ ਕਮਾਈ ਕੀਤੀ। ਉਹਦਾ ਵਿਆਹ ਉਹਦੀ ਸਹਿਮਤੀ ਨਾਲ ਉਚ ਸਿੱਖਿਆ ਪ੍ਰਾਪਤ ਲੜਕੀ ਨਾਲ ਕਰ ਦਿੱਤਾ। ਉਹ ਆਪਣੀ ਪਤਨੀ ਦਾ ਵੀ ਕੈਨੇਡਾ ਦਾ ਵੀਜ਼ਾ ਲਗਵਾ ਕੇ ਉਹਨੂੰ ਨਾਲ ਲੈ ਗਿਆ।

ਉਥੇ ਦੋਵਾਂ ਨੇ ਮਿਹਨਤ ਕਰ ਕੇ ਛੋਟਾ ਮਕਾਨ ਖਰੀਦ ਲਿਆ। ਦੋ ਸਾਲ ਹੋਰ ਲੰਘ ਗਏ ਜਦੋਂ ਸੁਨੇਹਾ ਮਿਲਿਆ ਕਿ ਪੁੱਤਰ ਦੇ ਘਰ ਪੁੱਤਰ ਨੇ ਜਨਮ ਲਿਆ ਹੈ। ਪਤਾ ਲੱਗਣ ’ਤੇ ਸਾਡੇ ਘਰ ਪਰਿਵਾਰ ਵਿੱਚ ਖੁਸ਼ੀਆਂ ਦਾ ਕੋਈ ਅੰਤ ਨਹੀਂ ਸੀ। ਪਤਨੀ ਕਹਿਣ ਲੱਗੀ ਕਿ ਪੁੱਤਰ ਨੂੰ ਕਹੋ, ਆ ਕੇ ਮਿਲ ਜਾਵੇ। ਪੋਤਰੇ ਨੂੰ ਦੇਖਣ ਦੀ ਤਾਂਘ ਸੀ। ਪੁੱਤਰ ਨੂੰ ਭਾਰਤ ਆਉਣ ਲਈ ਕਿਹਾ। ਉਹਨੇ ਸਲਾਹ ਦਿੱਤੀ ਕਿ ਭੈਣ ਨੇ ਪੜ੍ਹਾਈ ਪੂਰੀ ਕਰ ਲਈ ਹੈ, ਉਸ ਵਾਸਤੇ ਯੋਗ ਲੜਕਾ ਲੱਭੋ, ਉਸ ਦੀ ਸ਼ਾਦੀ ਸਮੇਂ ਹੀ ਆਵਾਂਗੇ। ਅਸੀਂ ਪਤੀ ਪਤਨੀ ਉਮਰ ਦੇ ਵਧਦਿਆਂ ਢਿੱਲੇ ਮੱਠੇ ਰਹਿਣ ਲਗੇ। ਮੈਨੂੰ ਗੋਡਿਆਂ ਅਤੇ ਬਲੱਡ ਪ੍ਰੈੱਸ਼ਰ ਦੀ ਤਕਲੀਫ ਰਹਿਣ ਲੱਗ ਪਈ। ਘਰ ਅਤੇ ਖੇਤੀ ਦੇ ਕੰਮ ਕਰਨੇ ਔਖੇ ਹੁੰਦੇ ਗਏ। ਜਾਣਕਾਰਾਂ ਅਤੇ ਰਿਸ਼ਤੇਦਾਰਾਂ ਦੀ ਸਹਾਇਤਾ ਨਾਲ ਧੀ ਦੀ ਸ਼ਾਦੀ ਲਈ ਪੜ੍ਹਿਆ ਲਿਖਿਆ, ਸੁਨੱਖਾ ਨੌਜਵਾਨ ਲੜਕਾ ਮਿਲ ਗਿਆ। ਲੜਕੇ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਾਰੀ ਜਾਣਕਾਰੀ ਲੈ ਕੇ ਲੜਕੇ ਵਾਲਿਆਂ ਨੂੰ ਹਾਂ ਕਰ ਦਿੱਤੀ, ਉਨ੍ਹਾਂ ਵੀ ਅੱਗਿਓਂ ਹਾਂ ਦਾ ਜਵਾਬ ਹਾਂ ਵਿੱਚ ਦਿੱਤਾ। ਵਿਦੇਸ਼ ਵਿੱਚ ਪੁੱਤਰ ਨੂੰ ਦੱਸਿਆ ਤਾਂ ਉਸ ਕਿਹਾ ਕਿ ਵਿਆਹ ਦਾ ਦਿਨ ਮੁਕਰਰ ਕਰ ਕੇ ਤਿਆਰੀ ਕਰੋ, ਅਸੀਂ ਛੁੱਟੀ ਲੈ ਕੇ ਪਹੁੰਚ ਜਾਵਾਂਗੇ। ਪੁੱਤਰ ਨੂੰ ਫੋਨ ’ਤੇ ਵਿਆਹ ਦੀ ਤਾਰੀਖ ਦਾ ਸੁਨੇਹਾ ਦਿੱਤਾ। ਉਹ ਸ੍ਹਾਦੀ ਤੋਂ ਹਫਤਾ ਪਹਿਲਾਂ ਆਪਣੀ ਪਤਨੀ ਅਤੇ ਬੱਚੇ ਸਮੇਤ ਆ ਗਿਆ। ਉਨ੍ਹਾਂ ਦੇ ਆਉਣ ਨਾਲ ਘਰ ਦੇ ਵਿਹੜੇ ਵਿੱਚ ਰੌਣਕ ਆ ਗਈ, ਪੋਤਰੇ ਨੂੰ ਦੇਖ ਮੈਨੂੰ ਤੇ ਮੇਰੀ ਪਤਨੀ ਨੂੰ ਜਿਵੇਂ ਸਾਰੀਆਂ ਤਕਲੀਫਾਂ ਭੁੱਲ ਗਈਆਂ। ਅਸੀਂ ਪਿਓ ਪੁੱਤਰ, ਦੋਵਾਂ ਨੇ ਵਿਆਹ ਲਈ ਲੋੜੀਂਦਾ ਸਮਾਨ ਖਰੀਦਿਆ ਅਤੇ ਹੋਰ ਸਾਰੇ ਪ੍ਰਬੰਧ ਕੀਤੇ। ਵਿਆਹ ਬਹੁਤ ਹੀ ਖੁਸ਼ੀ ਅਤੇ ਸੁਖਾਵੇਂ ਮਾਹੌਲ ਵਿੱਚ ਹੋਇਆ। ਸਮਾਂ ਜਿਵੇਂ ਅੱਖ ਝਪਕਦਿਆਂ ਹੀ ਲੰਘ ਗਿਆ ਹੋਵੇ। ਇੱਕ ਦਿਨ ਮੇਰੀ ਪਤਨੀ ਸੋਚਾਂ ਵਿੱਚ ਡੁੱਬੀ ਬੈਠੀ ਸੀ। ਪੁੱਛਿਆ ਤਾਂ ਕਹਿਣ ਲੱਗੀ ਕਿ ਪੁੱਤਰ ਵਾਪਸ ਕੈਨੇਡਾ ਚਲਾ ਗਿਆ ਤਾਂ ਆਪਾਂ ਦੋਵੇਂ ਦਿਨ ਕਟੀ ਕਿਵੇਂ ਕਰਾਂਗੇ? ਸੁੰਨਾ ਘਰ ਵੱਢ-ਵੱਢ ਖਾਊਗਾ। ਤੁਸੀਂ ਉਹਨੂੰ ਕਹੋ, ਕੈਨੇਡਾ ਛੱਡ ਦੇਵੇ ਤੇ ਇੱਥੇ ਰਹੇ। ਮੈਂ ਉਸ ਨਾਲ ਸਹਿਮਤ ਹੁੰਦਿਆਂ ਪੁੱਤਰ ਨੂੰ ਕਿਹਾ ਕਿ ਕੈਨੇਡਾ ਵਾਪਸ ਨਾ ਜਾਵੇ, ਇੱਥੇ ਰਹੇ; ਆਪਣਾ ਕੈਨੇਡਾ ਇੱਥੇ ਹੀ ਹੈ। ਪੈਂਤੀ ਏਕੜ ਉਪਜਾਊ ਜ਼ਮੀਨ ਹੈ, ਇਸ ਨੂੰ ਸੰਭਾਲ। ਉਹ ਚੁੱਪ ਰਿਹਾ, ਕੋਈ ਜਵਾਬ ਨਾ ਦਿੱਤਾ। ਮਹੀਨੇ ਬਾਅਦ ਹੀ ਪੁੱਤਰ ਅਤੇ ਨੂੰਹ ਆਪਣਾ ਸਮਾਨ ਇਕੱਠਾ ਕਰ ਕੇ ਅਟੈਚੀਕੇਸਾਂ ਵਿੱਚ ਪਾ ਰਹੇ ਸਨ। ਮੈਨੂੰ ਹੈਰਾਨੀ ਹੋਈ। ਪੁੱਛਣ ’ਤੇ ਕਹਿਣ ਲੱਗਿਆ, ਮੇਰੀ ਛੁੱਟੀ ਸਿਰਫ ਤਿੰਨ ਦਿਨ ਦੀ ਰਹਿ ਗਈ ਹੈ, ਕੱਲ੍ਹ ਅਸੀਂ ਵਾਪਸ ਜਾਣਾ ਹੈ। ਇਹ ਸੁਣ ਕੇ ਜ਼ੋਰਦਾਰ ਝਟਕਾ ਲੱਗਿਆ। ਮੈਨੂੰ ਕੁਝ ਸੁੱਝ ਨਹੀਂ ਰਿਹਾ ਸੀ। ਥੋੜ੍ਹਾ ਸੰਭਲਣ ’ਤੇ ਮੈਂ ਪੁੱਤਰ ਨੂੰ ਕਿਹਾ ਕਿ ਘੱਟੋ-ਘੱਟ ਮਹੀਨਾ ਹੋਰ ਰੁਕ ਜਾਓ। ਗੋਡਿਆਂ ਦੀ ਤਕਲੀਫ ਕਰ ਕੇ ਮੈਂ ਲੰਮੇ ਸਮੇਂ ਤੋਂ ਰਿਸ਼ਤੇਦਾਰੀਆਂ ਅਤੇ ਨਜ਼ਦੀਕੀਆਂ ਕੋਲ ਦੁੱਖ ਸੁੱਖ ’ਤੇ ਨਹੀਂ ਜਾ ਸਕਿਆ। ਉਨ੍ਹਾਂ ਨੂੰ ਮਿਲਵਾ ਲਿਆ। ਪੁੱਤਰ ਕਹਿਣ ਲੱਗਿਆ, “ਪਾਪਾ, ਮਹੀਨਾ ਤਾਂ ਕੀ, ਮੈਂ ਇਕ ਦਿਨ ਵੀ ਵੱਧ ਨਹੀਂ ਰੁਕ ਸਕਦਾ, ਛੁੱਟੀ ਖ਼ਤਮ ਹੋਣ ’ਤੇ ਮੈਂ ਕੰਮ ’ਤੇ ਪਰਤਣਾ ਹੈ। ਜੇ ਨਾ ਪਹੁੰਚਿਆ ਤਾਂ ਨੌਕਰੀ ਤੋਂ ਜਵਾਬ ਮਿਲ ਜਾਵੇਗਾ। ਸਾਡੇ ਕੋਲ ਰਿਟਰਨ ਟਿਕਟਾਂ ਹਨ।”

ਮੈਂ ਬੇਵੱਸ ਹੋ ਗਿਆ। ਅਖ਼ੀਰ ਮੇਰੀ ਪਤਨੀ ਨੇ ਉਹਨੂੰ ਕਿਹਾ, “ਪੁੱਤ, ਇੱਕ ਬੱਚਾ ਤੁਹਾਡੇ ਕੋਲ ਹੈ, ਇਕ ਬੱਚਾ ਹੋਰ ਬਣਾ ਲਓ, ਤੇ ਉਹ ਸਾਨੂੰ ਦੇ ਦਿਓ। ਅਸੀਂ ਉਸ ਦੇ ਆਹਰੇ ਲੱਗੇ ਰਹਾਂਗੇ ਤੇ ਸਾਡੀ ਰਹਿੰਦੀ ਜ਼ਿੰਦਗੀ ਸੌਖੀ ਲੰਘ ਜਾਵੇਗੀ।” ਇਹ ਦੱਸਦਿਆਂ ਫੌਜਾ ਸਿੰਘ ਦੀਆਂ ਅੱਖਾਂ ਭਰ ਆਈਆਂ। ਅਗਾਂਹ ਉਸ ਤੋਂ ਕੁਝ ਬੋਲਿਆ ਨਹੀਂ ਗਿਆ।




# ਗੁਰਦੇ ਦੀ ਪੱਥਰੀ ਦੇ ਕਾਰਣ ਅਤੇ ਘਰੇਲੂ ਇਲਾਜ



ਲਿਖਤ
ਵੈਦ ਅਮਨਦੀਪ ਸਿੰਘ ਬਾਪਲਾ
99146-11496

*ਪੱਥਰੀ ਦੀ ਸਮੱਸਿਆ ਆਮ ਸਮੱਸਿਆ ਹੈ। ਇਸ ਬੀਮਾਰੀ 'ਚ ਮਰੀਜ ਨੂੰ ਭਾਰੀ ਦਰਦ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਪੁਰਾਣੇ ਸਮੇਂ 'ਚ ਇਹ ਬੀਮਾਰੀ 60 ਸਾਲ ਦੀ ਉਮਰ 'ਚ ਹੀ ਹੁੰਦੀ ਸੀ ਪਰ ਹੁਣ ਇਸ ਬੀਮਾਰੀ ਹਰ ਚੌਥੇ-ਪੰਜਵੇਂ ਇਨਸਾਨ ਦੀ ਸਮੱਸਿਆ ਬਣ ਗਈ ਹੈ।*

ਪਰ ਪੱਥਰੀ ਤੋਂ ਛੁਟਕਾਰਾ ਪਾਉਣ ਲਈ ਲੋਕ ਬਹੁਤ ਸਾਰੀਆਂ ਦਵਾਈਆਂ ਦੀ ਵੀ ਵਰਤੋਂ ਕਰਦੇ ਹਨ। ਕਈ ਵਾਰ ਇਹ ਪੱਥਰੀ ਕਾਫ਼ੀ ਵੱਡੀ ਹੋ ਜਾਂਦੀ ਹੈ। ਜਿਸ ਕਾਰਨ ਸਰਜਰੀ ਵੀ ਕਰਵਾਉਣੀ ਪੈਂਦੀ ਹੈ ਪਰ ਕੁਝ ਘਰੇਲੂ ਨੁਸਖਿਆਂ ਨਾਲ ਅਸੀਂ ਇਸ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹਾਂ।

### ਕਾਰਣ

ਸਰੀਰ ਵਿਚ ਜਦੋਂ ਕੈਲਸ਼ੀਅਮ ਅਤੇ ਕੋਲੈਸਟਰੋਲ ਦੀ ਮਾਤਰਾ ਵਧ ਜਾਂਦੀ ਹੈ ਤਾਂ ਪੱਥਰੀ ਬਣ ਜਾਂਦੀ ਹੈ। ਜੇਕਰ ਇਸ ਦਾ ਸਮੇਂ 'ਤੇ ਇਲਾਜ ਕਰਵਾਇਆ ਜਾਵੇ ਤਾਂ ਇਸ ਨਾਲ ਹੋਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

### ਲੱਛਣ

ਯੂਰਿਨ ਕਰਦੇ ਸਮੇਂ ਤੇਜ਼ ਦਰਦ ਹੋਣਾ।

ਯੂਰਿਨ 'ਚੋਂ ਜ਼ਿਆਦਾ ਬਦਬੂ ਆਉਣਾ।

ਕਿਡਨੀ ਜਾਂ ਫਿਰ ਢਿੱਡ 'ਚ ਸੋਜ ਹੋਣੀ।

ਗੁਰਦੇ ਦੀ ਪੱਥਰੀ 'ਚ ਕੀ ਖਾਣਾ ਚਾਹੀਦਾ ਹੈ ?

- ਖਰਬੂਜੇ ਦੇ ਬੀਜ, ਮੂਲੀ, ਆਂਵਲਾ, ਜੌਂ, ਮੂੰਗ ਦੀ ਦਾਲ, ਚੌਲਾਈ ਦਾ ਸਾਗ ਅਤੇ ਪਾਣੀ ਦੀ ਵਰਤੋਂ ਕਰ ਸਕਦੇ ਹੋ।

ਗੁਰਦੇ ਦੀ ਪੱਥਰੀ ਦੀ ਬੀਮਾਰੀ ਹੋਣ 'ਤੇ ਕੀ ਨਹੀਂ ਖਾਣਾ ਚਾਹੀਦਾ?

ਉੜਦ ਦੀ ਦਾਲ, ਮੇਵੇ, ਚੌਕਲੇਟ, ਮਾਸ, ਚਾਹ, ਬੈਂਗਨ, ਟਮਾਟਰ, ਅਤੇ ਚਾਵਲ ਨਾ ਖਾਓ।

ਪੱਥਰੀ ਦੀ ਸਮੱਸਿਆ ਹੋਣ ਤੇ ਦੂਰ ਕਰਨ ਦੇ ਘਰੇਲੂ ਨੁਸਖੇ



### ਜੂਸ

ਇੱਕ ਨਿੰਬੂ ਦਾ ਰਸ , 5 ਟੁੱਕੜੇ ਤਰਬੂਜ਼ ਦੇ , 5 ਬਰਫ ਦੇ ਟੁੱਕੜੇ , ਇੱਕ ਸੰਤਰਾ , ਇੱਕ ਸੇਬ ਇਹ ਸਭ ਮਿਲਾ ਕੇ ਮਿਕਸੀ ਵਿਚ ਪੀਸ ਲਓ , ਜੂਸ ਬਣਾ ਕੇ ਰੋਜ਼ਾਨਾ ਸੇਵਨ ਕਰੋ । ਕੁਝ ਦਿਨਾਂ ਵਿੱਚ ਹੀ ਤੁਹਾਨੂੰ ਫਾਇਦਾ ਮਿਲੇਗਾ ।

### ਪੱਥਰ ਚੱਟ

ਪੱਥਰੀ ਨੂੰ ਕੱਢਣ ਲਈ 8-10 ਪੱਤੇ ਪੱਥਰਚਟ ਦੇ 25 ਗ੍ਰਾਮ ਜਵਾਖਾਰ ਇੱਕ ਪਾਣੀ ਗਿਲਾਸ ਵਿੱਚ ਮਿਲਾ ਕੇ ਮਿਕਸੀ ਵਿਚ ਪੀਸੋ । ਪੀਸਣ ਤੋਂ ਬਾਅਦ 7 ਗਿਲਾਸ ਪਾਣੀ ਮਿਲਾ ਕੇ ਇਕ ਕੱਚ ਦੇ ਬਰਤਨ ਵਿੱਚ ਰੱਖੋ । ਰੋਜ਼ਾਨਾ 2-3 ਗਿਲਾਸ ਪਾਣੀ ਪੀਓ । ਇਹ ਪਾਣੀ ਪੀਣ ਤੋਂ ਅੱਧਾ ਘੰਟਾ ਪਹਿਲਾਂ ਕੁਝ ਨਾ ਖਾਓ ਅਤੇ ਖੂਬ ਪਾਣੀ ਪੀਓ। ਇਸ ਤਰ੍ਹਾਂ ਰੋਜ਼ਾਨਾ ਕਰਨ ਨਾਲ ਪੱਥਰੀ ਇੱਕ ਹਫ਼ਤੇ ਵਿੱਚ ਪਿਸ਼ਾਬ ਰਾਹੀਂ ਨਿਕਲ ਜਾਵੇਗੀ । (ਪੱਥਰਚਟ ਇੱਕ ਪੌਦਾ ਹੁੰਦਾ ਹੈ ਜੋ ਨਰਸਰੀ ਤੋਂ ਮਿਲ ਜਾਵੇਗਾ , ਜਵਾਖਾਰ ਇਹ ਪੰਸਾਰੀ ਦੀ ਦੁਕਾਨ ਤੋਂ ਮਿਲ ਜਾਵੇਗਾ ।)

### ਪਿਆਜ਼

ਪਿਆਜ਼ ਪੱਥਰੀ ਦੇ ਇਲਾਜ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ । ਜੇਕਰ ਰੋਜ਼ਾਨਾ ਸਵੇਰੇ ਖਾਲੀ ਪੇਟ 70 ਗ੍ਰਾਮ ਪਿਆਜ਼ ਦਾ ਜੂਸ ਪੀਣ ਨਾਲ ਸਰੀਰ ਵਿੱਚ ਜੰਮੀ ਹੋਈ ਪੱਥਰੀ ਬਾਹਰ ਆ ਜਾਵੇਗੀ ।

### ਕਰੇਲੇ ਦਾ ਜੂਸ

ਪੱਥਰੀ ਦੇ ਇਲਾਜ ਲਈ ਕੇਲੇ ਦਾ ਸੇਵਨ ਬਹੁਤ ਹੀ ਫਾਇਦੇਮੰਦ ਹੈ , ਕਿਉਂਕਿ ਇਹ ਪੱਥਰੀ ਨੂੰ ਤੋੜਦਾ ਹੈ । ਕਰੇਲੇ ਦਾ ਸੇਵਨ ਤੁਸੀਂ ਜੂਸ ਦੇ ਰੂਪ ਵਿੱਚ ਅਤੇ ਸਬਜ਼ੀ ਦੇ ਰੂਪ ਵਿੱਚ ਵੀ ਕਰ ਸਕਦੇ ਹੋ ।

### ਨਿੰਬੂ ਦਾ ਰਸ

4 ਚਮਚ ਨਿੰਬੂ ਦਾ ਰਸ ਅਤੇ 4 ਚਮਚ ਆਲਿਵ/ਜੈਤੂਨ ਦਾ ਤੇਲ ਲਓ । ਇਨ੍ਹਾਂ ਵਿੱਚ ਥੋੜ੍ਹਾ ਪਾਣੀ ਮਿਲਾ ਕੇ ਸੇਵਨ ਕਰੋ । ਇਸ ਨੁਸਖੇ ਦਾ ਉਪਯੋਗ ਲਗਾਤਾਰ 3 ਦਿਨ ਵਿਚ 2-3 ਵਾਰ ਕਰੋ। ਇਹ ਨੁਸਖਾ 4-5 ਦਿਨ ਵਿਚ ਪੱਥਰੀ ਨੂੰ ਬਾਹਰ ਕੱਢ ਦੇਵੇਗਾ ।

### ਪੱਥਰਚੱਟ ਅਤੇ ਮਿਸ਼ਰੀ

ਇੱਕ ਪੱਤਾ ਪੱਥਰਚਟ ਅਤੇ 5 ਦਾਣੇ ਮਿਸ਼ਰੀ ਦੇ ਮਿਲਾ ਕੇ ਇੱਕ ਗਿਲਾਸ ਪਾਣੀ ਨਾਲ ਸੇਵਨ ਕਰੋ । ਪੱਥਰੀ ਦੀ ਸਮੱਸਿਆ ਖਤਮ ਹੋ ਜਾਵੇਗੀ ।

### ਮੂਲੀ ਦਾ ਰਸ

ਆਯੁਰਵੈਦਿਕ ਦੇ ਅਨੁਸਾਰ ਰੋਜ਼ਾਨਾ ਇੱਕ ਗਿਲਾਸ ਮੂਲੀ ਦਾ ਰਸ ਪੀਣ ਨਾਲ ਪੱਥਰੀ ਜਲਦੀ ਹੀ 21 ਦਿਨਾਂ ਦੇ ਅੰਦਰ ਅੰਦਰ ਨਿਕਲ ਜਾਂਦੀ ਹੈ.

(ਅਮਨ ਆਯੁਰਵੈਦਿਕ ਅਤੇ ਨੈਰੋਥੈਰਪੀ ਸੈਂਟਰ ਤੋ 2 ਦਿਨ ਦਵਾਈ ਖਾਣ ਨਾਲ ਪੱਥਰੀ ਖੁਰਕੇ ਨਿਕਲ ਜਾਂਦੀ ਹੈ ਜੀ )

## ਦਿਲ ਲਈ ਫਾਇਦੇਮੰਦ ਹੈ
# ਕੱਚਾ ਨਾਰੀਅਲ

### ਕਬਜ਼ ਤੋਂ ਰਾਹਤ

ਫਾਈਬਰ ਨਾਲ ਭਰਪੂਰ ਕੱਚਾ ਨਾਰੀਅਲ ਜੇਕਰ ਰਾਤ ਨੂੰ ਸੌਣ ਤੋਂ ਪਹਿਲਾਂ ਖਾ ਲਿਆ ਜਾਵੇ ਤਾਂ ਕਬਜ਼ ਦੀ ਸਮੱਸਿਆ ਨਹੀਂ ਹੁੰਦੀ। ਇਸ ਨਾਲ ਢਿੱਡ ਦੀਆਂ ਹੋਰ ਸਾਰੀਆਂ ਸਮੱਸਿਆਵਾਂ ਵੀ ਖਤਮ ਹੋ ਜਾਂਦੀਆਂ ਹਨ। ਇਸ ਲਈ ਜੇਕਰ ਤੁਹਾਨੂੰ ਕਬਜ਼ ਜਾਂ ਇਸ ਨਾਲ ਸੰਬੰਧਿਤ ਢਿੱਡ ਦੀ ਕੋਈ ਹੋਰ ਸਮੱਸਿਆ ਹੈ। ਇਸ ਲਈ ਰਾਤ ਨੂੰ ਸੌਣ ਤੋਂ ਥੋੜ੍ਹਾ ਪਹਿਲਾਂ ਕੱਚੇ ਨਾਰੀਅਲ ਦਾ ਸੇਵਨ ਕਰਨਾ ਬਹੁਤ ਅਸਰਦਾਰ ਹੋਵੇਗਾ।

### ਦਿਲ ਲਈ ਫਾਇਦੇਮੰਦ

ਸੌਣ ਤੋਂ ਪਹਿਲਾਂ ਕੱਚਾ ਨਾਰੀਅਲ ਖਾਣਾ ਦਿਲ ਦੀ ਸਿਹਤ ਲਈ ਵੀ ਚੰਗਾ ਹੁੰਦਾ ਹੈ। ਇਸ 'ਚ ਮੌਜੂਦ ਚਰਬੀ ਸਰੀਰ 'ਚ ਚੰਗੇ ਕੋਲੈਸਟ੍ਰੋਲ ਦੇ ਪੱਧਰ ਨੂੰ ਸੁਧਾਰ ਸਕਦੀ ਹੈ। ਇਸ ਤਰ੍ਹਾਂ ਨਾਰੀਅਲ ਦਿਲ ਨਾਲ ਜੁੜੀਆਂ ਸਮੱਸਿਆਵਾਂ ਦੇ ਖਤਰੇ ਨੂੰ ਘੱਟ ਕਰ ਸਕਦਾ ਹੈ।

### ਭਾਰ ਕਰੇ ਕੰਟਰੋਲ

ਅੱਜ ਕੱਲ੍ਹ ਹਰ ਦੂਜਾ ਆਦਮੀ ਭਾਰ ਵਧਣ ਦੀ ਸਮੱਸਿਆ ਤੋਂ ਪ੍ਰੇਸ਼ਾਨ ਹੈ। ਸਰੀਰ ਦੀ ਵਾਧੂ ਚਰਬੀ ਨੂੰ ਘੱਟ ਕਰਨਾ ਇਕ ਵੱਡੀ ਸਮੱਸਿਆ ਬਣ ਗਈ ਹੈ ਪਰ ਇਸ 'ਚ ਨਾਰੀਅਲ ਬਹੁਤ ਕਾਰਗਰ ਸਾਬਤ ਹੋ ਸਕਦਾ ਹੈ। ਸੌਣ ਤੋਂ ਪਹਿਲਾਂ ਨਾਰੀਅਲ ਖਾਣ ਨਾਲ ਇਸ 'ਚ ਮੌਜੂਦ ਫਾਈਬਰ ਨਾ ਸਿਰਫ ਕਬਜ਼ ਵਰਗੀਆਂ ਸਮੱਸਿਆਵਾਂ ਨੂੰ ਦੂਰ ਰੱਖ ਕੇ ਪਾਚਨ



ਤੰਤਰ ਨੂੰ ਠੀਕ ਰੱਖਦਾ ਹੈ। ਸਗੋਂ ਇਹ ਤੁਹਾਡੇ ਸਰੀਰ ਦੀ ਵਾਧੂ ਚਰਬੀ ਨੂੰ ਘਟਾਉਣ 'ਚ ਵੀ ਮਦਦਗਾਰ ਹੈ। ਇਸ ਤੋਂ ਇਲਾਵਾ ਕੱਚਾ ਨਾਰੀਅਲ ਖਾਣ ਨਾਲ ਸਾਡੇ ਸਰੀਰ ਦਾ ਮੇਟਾਬੋਲਿਜ਼ਮ ਵੀ ਠੀਕ ਰਹਿੰਦਾ ਹੈ।

### ਚਮੜੀ ਲਈ ਲਾਭਕਾਰੀ

ਚਮੜੀ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਜਿਵੇਂ ਕਿ ਮੁਹਾਸੇ ਜਾਂ ਦਾਗ-ਧੱਬੇ ਨੂੰ ਦੂਰ ਕਰਨ ਲਈ ਨਾਰੀਅਲ ਬਹੁਤ ਫਾਇਦੇਮੰਦ ਹੁੰਦਾ ਹੈ। ਰਾਤ ਨੂੰ ਸੌਣ ਤੋਂ ਅੱਧਾ ਘੰਟਾ ਪਹਿਲਾਂ ਕੱਚੇ ਨਾਰੀਅਲ ਦਾ ਸੇਵਨ ਕਰਨ ਨਾਲ ਚਮੜੀ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

### ਨੀਂਦ ਦੀ ਘਾਟ

ਅੱਜ ਦੇ ਰੁਝੇਵਿਆਂ ਭਰੇ ਯੁੱਗ 'ਚ ਨੀਂਦ ਨਾ ਆਉਣ ਦੀ ਸਮੱਸਿਆ ਆਮ ਹੋ ਗਈ ਹੈ। ਜੇਕਰ ਤੁਸੀਂ ਵੀ ਅਜਿਹੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ ਤਾਂ ਸੌਣ ਤੋਂ ਅੱਧਾ ਘੰਟਾ ਪਹਿਲਾਂ ਕੱਚਾ ਨਾਰੀਅਲ ਖਾਓ। ਇਸ ਨਾਲ ਤੁਹਾਡੀ ਨੀਂਦ ਨਾ ਆਉਣ ਦੀ ਸਮੱਸਿਆ ਦੂਰ ਹੋ ਜਾਂਦੀ ਹੈ ਅਤੇ ਤੁਹਾਨੂੰ ਚੰਗੀ ਨੀਂਦ ਆਉਣ ਲੱਗ ਜਾਵੇਗੀ।

# ਕੈਂਸਰ ਦੀ ਸੁਨਾਮੀ ਦੀ ਸੰਭਾਵਨਾ ਚਿੰਤਾਜਨਕ

ਲਿਖਤ : ਸੁਖਪਾਲ ਸਿੰਘ ਗਿੱਲ, 9878111445

ਪ੍ਰਸਿੱਧ ਦਾਰਸ਼ਨਿਕ ਕਨਫਿਊਸ਼ੀਅਸ ਦਾ ਕਥਨ ਹੈ ਕਿ ਗਲਤੀ ਦਾ ਗਿਆਨ ਹੋ ਜਾਣ ਤੇ ਫੇਰ ਗਲਤੀ ਨਾ ਸੁਧਰੇ ਤਾਂ ਅਗਲੀ ਗਲਤੀ ਜ਼ਰੂਰ ਹੋ ਜਾਂਦੀ ਹੈ । ਇਹ ਤੱਥ ਬਿਮਾਰੀਆਂ ਸਬੰਧੀ ਸਾਡੀ ਮਾਨਸਿਕਤਾ ਉੱਤੇ ਢੁੱਕਦਾ ਹੈ । ਕੈਂਸਰ ਬਾਰੇ ਬਹੁਤ ਕੁਝ ਪਰਖਿਆ ਪੜਚੋਲਿਆ ਗਿਆ ਪਰ ਗਲਤੀ ਦੀ ਗੁੰਜਾਇਸ਼ ਹੁੰਦੀ ਗਈ । ਅਮਰੀਕਾ ਵਿੱਚ ਕਲੀਵਲੈਂਡ ਕਲੀਨਿਕ ਵਿਭਾਗ ਦੇ ਮੁੱਖੀ ਡਾ. ਜਾਮੇ ਇਬਰਾਹਿਮ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਵਿੱਚ ਜਿਸ ਤਰ੍ਹਾਂ ਗੰਭੀਰ ਬਿਮਾਰੀਆਂ ਵੱਧਦੀਆਂ ਹਨ । ਉਹਨਾਂ ਦੀ ਰੋਕਥਾਮ ਅਤੇ ਉਪਚਾਰ ਤੇਜ਼ੀ ਨਾਲ ਕਰੇ । ਸੰਸਾਰ ਸਿਹਤ ਸੰਸਥਾ ਦੀ ਰਿਪੋਰਟ ਵਿੱਚ ਕੋਡ ਹੋਇਆ ਹੈ ਕਿ 2020 ਵਿੱਚ ਕਿ ਕੈਂਸਰ ਦੇ ਪਸਾਰ ਲਈ ਭਾਰਤ ਦਾ ਤੀਜਾ ਨੰਬਰ ਹੈ । ਇਸਦਾ ਮੁੱਖ ਕਾਰਨ ਖਾਣ ਪੀਣ , ਗਲਤ ਜ਼ਿੰਦਗੀ ਜੀਉਣ ਦਾ ਤਰੀਕਾ , ਗਲੋਬਲਾਈਜ਼ੇਸ਼ਨ , ਗਲਤੀ ਦਾ ਦੋਹਰਾਓ ਅਤੇ ਵੱਧਦੀ ਜਨਸੰਖਿਆ ਹੈ । ਕੈਂਸਰ ਬਾਰੇ ਅਖਬਾਰਾਂ , ਮੈਡੀਕਲ ਵਿਭਾਗ ਅਤੇ ਸਰਕਾਰ ਦੇ ਜਾਗਰੂਕ ਕੈਂਪਾ ਰਾਹੀਂ ਉਪਰਾਲੇ ਹੋਣ ਦੇ ਬਾਵਜੂਦ ਵੀ ਜਿਸ ਰਫਤਾਰ ਨਾਲ ਕੈਂਸਰ ਰੋਗ ਵੱਧ ਰਿਹਾ ਹੈ ਉਸਤੋਂ ਇਸਦੀ ਸੁਨਾਮੀ ਦੀ ਸੰਭਾਵਨਾ ਬਣੀ ਹੋਈ ਹੈ । ਇਹ ਵਿਸ਼ਾ ਚਿੰਤਾਜਨਕ ਹੈ ।



ਇਸ ਬਿਮਾਰੀ ਦੇ ਸੰਭਾਵੀ ਖਤਰਿਆਂ ਲਈ ਭਾਰਤ ਨੂੰ ਕੈਂਸਰ ਦੀਆਂ ਦਵਾਈਆਂ , ਆਰਟੀਫੀਸ਼ਲ ਇਨਟੈਲੀਜੈਂਸ ਡੀਜੀਟਲ ਤਕਨੀਕਾਂ ਅਤੇ ਖੋਜਾਂ ਨਾਲ ਮੈਡੀਕਲ ਤਕਨੀਕ ਨੂੰ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ । ਭਾਰਤ ਵਿੱਚ ਆਦਤਾਂ ਅਤੇ ਸ਼ਰੀਰਕ ਅੰਗਾਂ ਕਰਕੇ ਕੈਂਸਰ ਦੀ ਸਮੱਸਿਆ ਮਰਦ ਅਤੇ ਔਰਤ ਦੀ ਬਰਾਬਰ ਜਿਹੀ ਹੀ ਹੈ। ਮਰਦਾਂ ਨੂੰ ਤੰਬਾਕੂ ਨਸ਼ਾ ਗਲਤ ਆਦਤਾਂ ਮਾਰਦੀਆਂ ਹਨ ਜਦੋਂ ਕਿ ਔਰਤ ਨੂੰ ਇਸਦੇ ਨਾਲ — ਨਾਲ ਪ੍ਰਜਣਨ ਅੰਗਾਂ ਦਾ ਕੈਂਸਰ ਵੀ ਮਾਰਦਾ ਹੈ । ਭਾਰਤ ਵਿੱਚ ਇਸ ਰੋਗ ਦੀ ਮੌਤ ਦਰ 2020 ਵਿੱਚ 13.92 ਲੱਖ , 2021 ਵਿੱਚ 14.26 ਲੱਖ ਅਤੇ 2022 ਵਿੱਚ 14.61 ਲੱਖ ਤੱਕ ਸੀ । ਇਸ ਅੰਕੜੇ ਨਾਲ ਕੈਂਸਰ ਸੁਨਾਮੀ ਦੀ ਸ਼ੰਕਾ ਹੋਰ ਗੂੜੀ ਬਣੀ ਰਹਿੰਦੀ ਹੈ। ਭਾਰਤੀ ਲੋਕਾਂ ਨੂੰ ਇਸ ਵਿਸ਼ੇ ਤੇ ਖਾਸ ਤਵੱਜੋ ਦੇਣ ਦੀ ਲੋੜ ਹੈ । ਸਰਕਾਰ ਨੇ 2012 ਤੋਂ ਕੈਂਸਰ ਰੋਗੀਆਂ ਲਈ ਰਾਹਤ ਕੋਸ਼ ਦਾ ਉਪਰਾਲਾ ਕੀਤਾ ਹੋਇਆ ਹੈ । ਪਰ ਇਸ ਨੂੰ ਰੋਕਣ ਅਤੇ ਗਲਤੀ ਸੁਧਾਰਨ ਦਾ ਧਿਆਨ ਨਹੀਂ ਦਿੱਤਾ । ਕੀਟਨਾਸ਼ਕਾ ਨੂੰ ਇਸ ਬਿਮਾਰੀ ਦੀ ਜੜ੍ਹ ਮੰਨਿਆ ਗਿਆ ਸੀ ਕਾਰਨ ਭਾਵੇਂ ਹੋਰ ਵੀ ਹੋਣ । ਅਮਰੀਕਾ ਨੇ 1972 ਵਿੱਚ ਡੀ.ਡੀ.ਟੀ ਤੇ ਪਾਬੰਦੀ ਲਾਈ ਜਦੋਂ ਕਿ ਭਾਰਤ ਨੇ 1989 — 90 ਵਿੱਚ ਇਸ ਦਵਾਈ ਤੇ ਪਾਬੰਦੀ ਲਾਈ । ਸਾਡੇ ਦੇਸ਼ ਵਿੱਚ ਲੁੱਕ ਛਿਪ ਕੇ ਫੇਰ ਵੀ ਚੱਲੀ ਗਈ । ਪੰਜਾਬ ਵਿੱਚ ਪਿੱਛਲੀ ਸਰਕਾਰ ਨੇ 20 ਕੀਟਨਾਸ਼ਕਾ ਤੇ ਪਾਬੰਦੀ ਲਾਈ ਸੀ ਜੋ ਵਧੀਆ ਉਪਰਾਲਾ ਸੀ । ਭਾਰਤ ਵਿੱਚ ਪਦਾਰਥਵਾਦੀ ਦੋੜ ਨੇ ਇਸ ਬਿਮਾਰੀ ਦੀ ਵੱਧਦੀ ਦਰ ਅਤੇ ਮੌਤ ਦਰ ਨਾਲ ਸਿਹਤ ਪੱਖ ਲਈ ਭਵਿੱਖੀ ਵੰਗਾਰ ਖੜੀ ਕੀਤੀ ਹੋਈ ਹੈ । ਹਰੀ ਕ੍ਰਾਂਤੀ ਨੇ 5 ਗੁਣਾਂ ਫਸਲਾਂ ਤਾਂ ਵਧਾਈਆਂ ਪਰ ਨਾਂਹ ਪੱਖੀ ਪ੍ਰਭਾਵ ਵੇਲਾ ਬੀਤਣ ਤੋਂ ਬਾਅਦ ਖੋਜੇ ।

ਇਸਦਾ ਇਲਾਜ ਬਾਹਰਲੇ ਮੁਲਕਾਂ ਵਿੱਚ ਵੀ ਸੰਭਵ ਨਹੀਂ ਹੈ ਪਰ ਮੁੱਢਲੀ ਪਛਾਣ ਤੇ ਸਿਹਤ ਯਾਬੀ ਜਾਂ ਸਹਿਕਦੇ ਸਹਿਮੇਂ ਹੋਏ ਉਮਰ ਵਧਾਈ ਜਾ ਸਕਦੀ ਹੈ । ਕੇਂਦਰ ਅਤੇ ਰਾਜ਼ ਸਰਕਾਰਾ ਇਸ ਵਿਸ਼ੇ ਤੇ ਗੰਭੀਰ ਹਨ । ਪਰ ਮੁਕੰਮਲ ਇਲਾਜ ਲੱਭਣ ਲਈ ਅਸਮਰੱਥ ਹਨ । ਭਾਰਤ ਸਰਕਾਰ ਨੇ ਪੰਜਾਬ ਵਿੱਚ ਕੈਂਸਰ ਨਾਲ ਸਬੰਧਤ ਕਈ ਪ੍ਰਜੈਕਟ ਦਿੱਤੇ ਹਨ । ਆਮ ਤੌਰ ਤੇ ਇਸ ਬਿਮਾਰੀ ਦਾ ਨਾਂ ਹੀ ਮਾੜਾ ਮੰਨਿਆ ਜਾਂਦਾ ਹੈ ਪਤਾ ਲੱਗਣ ਤੇ ਦਹਿਲ ਅਤੇ ਇਲਾਜ ਨਾਲ ਹੀ ਬੰਦਾ ਮਾਰਿਆ ਜਾਂਦਾ ਹੈ । ਸਾਡੇ ਦੇਸ਼ ਵਿੱਚ ਇਸਦੇ ਭਵਿੱਖੀ ਅਸਰ , ਅਲਾਮਤਾਂ ਅਤੇ ਸੁਨਾਮੀ ਰੋਕਣ ਲਈ ਬੇਹੱਦ ਉਪਰਾਲਿਆ ਦੀ ਜ਼ਰੂਰਤ ਹੈ । ਇਸ ਲਈ ਪਾਣ ਪੀਣ , ਜੀਵਨ ਜੀਉਣ ਦੀ ਜਾਂਚ ਅਤੇ ਮੈਡੀਕਲ ਪੁਣਛਾਣ ਦੀ ਦੇਸ਼ ਵਾਸੀਆਂ ਨੂੰ ਖਾਸ ਜ਼ਰੂਰਤ ਹੈ। ਪਰਮਾਤਮਾ ਭਲਾ ਕਰੇ ।



# ਰਿਸ਼ਤਿਆਂ ਲਈ ਜ਼ਰੂਰੀ ਹੈ ਵਫ਼ਾਦਾਰੀ ਦੀ ਨੀਂਹ

ਵਲੋਂ : ਹਰਕੀਰਤ ਕੌਰ

ਮਨੁੱਖੀ ਰਿਸ਼ਤਿਆਂ ਦੀ ਹੋਂਦ ਦੀ ਬੁਣਤੀ ਸੂਖਮ ਬੰਧਨਾਂ ਅਤੇ ਅਹਿਸਾਸਾਂ ਦੇ ਦੁਆਲੇ ਬੁਣੀ ਹੁੰਦੀ ਹੈ। ਰਿਸ਼ਤਿਆਂ ਦੀ ਨੇੜਤਾ, ਆਪਸੀ ਪਿਆਰ, ਸਾਂਝਾਂ ਮਨੁੱਖੀ ਜ਼ਿੰਦਗੀ ਨੂੰ ਖੁਸ਼ਮਈ, ਆਨੰਦਮਈ ਅਤੇ ਹੁਸੀਨ ਬਣਾਉਣ ਲਈ ਬਹੁਤ ਜ਼ਰੂਰੀ ਹਨ। ਇਹੀ ਆਪਸੀ ਸਾਂਝਾਂ, ਮਿਲਵਰਤਣ ਇੱਕ ਸਭਿਅਕ ਸਮਾਜ ਦੀ ਸਿਰਜਣਾ ਕਰਦੀਆਂ ਹਨ। ਹਰੇਕ ਰਿਸ਼ਤੇ ਦੀ ਮਨੁੱਖੀ ਜੀਵਨ ਵਿੱਚ ਆਪਣੀ ਖਾਸ ਜਗ੍ਹਾ ਹੈ, ਭੂਮਿਕਾ ਹੈ, ਜ਼ਿੰਮੇਵਾਰੀ ਹੈ। ਕੁਝ ਰਿਸ਼ਤੇ ਸਾਡੇ ਜਨਮ ਤੋਂ ਸਾਡੇ ਨਾਲ ਜੁੜ ਜਾਂਦੇ ਹਨ, ਜਿਨ੍ਹਾਂ ਨੂੰ ਅਸੀਂ ਖੂਨ ਦੇ ਰਿਸ਼ਤੇ ਕਹਿੰਦੇ ਹਾਂ। ਕੁਝ ਰਿਸ਼ਤੇ ਸਾਡੇ ਮਾਪਿਆਂ ਕਰਕੇ ਸਾਡੇ ਰਿਸ਼ਤੇ ਜੁੜਦੇ ਹਨ, ਜਿਵੇਂ ਕਿ ਸਾਕ ਸੰਬੰਧੀ ਚਾਚੇ-ਤਾਏ, ਮਾਮੇ-ਮਾਸੀਆਂ ਆਦਿ। ਕੁਝ ਨਾਤਿਆਂ ਨੂੰ ਅਸੀਂ ਸੰਜੋਗਾਂ ਨਾਲ ਜੋੜਦੇ ਹਾਂ, ਜਿਨ੍ਹਾਂ ਵਿੱਚ ਵਿਆਹ ਨਾਲ ਸੰਬੰਧਿਤ ਸਾਰੇ ਰਿਸ਼ਤੇ ਆਉਂਦੇ ਹਨ। ਕੁਝ ਰਿਸ਼ਤੇ ਸਾਡੇ ਸਮਾਜ ਵਿੱਚ ਵਿਚਰਦਿਆਂ ਇੱਕ ਦੂਸਰੇ ਦੇ ਸੰਪਰਕ ਵਿੱਚ ਆਉਣ ਨਾਲ ਜੁੜਦੇ ਹਨ ਜਿਵੇਂ ਕਿ ਸਾਡੇ ਦੋਸਤ, ਮਿੱਤਰ ਆਦਿ। ਇਹ ਸਾਰੇ ਰਿਸ਼ਤੇ ਮਹੱਤਵਪੂਰਨ ਹਨ। ਕਿਸੇ ਇੱਕ ਰਿਸ਼ਤੇ ਦੀ ਕਮੀ ਦੂਸਰਾ ਰਿਸ਼ਤਾ ਪੂਰੀ ਨਹੀਂ ਕਰ ਸਕਦਾ ਹੈ।

ਰਿਸ਼ਤਿਆਂ ਨੂੰ ਬਾਖੂਬੀ ਨਿਭਾਉਣਾ ਵੀ ਇੱਕ ਕਲਾ ਹੈ। ਰਿਸ਼ਤੇ ਮੋਹ ਦੀਆਂ ਬਹੁਤ ਹੀ ਨਾਜ਼ੁਕ ਤੰਦਾਂ ਦੇ ਬੰਧਨਾਂ ਵਿੱਚ ਬੰਨ੍ਹੇ ਹੁੰਦੇ ਹਨ। ਇਹ ਮੋਹ ਦੀਆਂ ਤੰਦਾਂ ਮਨੁੱਖੀ ਜੀਵਨ ਵਿੱਚ ਪਿਆਰ, ਵਿਸ਼ਵਾਸ, ਵਫ਼ਾਦਾਰੀ, ਆਪਸੀ ਸਮਝ, ਸਬਰ, ਭਰੋਸੇ ਵਰਗੇ ਬਹੁਤ ਹੀ ਅਹਿਮ ਅਹਿਸਾਸਾਂ ਨਾਲ ਪਰੋਈਆਂ ਗਈਆਂ ਹੁੰਦੀਆਂ ਹਨ। ਜੇਕਰ ਕਿਸੇ ਰਿਸ਼ਤੇ ਵਿੱਚ ਇੱਕ ਪਾਸੇ ਤੋਂ ਧੋਖਾ ਜਾਂ ਵਿਸ਼ਵਾਸਘਾਤ ਹੁੰਦਾ ਹੈ ਤਾਂ ਕਈ ਵਾਰ ਇਹਨਾਂ ਮੋਹ ਦੀਆਂ ਤੰਦਾਂ ਨੂੰ ਅਜਿਹੀ ਖਿੱਚ ਪੈਂਦੀ ਹੈ ਕਿ ਇਹ ਤੰਦਾਂ ਟੁੱਟ ਵੀ ਜਾਂਦੀਆਂ ਹਨ। ਮਨਾਂ ਵਿੱਚ ਫਿੱਕ ਪੈ ਜਾਂਦਾ ਹੈ ਅਤੇ ਆਪਸੀ ਬੋਲਚਾਲ ਬੰਦ ਹੋ ਜਾਂਦੀ ਹੈ। ਕੋਈ ਵੀ ਰਿਸ਼ਤਾ ਹੋਵੇ, ਜਿਵੇਂ ਕਿ ਮਾਪਿਆਂ ਦਾ ਬੱਚਿਆਂ ਨਾਲ, ਪਤੀ-ਪਤਨੀ ਦਾ ਰਿਸ਼ਤਾ, ਭੈਣ-ਭਰਾਵਾਂ ਦਾ ਰਿਸ਼ਤਾ, ਚਾਚੇ-ਤਾਏ, ਮਾਮੇ-ਮਾਸੜ, ਜਾਂ ਸਾਡੇ ਦੋਸਤਾਂ ਦੇ ਰਿਸ਼ਤੇ, ਇਹਨਾਂ ਵਿੱਚ ਹਮੇਸ਼ਾ ਓਹੀ ਰਿਸ਼ਤੇ ਪੂਰ ਚੜ੍ਹਦੇ ਹਨ, ਜਿਨ੍ਹਾਂ ਵਿੱਚ ਆਪਸੀ ਵਿਸ਼ਵਾਸ, ਵਫ਼ਾਦਾਰੀ ਦੀ ਨੀਂਹ ਬਹੁਤ ਮਜ਼ਬੂਤ ਹੁੰਦੀ ਹੈ।

ਪਰ ਜਿਸ ਸਮਾਜ ਵਿੱਚ ਅੱਜ ਅਸੀਂ ਜੀਅ ਰਹੇ ਹਾਂ, ਇਸ ਵਿੱਚ ਭੌਤਿਕ ਚੀਜ਼ਾਂ ਲਈ ਭੱਜ ਦੌੜ ਇੰਨੀ ਵਧ ਗਈ ਹੈ, ਮਨੁੱਖੀ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਪਿਓ ਨੂੰ ਪੁੱਤ ਉੱਤੇ ਵਿਸ਼ਵਾਸ ਨਹੀਂ, ਭਰਾ ਨੂੰ ਭਰਾ ਉੱਤੇ ਭਰੋਸਾ ਨਹੀਂ, ਨੂੰਹਾਂ ਸੱਸ ਸਹੁਰਿਆਂ ਨੂੰ ਮਾਪੇ ਨਾ ਸਮਝਕੇ ਰਿਸ਼ਤਿਆਂ ਦੀ ਮਾਣ ਮਰਿਯਾਦਾ ਭੁੱਲ ਰਹੀਆਂ ਹਨ। ਮੋਬਾਇਲ ਅਤੇ ਸੋਸ਼ਲ ਮੀਡੀਆ ਦੀ ਵੱਧ ਵਰਤੋਂ ਕਾਰਣ ਪਤੀ ਪਤਨੀ ਦਾ ਰਿਸ਼ਤਾ ਸ਼ੱਕ ਦੇ ਜਵਾਰਭਾਟੇ ਵਿੱਚ ਝੁਲਸਦਾ ਰਹਿੰਦਾ ਹੈ। ਵਧ ਰਹੀ ਟੈਕਨਾਲੋਜੀ ਕਾਰਨ ਰਿਸ਼ਤਿਆਂ ਨੂੰ ਧੋਖਾ ਦੇਣਾ ਆਸਾਨ ਹੋ ਗਿਆ ਹੈ।

ਆਪਸੀ ਬੋਲਚਾਲ ਘੱਟ ਰਹੀ ਹੈ ਅਤੇ ਲੋਕ ਇਕੱਲਤਾ ਦੇ ਸ਼ਿਕਾਰ ਹੋ ਰਹੇ ਹਨ, ਜਿਸ ਕਾਰਨ ਪਿਆਰ ਦੀ ਜਗ੍ਹਾ ਰਿਸ਼ਤਿਆਂ ਵਿੱਚ ਤਣਾਅ, ਸ਼ੱਕ, ਬੇਭਰੋਸਗੀ ਜ਼ਿਆਦਾ ਵਧ ਗਈ ਹੈ। ਇਹੀ ਕਾਰਣ ਹੈ ਕਿ ਅੱਜ ਬਹੁਤ ਸਾਰੇ ਲੋਕ ਚਿੰਤਾ, ਇਕੱਲਤਾ, ਅਤੇ ਮਾਨਸਿਕ ਪੀੜਾ ਦੇ ਸ਼ਿਕਾਰ ਹਨ।

ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਆਪਣਿਆਂ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਸਮਝੇ। ਕਿਸੇ ਵੀ ਪਰਿਵਾਰਿਕ ਮਸਲੇ ਨੂੰ ਏਨਾ ਨਾ ਵਧਣ ਦੇਵੇ ਕਿ ਉਸ ਰਿਸ਼ਤੇ ਦੀਆਂ ਨੀਹਾਂ ਹਿੱਲ ਜਾਣ।

ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਮਨੁੱਖ ਆਪਸੀ ਰਿਸ਼ਤਿਆਂ ਨੂੰ ਧੋਖਾ ਵੀ ਦਿੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਗਵਾਉਣਾ ਵੀ ਨਹੀਂ ਚਾਹੁੰਦਾ। ਕੁਝ ਮਾਮਲਿਆਂ ਵਿੱਚ ਮਨੁੱਖ ਜਾਣੇ ਅਣਜਾਣੇ ਗਲਤੀਆਂ ਕਰ ਲੈਂਦਾ ਹੈ, ਫਿਰ ਆਪਣਿਆਂ ਤੋਂ ਦੂਰ ਹੋਣ ਦੇ ਡਰ ਕਾਰਣ ਹੀ ਉਹ ਆਪਣੀ ਗਲਤੀ ਉੱਤੇ ਪਰਦੇ ਪਾਉਂਦਾ ਰਹਿੰਦਾ ਹੈ ਅਤੇ ਗਲਤੀ ਨੂੰ ਦੁਹਰਾਉਂਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਚਾਹੀਦਾ ਹੈ ਕਿ ਜਦੋਂ ਉਸ ਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਆਪਣਿਆਂ ਨਾਲ ਧੋਖਾ ਕਰ ਰਿਹਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਗਲਤੀ ਕਰ ਰਿਹਾ ਹੈ ਤਾਂ ਤਰੁੰਤ ਬਿਨਾਂ ਕਿਸੇ ਡਰ ਤੋਂ ਆਪਣੇ ਪਰਿਵਾਰ ਨਾਲ ਉਸ ਨੂੰ ਸਾਂਝਾ ਕਰੇ, ਆਪਣਾ ਪੱਖ ਰੱਖੇ, ਆਪਣੀ ਗਲਤੀ ਦਾ ਅਹਿਸਾਸ ਕਰੇ ਅਤੇ ਅੱਗੇ ਤੋਂ ਗਲਤੀ ਨੂੰ ਦੁਹਰਾਉਣ ਤੋਂ ਤੌਬਾ ਕਰੇ। ਇਸ ਤਰ੍ਹਾਂ ਕਰਨ ਨਾਲ ਭਾਵੇਂ ਕੁਝ ਸਮੇਂ ਲਈ ਰਿਸ਼ਤਿਆ ਵਿੱਚ ਤਣਾਅ ਜਾਂ ਪ੍ਰੇਸ਼ਾਨੀ ਤਾਂ ਆਵੇਗੀ, ਪਰ ਦੂਸਰੇ ਪਾਸੇ ਤੁਹਾਡੀ ਵਫ਼ਾਦਾਰੀ ਦੀ ਨੀਂਹ ਅਤੇ ਵਿਸ਼ਵਾਸ ਟੁੱਟਣ ਤੋਂ ਬਚ ਜਾਵੇਗਾ। ਅਜਿਹੇ ਮਾਮਲਿਆਂ ਵਿੱਚ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਦੋਸ਼ੀ ਨੂੰ ਇੱਕ ਮੌਕਾ ਦੇਣ, ਅਤੇ ਉਸ ਵੱਲੋਂ ਗਲਤੀ ਮੰਨਣ ਦੀ ਕੀਤੀ ਗਈ ਜੁਰਅਤ ਦੀ ਤਾਰੀਫ਼ ਕਰਨ। ਅਜਿਹਾ ਕਰਨ ਨਾਲ ਪਰਿਵਾਰ ਵਿੱਚ ਏਕਤਾ ਬਣੀ ਰਹੇਗੀ ਅਤੇ ਗਲਤੀ ਕਰਨ ਵਾਲੇ ਇਨਸਾਨ ਨੂੰ ਹਮੇਸ਼ਾ ਆਪਣੀ ਗਲਤੀ ਦਾ ਅਹਿਸਾਸ ਵੀ ਹੁੰਦਾ ਰਹੇਗਾ। ਜ਼ਿੰਦਗੀ ਨੂੰ ਜਿਉਂਦਿਆਂ, ਕਬੀਲਦਾਰੀਆਂ ਸਾਂਭਦਿਆਂ ਮਨੁੱਖ ਕੋਲੋਂ ਸੌ ਨਫੇ-ਨੁਕਸਾਨ ਹੋ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਸਥਿਤੀ ਹੋਵੇ, ਤੁਹਾਡੀ ਵਫ਼ਾਦਾਰੀ ਤੁਹਾਡੀ ਪਛਾਣ ਬਣਨੀ ਚਾਹੀਦੀ ਹੈ। ਆਪਣੇ ਰਿਸ਼ਤਿਆਂ ਦੇ ਬੂਟੇ ਨੂੰ ਪਿਆਰ, ਸਤਿਕਾਰ, ਮੁਹੱਬਤ ਦੀ ਅਜਿਹੀ ਸਿੰਚਾਈ ਕਰੋ ਕਿ ਤੁਹਾਡੇ ਰਿਸ਼ਤਿਆਂ ਦੀਆਂ ਜੜ੍ਹਾਂ ਨੂੰ ਜੀਵਨ ਦੀ ਕੋਈ ਵੀ ਚੁਣੌਤੀ, ਮੁਸ਼ਕਿਲ ਹਿਲਾ ਨਾ ਸਕੇ। ਆਪਣਿਆਂ ਦਾ ਭਰੋਸਾ ਜਿੱਤੋ, ਵਿਸ਼ਵਾਸ ਜਿੱਤੋ ਅਤੇ ਫਿਰ ਕੋਸ਼ਿਸ਼ ਕਰੋ ਕਿ ਇਹ ਭਰੋਸਾ ਕਦੇ ਨਾ ਟੁੱਟੇ।

ਮਨੁੱਖ ਨੂੰ ਇਸ ਧਰਤੀ ਉੱਪਰ ਸਿਰਫ਼ ਜਿਊਣ ਲਈ ਭੇਜਿਆ ਗਿਆ ਹੈ, ਨਾ ਤਾਂ ਕਿਸੇ ਤੋਂ ਅੱਗੇ ਨਿਕਲਣ ਲਈ ਭੇਜਿਆ ਗਿਆ ਅਤੇ ਨਾ ਹੀ ਕਿਸੇ ਤੋਂ ਪਿੱਛੇ ਰਹਿਣ ਲਈ। ਮਨੁੱਖ ਨੂੰ ਸਿਰਫ਼ ਇੱਕ ਚੰਗਾ ਜੀਵਨ ਜਿਊਣ ਲਈ ਇਸ ਧਰਤ ਦੀ ਗੋਦ ਨਸੀਬ ਹੋਈ ਹੈ। ਇੱਕ ਚੰਗੇ ਸਕੂਨਮਈ ਜੀਵਨ ਦਾ ਅਹਿਸਾਸ ਉਦੋਂ ਹੀ ਹੋ ਸਕਦਾ ਹੈ, ਜਦੋਂ ਸਾਡੇ ਆਪਣੇ ਸਾਡੇ ਨਾਲ ਹੁੰਦੇ ਹਨ। ਜਦੋਂ ਸਾਡੇ ਪਰਿਵਾਰ, ਰਿਸ਼ਤੇਦਾਰ ਸਾਨੂੰ ਡਿੱਗਿਆਂ ਨੂੰ ਚੁੱਕਣ ਲਈ ਭੱਜੇ ਆਉਂਦੇ ਹਨ ਅਤੇ ਜਦੋਂ ਸਾਡੇ ਰਿਸ਼ਤੇ ਔਖੇ ਸੌਖੇ ਸਮਿਆਂ ਵਿੱਚ ਸਾਡੇ ਲਈ ਖੁਸ਼ੀ ਦੀ ਇੱਕ ਲੀਕ ਸਾਬਤ ਹੁੰਦੇ ਹਨ। ਆਪਣੇ ਰਿਸ਼ਤਿਆਂ ਲਈ ਸਮਾਂ ਕੱਢੀਏ ਅਤੇ ਇੱਕ ਦੂਸਰੇ ਦੀ ਢਾਲ ਬਣੀਏ, ਰਿਸ਼ਤਿਆਂ ਨੂੰ ਬਣਦਾ ਸਤਿਕਾਰ ਅਤੇ ਪਿਆਰ ਦੇਈਏ, ਵਫ਼ਾਦਾਰੀ ਦੀਆਂ ਨੀਹਾਂ ਨੂੰ ਏਨਾ ਪੱਕਾ ਕਰੀਏ ਕਿ ਤੁਹਾਡੀ ਵਫ਼ਾਦਾਰੀ ਤੁਹਾਡੇ ਕਿਰਦਾਰ ਅਤੇ ਸ਼ਖ਼ਸੀਅਤ ਦੀ ਪਛਾਣ ਬਣ ਜਾਵੇ। ਆਓ ਅਜਿਹਾ ਸਮਾਜ ਸਿਰਜੀਏ, ਜਿੱਥੇ ਹਰ ਰਿਸ਼ਤੇ, ਮਾਂ-ਬਾਪ, ਭੈਣ-ਭਰਾ, ਪਤੀ-ਪਤਨੀ, ਮਾਮੇ ਮਾਸੀਆਂ ਵਿੱਚ ਅੰਤਾਂ ਦਾ ਸਤਿਕਾਰ ਹੋਵੇ ਤੇ ਪਿਆਰ ਹੋਵੇ।

# ਗੱਲ ਬਣੀ ਜਿਹੀ ਨਹੀਂ

ਵਲੋਂ : ਬਲਰਾਜ ਸਿੰਘ ਸਿੱਧੂ (ਏ. ਆਈ ਜੀ.)
ਸੰਪਰਕ: 95011-00062

ਸੰਨ 2000 ਵਿੱਚ ਮੈਂ ਪੁਲਿਸ ਜ਼ਿਲ੍ਹਾ ਖੰਨਾ ਦੀ ਸਬ ਡਵੀਜ਼ਨ ਪਾਇਲ ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ। ਪਾਇਲ ਲੁਧਿਆਣੇ ਦੇ ਨਜ਼ਦੀਕ ਹੈ ਤੇ ਇੱਥੇ ਕਈ ਵੱਡੀਆਂ ਕੰਪਨੀਆਂ ਦੀਆਂ ਫੈਕਟਰੀਆਂ ਹਨ, ਜਿਸ ਕਾਰਨ ਇੱਕਾ ਦੁੱਕਾ ਲੁੱਟ-ਖੋਹ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਸਨ। ਉਸ ਸਮੇਂ ਤਕ ਸੀ.ਸੀ. ਟੀਵੀ, ਮੋਬਾਇਲ ਲੋਕੇਸ਼ਨਾਂ ਅਤੇ ਮੁਜਰਿਮਾਂ ਨੂੰ ਲੱਭਣ ਵਾਲੀਆਂ ਹੋਰ ਸੂਖਮ ਤਕਨੀਕਾਂ ਦਾ ਜ਼ਿਆਦਾ ਵਿਕਾਸ ਨਹੀਂ ਸੀ ਹੋਇਆ ਤੇ ਸਾਰੀਆਂ ਵਾਰਦਾਤਾਂ ਤਫਤੀਸ਼ੀ ਅਫਸਰਾਂ ਦੀ ਕਾਬਲੀਅਤ ਅਤੇ ਮੁਖਬਰਾਂ ਦੇ ਸਿਰ 'ਤੇ ਹੱਲ ਕੀਤੀਆਂ ਜਾਂਦੀਆਂ ਸਨ। ਜਨਵਰੀ ਮਹੀਨੇ ਦੀ ਗੱਲ ਹੈ, ਮੈਂ ਆਪਣੇ ਦਫਤਰ ਹਾਜ਼ਰ ਸੀ ਕਿ ਚੌਕੀ ਇੰਚਾਰਜ ਦੋਰਾਹਾ ਦਾ ਫੋਨ ਆਇਆ, "ਖੋਹ ਦੀ ਵਾਰਦਾਤ ਹੋ ਗਈ ਹੈ। ਦੋ ਸਕੂਟਰ ਸਵਾਰ ਲੁਟੇਰੇ ਇੱਕ ਟਰੱਕ ਡਰਾਈਵਰ ਤੋਂ 9 ਲੱਖ ਰੁਪਏ ਖੋਹ ਕੇ ਫਰਾਰ ਹੋ ਗਏ ਹਨ।"

ਉਸ ਸਮੇਂ 9 ਲੱਖ ਬਹੁਤ ਵੱਡੀ ਰਕਮ ਮੰਨੀ ਜਾਂਦੀ ਸੀ ਤੇ ਪਿੰਡਾਂ ਵਿੱਚ ਇੱਕ ਏਕੜ ਵਾਹੀਯੋਗ ਜ਼ਮੀਨ ਦੀ ਕੀਮਤ ਲੱਖ ਡੇਢ ਲੱਖ ਤੋਂ ਵੱਧ ਨਹੀਂ ਸੀ। ਵੈਸੇ ਵੀ ਚਿੱਟੇ ਦਿਨ ਭਾਰੀ ਟਰੈਫਿਕ ਵਾਲੇ ਜੀ.ਟੀ. ਰੋਡ (ਨੈਸ਼ਨਲ ਹਾਈਵੇਅ ਨੰਬਰ ਵੰਨ) 'ਤੇ ਲੁੱਟ-ਖੋਹ ਕਰਨੀ ਕਿਸੇ ਆਮ ਬਦਮਾਸ਼ ਦੇ ਵੱਸ ਦੀ ਗੱਲ ਨਹੀਂ ਹੁੰਦੀ। ਅਜਿਹੀ ਵਾਰਦਾਤ ਦੀ ਪੁੱਛ ਗਿੱਛ ਡੀ.ਜੀ.ਪੀ. ਲੈਵਲ ਤਕ ਹੁੰਦੀ ਹੈ। ਮੈਂ ਐਸ.ਐਸ.ਪੀ. ਅਤੇ ਹੋਰ ਸੀਨੀਅਰ ਅਫਸਰਾਂ ਨੂੰ ਸੂਚਨਾ ਦੇ ਕੇ ਦਲ ਬਲ ਸਮੇਤ ਮਿੰਟੋ ਮਿੰਟੀ ਮੌਕਾ ਏ ਵਾਰਦਾਤ 'ਤੇ ਪਹੁੰਚ ਗਿਆ। ਨੰਬਰ ਪਲੇਟ ਉੱਤੇ ਚਿੱਕੜ ਮਲਿਆ ਹੋਣ ਕਾਰਨ ਸਕੂਟਰ ਦਾ ਨੰਬਰ ਤਮਾਸ਼ਬੀਨਾਂ ਕੋਲੋਂ ਨੋਟ ਨਹੀਂ ਸੀ ਕੀਤਾ ਜਾ ਸਕਿਆ। ਫਿਰ ਵੀ ਸਾਡੇ ਪਹੁੰਚਣ ਤੋਂ ਪਹਿਲਾਂ ਚੌਕੀ ਇੰਚਾਰਜ ਨੇ ਆਸ ਪਾਸ ਦੇ ਥਾਣਿਆਂ ਅਤੇ ਜ਼ਿਲ੍ਹਿਆਂ ਨੂੰ ਸਕੂਟਰ ਸਵਾਰਾਂ ਦੇ ਹੁਲੀਏ ਅਤੇ ਸਕੂਟਰ ਦੇ ਰੰਗ ਬਾਰੇ ਵਾਇਰਲੈੱਸ ਕਰਵਾ ਦਿੱਤੀ ਸੀ।

ਮੇਰੀ ਕਿਸਮਤ ਚੰਗੀ ਸੀ ਕਿ ਉਸ ਦਿਨ ਐਸ.ਐਸ.ਪੀ. ਜ਼ਿਲ੍ਹੇ ਤੋਂ ਬਾਹਰ ਸੀ। ਉਹ ਸਿਰੇ ਦਾ ਵਹਿਮੀ ਆਦਮੀ ਸੀ ਤੇ ਜੇ ਕਿਤੇ ਮੌਕੇ 'ਤੇ ਆ ਜਾਂਦਾ ਤਾਂ ਕੇਸ ਹੱਲ ਹੀ ਨਹੀਂ ਸੀ ਹੋਣਾ ਕਿਉਂਕਿ ਉਸ ਨੇ ਗਾਈਡ ਕਰਨ ਦੀ ਬਜਾਏ ਦਬਕੇ ਮਾਰੀ ਜਾਣੇ ਸਨ ਕਿ ਡਾਕਾ ਪਿਆ ਹੀ ਕਿਉਂ ਹੈ? ... ਜਦੋਂ ਮੈਂ ਵਾਰਦਾਤ ਵਾਲੀ ਥਾਂ 'ਤੇ ਪਹੁੰਚਿਆ ਤਾਂ ਟਰੱਕ ਨਹਿਰ ਦੇ ਪੁਲ ਦੀ ਖੰਨਾ ਸਾਈਡ ਉੱਤੇ ਜੀ.ਟੀ. ਰੋਡ ਤੋਂ ਥੋੜ੍ਹਾ ਹਟਵਾਂ ਕੱਚੀ ਸੜਕ 'ਤੇ ਖੜ੍ਹਾ ਸੀ। ਡਰਾਈਵਰ ਦੀ ਸੱਜੀ ਬਾਂਹ ਉੱਤੇ ਦੋ ਤਿੰਨ ਜ਼ਖਮ ਸਨ, ਜੋ ਕਿਸੇ ਤੇਜ਼ਧਾਰ ਹਥਿਆਰ ਨਾਲ ਲੱਗੇ ਜਾਪਦੇ ਸਨ ਤੇ ਕਲੀਨਰ ਬਿਲਕੁਲ ਠੀਕਠਾਕ ਸੀ। ਜਿਸ ਜਗ੍ਹਾ 'ਤੇ ਖੋਹ ਹੋਈ ਸੀ, ਉਸ ਦੇ ਬਿਲਕੁਲ ਸਾਹਮਣੇ ਇੱਕ ਮੈਰਿਜ ਪੈਲੇਸ ਸੀ। ਅਸੀਂ ਡਰਾਈਵਰ ਅਤੇ ਕਲੀਨਰ ਨੂੰ ਉੱਥੇ ਲੈ ਗਏ ਤਾਂ ਜੋ ਸ਼ਾਂਤੀ ਨਾਲ ਪੁੱਛ ਗਿੱਛ ਕੀਤੀ ਜਾ ਸਕੇ। ਡਰਾਈਵਰ ਅਤੇ ਕਲੀਨਰ ਦੀ ਕਹਾਣੀ ਲਗਭਗ ਇੱਕੋ ਜਿਹੀ ਹੀ ਸੀ। ਉਹ ਮੰਡੀ ਗੋਬਿੰਦਗੜ੍ਹ ਦੀ ਇੱਕ ਸਟੀਲ ਮਿੱਲ ਤੋਂ ਸਰੀਆ ਲੱਦ ਕੇ ਲੁਧਿਆਣੇ ਵਿਖੇ ਕਿਸੇ ਵਪਾਰੀ ਦੇ ਗੁਦਾਮ ਵਿੱਚ ਲਾਹ ਕੇ ਆਏ ਸਨ ਅਤੇ ਅੱਜ ਦੀ ਅਤੇ ਪਹਿਲਾਂ ਭੇਜੇ ਮਾਲ ਦੀ ਕੁੱਲ 9 ਲੱਖ ਰੁਪਏ ਪੇਮੈਂਟ ਲੈ ਕੇ ਆ ਰਹੇ ਸਨ। ਉਹ ਟਰੱਕ ਮੰਡੀ ਗੋਬਿੰਦਗੜ੍ਹ ਵਾਲੀ ਫੈਕਟਰੀ ਵਾਲਿਆਂ ਦਾ ਆਪਣਾ ਸੀ। ਫੈਕਟਰੀ ਮਾਲਕ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਡਰਾਈਵਰ ਅਤੇ ਕਲੀਨਰ ਕਈ ਸਾਲਾਂ ਤੋਂ ਉੱਥੇ ਕੰਮ ਕਰ ਰਹੇ ਸਨ ਤੇ ਭਰੋਸੇਯੋਗ ਹੋਣ ਕਾਰਨ ਪਹਿਲਾਂ ਵੀ ਪੇਮੈਂਟਾਂ ਲੈ ਆਉਂਦੇ ਸਨ। ਡਰਾਈਵਰ ਦੀ ਪੁੱਛ-ਗਿੱਛ ਸ਼ੁਰੂ ਕੀਤੀ ਤਾਂ ਉਸ ਨੇ ਦੱਸਿਆ ਕਿ ਜਦੋਂ ਉਹ ਪੁਲ ਤੋਂ ਹੇਠਾਂ ਉੱਤਰ ਰਹੇ ਸਨ ਤਾਂ ਸਕੂਟਰ ਉੱਤੇ ਸਵਾਰ ਤਿੰਨ ਬਦਮਾਸ਼ਾਂ ਨੇ ਤਲਵਾਰ ਵਿਖਾ ਕੇ ਉਸ ਨੂੰ ਟਰੱਕ ਰੋਕਣ ਲਈ ਕਿਹਾ। ਜਦੋਂ ਉਹ ਨਾ ਰੁਕਿਆ ਤਾਂ ਇੱਕ ਬਦਮਾਸ਼ ਨੇ ਉਸ ਦੀ ਸੱਜੀ ਬਾਂਹ 'ਤੇ ਤਲਵਾਰ ਨਾਲ ਤਿੰਨ ਚਾਰ ਵਾਰ ਕਰ ਦਿੱਤੇ। ਇਸ ਕਾਰਨ ਉਸ ਨੂੰ ਟਰੱਕ ਰੋਕਣਾ ਪਿਆ ਤੇ ਬਦਮਾਸ਼ ਪੈਸੇ ਲੈ ਕੇ ਫਰਾਰ ਹੋ ਗਏ।

ਉਸ ਦੀ ਕਹਾਣੀ ਸੁਣ ਕੇ ਸਾਰੇ ਹੈਰਾਨ ਰਹਿ ਗਏ ਕਿਉਂਕਿ ਪੰਜਾਬ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੋਵੇਗਾ ਕਿ ਕਿਸੇ ਸਕੂਟਰ ਸਵਾਰ ਨੇ ਦਿਨ ਦਿਹਾੜੇ ਟਰੱਕ ਰੋਕ ਕੇ ਲੁੱਟ ਕੀਤੀ ਹੋਵੇ। ਮੈਂ ਉਸ ਨੂੰ ਪੁੱਛਿਆ ਕਿ ਤੂੰ ਟਰੱਕ ਰੋਕਿਆ ਕਿਉਂ? ਬਦਮਾਸ਼ ਨੂੰ ਫੇਟ ਮਾਰ ਕੇ ਪਰ੍ਹਾਂ ਸੁੱਟ ਦੇਣਾ ਸੀ। ਟਰੱਕ ਵਾਲੇ ਨੇ ਭੋਲਾ ਭਾਲਾ ਜਿਹਾ ਬਣ ਕੇ ਜਵਾਬ ਦਿੱਤਾ ਕਿ ਮੈਂ ਉਸ ਦੀ ਤਲਵਾਰ ਵੇਖ ਕੇ ਡਰ ਗਿਆ ਸੀ। ਮੈਰਿਜ ਪੈਲੇਸ ਦਾ ਮਾਲਕ ਧਰਮਪਾਲ ਧੰਮਾ (ਕਾਲਪਨਿਕ ਨਾਮ) ਸਾਡਾ ਵਧੀਆ ਵਾਕਿਫ ਸੀ ਤੇ ਉਹ ਕੋਲ ਹੀ ਬੈਠਾ ਸੀ। ਮੈਂ ਉਸ ਨੂੰ ਪੁੱਛਿਆ ਕਿ ਧਰਮਪਾਲ ਤੂੰ ਇਹ ਘਟਨਾ ਵੇਖੀ ਹੈ? ਧਰਮਪਾਲ ਨੇ ਜਵਾਬ ਦਿੱਤਾ ਕਿ ਉਸ ਨੇ ਸਾਰੀ ਘਟਨਾ ਆਪਣੀ ਅੱਖੀਂ ਵੇਖੀ ਹੈ। ਬਿਲਕੁਲ ਉਸੇ ਤਰ੍ਹਾਂ ਹੀ ਹੋਇਆ ਹੈ, ਜਿਵੇਂ ਡਰਾਈਵਰ ਨੇ ਬਿਆਨ ਕੀਤਾ ਹੈ। ਉਹ ਮੈਰਿਜ ਪੈਲੇਸ ਵਿੱਚ ਜਿਸ ਜਗ੍ਹਾ 'ਤੇ ਬੈਠਾ ਧੁੱਪ ਸੇਕ ਰਿਹਾ ਸੀ, ਉੱਥੋਂ ਸੜਕ ਬਿਲਕੁਲ ਸਾਫ ਦਿਖਾਈ ਦਿੰਦੀ ਸੀ।

ਧਰਮਪਾਲ ਦਾ ਜਵਾਬ ਸੁਣ ਕੇ ਮੇਰਾ ਤੇ ਐਸ.ਐਚ.ਓ. ਦਾ ਜੋਸ਼ ਠੰਢਾ ਪੈ ਗਿਆ ਕਿਉਂਕਿ ਅਸੀਂ ਸੋਚ ਰਹੇ ਸੀ ਕਿ ਕੋਈ ਖੋਹ ਵਗੈਰਾ ਨਹੀਂ ਹੋਈ, ਬੱਸ ਪੈਸੇ ਹਜ਼ਮ ਕਰਨ ਲਈ ਡਰਾਈਵਰ ਕਲੀਨਰ ਨੇ ਕਹਾਣੀ ਬਣਾਈ ਹੈ। ਇੱਕ ਦੋ ਮਿੰਟ ਸੋਚ ਕੇ ਧਰਮਪਾਲ ਦੁਬਾਰਾ ਬੋਲਿਆ, "ਪਰ ਸਰ, ਖੋਹ ਵਾਲੀ ਗੱਲ ਬਣੀ ਜਿਹੀ ਨਹੀਂ।"

ਮੈਂ ਖਿਝ ਕੇ ਕਿਹਾ, "ਇੱਕ ਪਾਸੇ ਤੂੰ ਕਹਿ ਰਿਹਾਂ ਕਿ ਤੇਰੇ ਸਾਹਮਣੇ ਖੋਹ ਹੋਈ ਆ, ਦੂਸਰੇ ਪਾਸੇ ਕਹਿ ਰਿਹਾਂ ਕਿ ਗੱਲ ਬਣੀ ਜਿਹੀ ਨਹੀਂ। ਜਦੋਂ ਖੋਹ ਈ ਹੋ ਗਈ ਤਾਂ ਗੱਲ ਹੋਰ ਕਿਵੇਂ ਬਣਨੀ ਸੀ? ਤੇਰੇ ਮੁਤਾਬਕ ਦੋ ਚਾਰ ਬੰਦੇ ਵੀ ਮਰਨੇ ਚਾਹੀਦੇ ਸੀ?"

"ਸਰ ਜੀ, ਬੀ.ਪੀ. ਹਾਈ ਨਾ ਕਰੋ ਤੇ ਠੰਢੇ ਮਤੇ ਨਾਲ ਮੇਰੀ ਗੱਲ ਸੁਣੋ। ਇਹ ਡਰਾਈਵਰ ਤਾਂ ਇਸ ਤਰ੍ਹਾਂ ਹੌਲੀ ਹੌਲੀ ਟਰੱਕ ਚਲਾ ਰਿਹਾ ਸੀ ਜਿਵੇਂ ਲੁਟੇਰਿਆਂ ਨੂੰ ਉਡੀਕ ਰਿਹਾ ਹੋਵੇ। ਬਦਮਾਸ਼ਾਂ ਨੇ ਦੋ ਚਾਰ ਵਾਰ ਤਲਵਾਰ ਬਾਰੀ 'ਤੇ ਮਾਰੀ ਤਾਂ ਇਸ ਨੇ ਟਰੱਕ ਰੋਕ ਦਿੱਤਾ। ਮੈਨੂੰ ਤਾਂ ਲਗਦਾ ਖੋਹ ਨੂੰ ਸਹੀ ਠਹਿਰਾਉਣ ਵਾਸਤੇ ਇਹ ਮਾੜੀਆਂ ਮੋਟੀਆਂ ਸੱਟਾਂ ਇਹਨਾਂ ਨੇ ਆਪੇ ਈ ਮਰਵਾ ਲਈਆਂ ਨੇ। ਬਾਕੀ ਤੁਸੀਂ ਸਿਆਣੇ ਓ।"

ਧਰਮਪਾਲ ਨੇ ਗੇਂਦ ਮੇਰੇ ਪਾਲੇ ਵੱਲ ਰੇੜ੍ਹ ਦਿੱਤੀ।

ਧਰਮਪਾਲ ਦੀ ਗੱਲ ਸੁਣ ਕੇ ਮੇਰਾ ਦਿਮਾਗ ਚੱਲਣਾ ਸ਼ੁਰੂ ਹੋ ਗਿਆ। ਸਾਡੇ ਕਹਿਣ 'ਤੇ ਧਰਮਪਾਲ ਨੇ ਗੁਦਾਮ ਵਾਲਾ ਕਮਰਾ ਖੋਲ੍ਹ ਦਿੱਤਾ। ਸਿਰਫ ਦਸ ਕੁ ਮਿੰਟ ਦੀ ਤਫਤੀਸ਼ ਤੋਂ ਬਾਅਦ ਹੀ ਡਰਾਈਵਰ ਤੋਤੇ ਵਾਂਗ ਬੋਲਣ ਲੱਗ ਪਿਆ ਕਿ ਸਕੂਟਰ ਉੱਤੇ ਕੋਈ ਬਦਮਾਸ਼ ਨਹੀਂ, ਬਲਕਿ ਮਿੱਲ ਦਾ ਮੈਨੇਜਰ ਤੇ ਉਸ ਦੇ ਭਰਾ ਸਨ।

ਡਰਾਈਵਰ, ਕਲੀਨਰ ਤੇ ਮਿੱਲ ਦੇ ਮੈਨੇਜਰ ਨੇ ਮਿਲ ਕੇ ਪੈਸੇ ਹਜ਼ਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੋ ਤਿੰਨ ਘੰਟਿਆਂ ਵਿੱਚ ਸਾਰੇ ਪੈਸੇ ਵੀ ਬਰਾਮਦ ਹੋ ਗਏ ਤੇ ਨਵੇਂ ਬਣੇ ਬਦਮਾਸ਼ ਵੀ ਕਾਬੂ ਆ ਗਏ। ਉਹਨਾਂ ਨਾਲ ਉਹ ਹੋਈ ਜਿਵੇਂ ਕਿਸੇ ਨੂੰ ਪਹਿਲੀ ਚੋਰੀ 'ਤੇ ਮੌਤ ਦੀ ਸਜ਼ਾ ਹੋ ਜਾਵੇ।



# ਬਾਬੇ ਬੋਹੜ ਦੀ ਛਾਂ

ਪਿੰਡ ਦੇ ਨਾਲ ਵਗਦੀ ਨਦੀ ਕੰਢੇ ਇਕ ਬਹੁਤ ਵੱਡਾ ਦਰੱਖਤ ਸੀ। ਉਸ ਉੱਪਰ ਹਰ ਤਰ੍ਹਾਂ ਦੇ ਪੰਛੀਆਂ ਨੇ ਆਲ੍ਹਣੇ ਬਣਾਏ ਹੋਏ ਸਨ । ਪੰਛੀ ਸਵੇਰੇ-ਸ਼ਾਮ ਇਸ ਦਰੱਖਤ 'ਤੇ ਚਹਿਚਹਾਉਂਦੇ ਤਾਂ ਅਲੱਗ ਤਰ੍ਹਾਂ ਦਾ ਨਜ਼ਾਰਾ ਹੁੰਦਾ ਪਰ ਬਦਕਿਸਮਤੀ ਨਾਲ ਇਸ ਸੰਘਣੇ ਦਰੱਖਤ ਨੂੰ ਇਸ ਗੱਲ 'ਤੇ ਮਾਣ ਹੋ ਗਿਆ ਕਿ ਜਿੰਨੀ ਮੇਰੀ ਸ਼ੋਭਾ ਹੈ, ਓਨੀ ਹੋਰ ਕਿਸੇ ਦਰੱਖਤ ਦੀ ਨਹੀਂ । ਇਸੇ ਸ਼ੋਭਾ ਕਰਕੇ ਉਸ ਦੇ ਨੇੜੇ-ਤੇੜੇ ਕੋਈ ਦਰੱਖਤ ਉੱਗਦਾ ਤਾਂ ਉਸ ਦਾ ਪਾਣੀ ਪੀ ਜਾਂਦਾ । ਥੋੜ੍ਹਾ ਵੱਡਾ ਹੁੰਦਾ ਤਾਂ ਆਪਣੀਆਂ ਭਾਰੀਆਂ ਟਾਹਣੀਆਂ ਨਾਲ ਉਸ ਨੂੰ ਮਸਲ ਦਿੰਦਾ । ਇਸ ਦਰੱਖਤ ਦੇ ਮਨ 'ਚ ਇਹ ਗੱਲ ਘਰ ਕਰੀ ਬੈਠੀ ਸੀ ਕਿ ਉਸ ਦੇ ਮੁਕਾਬਲੇ ਕੋਈ ਹੋਰ ਦਰੱਖਤ ਵੱਡਾ ਹੋ ਗਿਆ ਤਾਂ ਉਸ ਦੀ ਪ੍ਰਸਿੱਧੀ ਘਟ ਜਾਵੇਗੀ।

ਨਦੀ ਦੇ ਦੂਜੇ ਕਿਨਾਰੇ ਇਕ ਬੋਹੜ ਦਾ ਦਰੱਖਤ ਸੀ ਪਰ ਉਹ ਅਜੇ ਛੋਟਾ ਸੀ । ਉਸ ਦਾ ਸੁਭਾਅ ਤੇ ਇਸ ਦਰੱਖਤ ਦੇ ਸੁਭਾਅ 'ਚ ਜ਼ਮੀਨ-ਅਸਮਾਨ ਦਾ ਫਰਕ ਸੀ । ਹੌਲੀ-ਹੌਲੀ ਇਹ ਬੋਹੜ ਦਾ ਦਰੱਖਤ ਫੈਲਦਾ ਗਿਆ । ਇਸ ਦਰੱਖਤ ਉੱਪਰ ਵੀ ਪੰਛੀਆਂ ਨੇ ਆਲ੍ਹਣੇ ਬਣਾਉਣੇ ਸ਼ੁਰੂ ਕਰ ਦਿੱਤੇ । ਬੋਹੜ ਦਾ ਦਰੱਖਤ ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਨੂੰ ਆਪਣੀ ਬੁੱਕਲ 'ਚ ਸਮੇਟ ਕੇ ਬਹੁਤ ਖੁਸ਼ ਸੀ । ਵੱਡੀ ਗੱਲ ਇਹ ਸੀ ਕਿ ਇਸ ਬੋਹੜ ਦੇ ਦਰੱਖਤ ਕੋਲ ਹੋਰ ਵੀ ਕਈ ਦਰੱਖਤ ਉੱਗਦੇ ਤਾਂ ਇਹ ਬੋਹੜ ਦਾ ਦਰੱਖਤ ਖੁਸ਼ ਹੁੰਦਾ । ਅਸਲ ਵਿਚ ਇਸ ਬੋਹੜ ਦੇ ਦਰੱਖਤ ਦੀ ਸੋਚਣੀ ਅਲੱਗ ਸੀ । ਇਹ ਸੋਚਦਾ ਸੀ ਕਿ ਮਨੁੱਖ ਤਾਂ ਦਰੱਖਤਾਂ ਨੂੰ ਕੱਟੀ ਜਾ ਰਿਹਾ ਹੈ ਪਰ ਜ਼ਿਆਦਾ ਤੋਂ ਜ਼ਿਆਦਾ ਦਰੱਖਤ ਹੋਣਗੇ ਤਾਂ ਮਨੁੱਖ ਲਈ ਵਰਦਾਨ ਹੀ ਹਨ । ਪਰ ਦੂਜਾ ਦਰੱਖਤ ਸਾੜੇ ਦੀ ਅੱਗ 'ਚ ਸੜਦਾ ਇਕੱਲਾ ਹੀ ਸੁੱਕਣਾ ਸ਼ੁਰੂ ਹੋ ਗਿਆ । ਨਦੀ ਦੇ ਪਾਣੀ ਨਾਲ ਉਸ ਦੀਆਂ ਜੜ੍ਹਾਂ ਵੀ ਨੰਗੀਆਂ ਹੋ ਜਾਂਦੀਆਂ ਪਰ ਬੋਹੜ ਦਾ ਦਰੱਖਤ ਦੂਜੇ ਦਰੱਖਤਾਂ ਦੀ ਮਦਦ ਨਾਲ ਨਦੀ ਦੇ ਪਾਣੀ ਤੋਂ ਵੀ ਬਚਿਆ ਰਹਿੰਦਾ, ਕਿਉਂਕਿ ਉਸ ਨੂੰ ਰਲ-ਮਿਲ ਕੇ ਰਹਿਣ ਨਾਲ ਅਨੰਦ ਹੀ ਹੋਰ ਆਉਂਦਾ ਸੀ । ਪਹਿਲਾਂ ਵਾਲਾ ਦਰੱਖਤ ਆਪਣੀ ਗ਼ਲਤੀ ਤੋਂ ਪਛਤਾਉਂਦਾ ਬੁਰੀ ਤਰ੍ਹਾਂ ਸੁੱਕ ਗਿਆ । ਲੱਕੜਹਾਰੇ ਉਸ ਦੀਆਂ ਸੁੱਕੀਆਂ ਟਾਹਣੀਆਂ ਕੱਟ ਕੇ ਲੈ ਜਾਂਦੇ । ਉਸ ਦੀ ਦੁਰਦਸ਼ਾ ਤਾਂ ਦੇਖਣ ਵਾਲੀ ਸੀ । ਪਰ ਬੋਹੜ ਦਾ ਦਰੱਖਤ ਤਾਂ ਹੋਰ ਤੇ ਹੋਰ ਫੈਲੀ ਗਿਆ । ਆਸੇ-ਪਾਸੇ ਉਸ ਦੀ ਗੂੜ੍ਹੀ ਛਾਂ ਦੀ ਚਰਚਾ ਤੇ ਜੱਸ ਹੋਣ ਲੱਗਾ । ਉਸ ਦੀ ਛਾਂ ਹੇਠਾਂ ਸੱਥਾਂ ਬੈਠਣੀਆਂ ਸ਼ੁਰੂ ਹੋ ਗਈਆਂ । ਬੱਚਿਆਂ ਨੇ ਪੂਰੀ ਦਿਹਾੜੀ ਖੇਡੀ ਜਾਣਾ । ਬਾਬਾ ਬੋਹੜ ਹੁਣ ਪਿੰਡ ਦੀ ਸ਼ਾਨ ਬਣ ਚੁੱਕਾ ਸੀ । ਦੂਜਾ ਦਰੱਖਤ ਤਾਂ ਇਕ ਜ਼ੋਰਦਾਰ ਹਵਾ ਦੇ ਬੁੱਲ੍ਹਾਂ ਨਾਲ ਪੁੱਟਿਆ ਗਿਆ ਤੇ ਆਪਣੀ ਹੋਂਦ ਵੀ ਭੁੱਲ ਗਿਆ ਪਰ ਇਹ ਬੋਹੜ ਦਾ ਦਰੱਖਤ ਬਾਬਾ ਬੋਹੜ ਬਣ ਗਿਆ ਸੀ । ਸੋ ਬੱਚਿਓ, ਕਦੇ ਵੀ ਕਿਸੇ ਗੱਲ ਦਾ ਹੰਕਾਰ ਨਹੀਂ ਕਰਨਾ ਚਾਹੀਦਾ । ਜੋ ਪ੍ਰਸਿੱਧੀ ਹੈ, ਪਰਮਾਤਮਾ ਦੀ ਦੇਣ ਹੈ ਤੇ ਇਹ ਕਦੇ ਵੀ ਚਿਰ ਸਦੀਵੀ ਨਹੀਂ ਹੁੰਦੀ । ਇਹ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਸੰਤਾਨ ਨੂੰ ਖੁਸ਼ ਰੱਖੋਗੇ ਤਾਂ ਬੁਢਾਪੇ 'ਚ ਤੁਹਾਨੂੰ ਵੀ ਸੁਖ ਮਿਲੇਗਾ ।



## ਰਸਤਾ ਲੱਭੋ



## ਬਿੰਦੂ ਮਿਲਾਓ



## ਰੇਲਵੇ ਬਾਰੇ ਰੌਚਿਕ ਜਾਣਕਾਰੀ



- ਵਿਸ਼ਵ ਵਿਚ ਸਭ ਤੋਂ ਪਹਿਲੀ ਰੇਲ ਗੱਡੀ ਬਰਤਾਨੀਆ ਵਿਚ ਸਾਲ 1825 ਈ: ਵਿਚ ਚਲਾਈ ਗਈ ।
- ਵਿਸ਼ਵ ਦਾ ਸਭ ਤੋਂ ਲੰਬਾ ਰੇਲਵੇ ਪਲੇਟਫਾਰਮ ਗੋਰਖਪੁਰ ਵਿਚ ਹੈ ।
- ਜਾਰਜ ਸਟੀਫੰਸਨ ਨੂੰ ਰੇਲਵੇ ਦਾ ਪਿਤਾਮਾ ਕਿਹਾ ਜਾਂਦਾ ਹੈ ।
- ਸੁਰੇਖਾ ਭੌਂਸਲੇ ਭਾਰਤ ਵਿਚ ਪਹਿਲੀ ਔਰਤ ਰੇਲਵੇ ਡਰਾਈਵਰ ਸੀ ।
- ਭਾਰਤ ਦੀ ਸਭ ਤੋਂ ਤੇਜ਼ ਚੱਲਣ ਵਾਲੀ ਟ੍ਰੇਨ ਦਾ ਨਾਂਅ 'ਗਤੀਮਾਨ ਐਕਸਪ੍ਰੈੱਸ' ਹੈ ।
- ਆਸਿਫ਼ ਅਲੀ ਭਾਰਤ ਦੇ ਪਹਿਲੇ ਰੇਲ ਮੰਤਰੀ ਸਨ ।
- ਸਾਲ 2017 ਤੋਂ ਰੇਲਵੇ ਬਜਟ ਨੂੰ ਆਮ ਬਜਟ ਨਾਲ ਮੇਲ ਦਿੱਤਾ ਗਿਆ ਹੈ ।

**ਲਿਖਤ : ਅਵਤਾਰ ਸਿੰਘ ਕਰੀਰ, ਮੋਗਾ ਮੋਬਾ: 94170-05183**

# ਬੱਚਿਆਂ ਲਈ ਹਾਨੀਕਾਰਕ ਸੰਗੀਤਕ ਸ਼ੋਰ!

**ਲਿਖਤ : ਮਨਿੰਦਰ ਕੌਰ**
maninderkaurcareers@gmail.com

ਬੱਚਿਓ, ਅੱਜਕਲ੍ਹ ਦੀ ਨੌਜਵਾਨ ਪੀੜ੍ਹੀ ਵਿਚ ਈਅਰਫੋਨ ਦਾ ਵਧਦਾ ਜਾ ਰਿਹਾ ਇਸਤੇਮਾਲ ਸਿਹਤ ਲਈ ਚੰਗਾ ਨਹੀਂ ਹੈ। ਸੰਗੀਤ ਸੁਣਨਾ ਤਾਂ ਬਹੁਤ ਚੰਗੀ ਗੱਲ ਹੈ, ਇਸ ਨਾਲ ਰੂਹ ਨੂੰ ਖੁਰਾਕ ਅਤੇ ਮਨ ਨੂੰ ਸ਼ਾਂਤੀ ਮਿਲਦੀ ਹੈ, ਪਰ ਲਗਾਤਾਰ ਕੰਨ ਵਿਚ ਈਅਰਫੋਨ ਲਗਾ ਕੇ ਤੇਜ਼ ਆਵਾਜ਼ ਵਿਚ ਗਾਣੇ ਸੁਣਨਾ, ਕੰਨਾਂ ਦੇ ਨਾਲ-ਨਾਲ ਦਿਮਾਗ਼ ਦੀ ਸਿਹਤ ਲਈ ਵੀ ਠੀਕ ਨਹੀਂ ਹੈ। ਜੇ ਤੁਸੀਂ ਈਅਰਫੋਨ 'ਤੇ ਤੇਜ਼ ਆਵਾਜ਼ ਵਿਚ ਲਗਾਤਾਰ ਗਾਣੇ ਸੁਣਦੇ ਹੋ ਤਾਂ ਇਸ ਨਾਲ ਸੁਣਨ ਦੀ ਸਮਰੱਥਾ ਵੀ ਪ੍ਰਭਾਵਿਤ ਹੋਣ ਲਗਦੀ ਹੈ। ਧੁਨੀ, ਹਵਾ ਵਿਚ ਕੰਪਨ ਨਾਲ ਪੈਦਾ ਹੁੰਦੀ ਹੈ। ਜਦੋਂ ਕੰਪਨ ਕੰਨ ਦੇ ਪੜਦਿਆਂ 'ਤੇ ਪੈਂਦੀ ਹੈ, ਤਾਂ ਸਾਨੂੰ ਕੁਝ ਵੀ ਸੁਣਾਈ ਨਹੀਂ ਦਿੰਦਾ। ਹੈੱਡਫੋਨ 'ਤੇ ਤੇਜ਼ ਆਵਾਜ਼ ਵਿਚ ਗਾਣੇ ਸੁਣਨ ਨਾਲ ਕੰਨ ਦੇ ਪੜਦਿਆਂ 'ਤੇ ਲਗਾਤਾਰ ਤੇਜ਼ ਵਾਰ ਹੁੰਦਾ ਹੈ, ਜਿਸ ਨਾਲ ਬਾਹਰ ਦੀਆਂ ਆਵਾਜ਼ਾਂ ਸੁਣਾਈ ਨਹੀਂ ਦਿੰਦੀਆਂ। ਇਸ ਨਾਲ ਦਿਮਾਗ਼ ਤੇਜ਼ ਵਾਰ ਨੂੰ ਸਹਿਣ ਕਰਨ ਦੀ ਸਮਰੱਥਾ ਵਿਕਸਿਤ ਕਰ ਲੈਂਦਾ ਹੈ, ਸੋ ਹੌਲੇ ਜਿਹੇ ਵਾਰ ਨੂੰ ਦਿਮਾਗ਼ ਪੜ੍ਹ ਨਹੀਂ ਪਾਉਂਦਾ, ਜਿਸ ਨਾਲ ਸਾਧਾਰਨ ਆਵਾਜ਼ ਨੂੰ ਸੁਣਨ ਵਿਚ ਪਰੇਸ਼ਾਨੀ ਹੁੰਦੀ ਹੈ।

ਹੈੱਡਫੋਨ/ਈਅਰਫੋਨ ਲਗਾ ਕੇ ਗਾਣੇ ਸੁਣਨ ਨਾਲ ਜਾਂ ਇਕ-ਦੂਜੇ ਦਾ ਈਅਰਫੋਨ ਵਰਤਣ ਨਾਲ ਕੰਨਾਂ ਵਿਚ ਇਨਫੈਕਸ਼ਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਕੁਝ ਲੋਕਾਂ ਦੀ ਆਦਤ ਹੁੰਦੀ ਹੈ ਕਿ ਉਹ ਹੈੱਡਫੋਨ ਲਗਾ ਕੇ ਟਾਇਲੇਟ ਚਲੇ ਜਾਂਦੇ ਹਨ। ਹੈੱਡਫੋਨ ਨੂੰ ਕਿਤੇ ਵੀ ਰੱਖ ਦਿੰਦੇ ਹਨ ਜਿਸ ਨਾਲ ਹੈੱਡਫੋਨ ਉੱਪਰ ਹਾਨੀਕਾਰਕ ਬੈਕਟੀਰੀਆ ਜਮ੍ਹਾਂ ਹੋ ਜਾਂਦੇ ਹਨ, ਜ਼ਾਹਿਰ ਹੈ ਕੰਨਾਂ ਵਿਚ ਇਨਫੈਕਸ਼ਨ ਹੋਣ ਦੀ ਸਮੱਸਿਆ ਵੱਧ ਸਕਦੀ ਹੈ। ਜੇ ਤੁਹਾਨੂੰ ਲਗਦਾ ਹੈ ਕਿ ਕੰਮ ਕਰਦੇ ਸਮੇਂ ਹੈੱਡਫੋਨ 'ਤੇ ਸੰਗੀਤ ਸੁਣਨ ਨਾਲ ਇਕਾਗਰਤਾ ਵੱਧਦੀ ਹੈ ਤਾਂ, ਤੁਸੀਂ ਗ਼ਲਤ ਹੋ। ਸ਼ੁਰੂਆਤ ਵਿਚ ਭਲੇ ਤੁਹਾਨੂੰ ਇਹ ਮਹਿਸੂਸ ਹੋਵੇ ਕਿ ਤੇਜ਼ ਸੰਗੀਤ ਤੁਹਾਨੂੰ ਕੰਮ ਦੇ ਪ੍ਰਤੀ ਇਕਾਗਰ ਕਰ ਰਿਹਾ ਹੈ, ਲੇਕਿਨ ਲੰਬੇ ਸਮੇਂ ਤੱਕ ਇਸ ਆਦਤ ਨੂੰ ਅਪਨਾਉਣ ਨਾਲ ਤੁਸੀਂ ਆਪਣੀ ਸਾਧਾਰਨ ਇਕਾਗਰਤਾ ਵੀ ਗੁਆ ਸਕਦੇ ਹੋ। ਇਸ ਨਾਲ ਕੰਨਾਂ ਦੇ ਨਾਲ-ਨਾਲ ਦਿਮਾਗ਼ ਨੂੰ ਵੀ ਨੁਕਸਾਨ ਪਹੁੰਚਦਾ ਹੈ।



ਸੋਚਣ ਵਾਲੀ ਗੱਲ ਇਹ ਹੈ ਕਿ ਅੱਜ ਦੀ 'ਲਗ਼ਜ਼ਰੀ ਆਈਟਮ' ਭਵਿੱਖ ਵਿਚ ਕਿੰਨੀ ਮਹਿੰਗੀ ਪੈਣ ਵਾਲੀ ਹੈ। ਜੇ ਤੁਸੀਂ ਆਪਣੇ ਬੱਚੇ ਦੇ ਕੰਨਾਂ 'ਤੇ ਲੱਗੇ ਏਅਰਫੋਨ ਵਿਚੋਂ ਦੀ ਆਵਾਜ਼ ਨੂੰ ਸੁਣ ਪਾ ਰਹੇ ਹੋ, ਤਾਂ ਨਿਰਸੰਦੇਹ ਇਹ ਆਵਾਜ਼ ਬੱਚੇ ਦੇ ਕੰਨਾਂ ਨੂੰ ਪੱਕੇ ਤੌਰ 'ਤੇ ਪ੍ਰਭਾਵਿਤ ਕਰੇਗੀ। 85 ਡੈਸੀਬਲ ਤੱਕ ਦੀ ਧੁਨੀ, ਕੁਝ ਸੀਮਤ ਸਮੇਂ ਲਈ ਕੰਨਾਂ ਲਈ ਸੁਰੱਖਿਅਤ ਹੈ, ਪਰ 90 ਡੈਸੀਬਲ ਤੋਂ ਵੱਧ ਧੁਨੀ, 8 ਘੰਟੇ ਪ੍ਰਤੀਦਿਨ, ਸੁਣਨ ਸ਼ਕਤੀ ਨੂੰ ਪ੍ਰਭਾਵਿਤ ਕਰੇਗੀ। ਤੱਥਾਂ ਅਨੁਸਾਰ 95 ਡੈਸੀਬਲ ਧੁਨੀ, 4 ਘੰਟੇ ਪ੍ਰਤੀਦਿਨ; ਸੁਣਨ ਤੋਂ ਬਾਅਦ, 100 ਡੈਸੀਬਲ ਧੁਨੀ, 2 ਘੰਟੇ ਪ੍ਰਤੀਦਿਨ; 105 ਡੈਸੀਬਲ ਧੁਨੀ, 1 ਘੰਟੇ ਪ੍ਰਤੀਦਿਨ; 110 ਡੈਸੀਬਲ ਧੁਨੀ 30 ਮਿੰਟ ਪ੍ਰਤੀਦਿਨ; 115 ਡੈਸੀਬਲ ਧੁਨੀ, 15 ਮਿੰਟ ਪ੍ਰਤੀਦਿਨ ਸੁਣਨ ਤੋਂ ਬਾਅਦ ; ਅਤੇ 120 ਡੈਸੀਬਲ ਤੋਂ ਵੱਧ ਧੁਨੀ, ਉਸੇ ਸਮੇਂ ਹੀ ਸੁਣਨ ਸ਼ਕਤੀ ਨੂੰ ਖਤਮ ਕਰ ਦਿੰਦੀ ਹੈ। ਈਅਰਫੋਨ ਦੀ ਲਗਾਤਾਰ ਵਰਤੋਂ ਨਾਲ ਸੁਣਨ ਸ਼ਕਤੀ 40-50 ਡੈਸੀਬਲ ਤੱਕ ਘੱਟ ਜਾਂਦੀ ਹੈ, ਸੋ 90 ਡੈਸੀਬਲ ਤੋਂ ਤੇਜ਼ ਆਵਾਜ਼ ਵਿਚ ਗਾਣੇ ਨਾ ਸੁਣੋ ਅਤੇ ਗਾਣੇ ਸੁਣਦੇ ਹੋਏ ਵਿੱਚ ਵਿੱਚ ਬਰੇਕ ਜ਼ਰੂਰ ਲਓ।

ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?






# ਕਾਵਿ-ਲਹਿਰਾਂ

## ਬਹੁਰੰਗੇ

ਨਟਾਂ ਦਾ ਨਾਚ,
ਨਕਲੀਆਂ ਦਾ ਕਿਰਦਾਰ,
ਕੌਣ ਅਦਾ ਕਰਦਾ ਹੈ ?
ਅਸਲ ਵਿਚ,
ਅਸਲ ਕਿਰਦਾਰ।
ਗਿੱਠ-ਗਿੱਠ ਜ਼ਮੀਨਾਂ ਦੇ ਟੁਕੜੇ,
ਵਿਹੜੇ ਵਿਚ ਦੀਵਾਰ।
ਜਿਉਂਦਿਆਂ ਨੂੰ ਨਾ ਕਿਸੇ ਨੇ ਪੁੱਛਣਾ,
ਅਫ਼ਸੋਸ ਮੁਰਦਿਆਂ ਦਾ,
ਕਿ ਫੇਰ ਜਨਾਬ।
ਰੱਬ-ਰੱਬ ਕਰਨਾ,
ਲੋਕਾਂ ਨੂੰ ਠੱਗਣਾ,
ਮਸਤਕ ਵਿਚ ਜੁਗਤਾਂ ਦੇ ਭੰਡਾਰ।
ਕਦੇ ਸ਼ਰਬਤੀ ਨੋਟਾਂ ਦਾ ਜਾਦੂ,
ਕਦੇ ਲੁੱਟ ਲੈਣਾ, ਬਣ ਕੇ ਭਾਈਵਾਲ।
ਬਿਨ ਅਵਾਜ਼ੋਂ, ਵੱਜਦੇ ਨੇ ਸਾਜ਼,
ਮੁਰਦੇ ਜਿਉਂਦੇ ਨੇ,
ਜਿਉਂਦਿਆਂ ਦੇ,ਜਹਿਨ ਵਿਚ ਸਰਕਾਰ।
ਬਨਵਾਸ ਜ਼ਿੰਦਗੀ ਦਾ ਨਾ ਮੁੱਕੇ,
ਰਹਿਕੇ ਬਸਤੀ ਵਿਚ ਵੀ ਕਈ ਸਾਲ।
ਚੀਰਦੀਆਂ ਹਵਾਵਾਂ ਮੌਸਮ ਨੂੰ ,
ਬਣਕੇ ਤਿੱਖੀ ਤਲਵਾਰ,
ਸੁੱਕ ਗਏ ਸਾਰੇ ਅਰਮਾਨ,
ਪੁੱਠੇ ਟੰਗੇ ਰਹੇ ਜਦ,ਖ਼ਾਬਾਂ ਵਿਚ ਖਾਸੇ ਸਾਲ।
ਈਮਾਨ ਡੋਲ ਜਾਂਦੇ ਨੇ ਸਭ ਦੇ,
ਜਦੋਂ ਨਾਅਰੇ ਗੂੰਜਦੇ ਨੇ ਸਵਾਰਥ ਦੇ,
ਚਹੁੰ ਦਿਸ਼ਾਵਾਂ ਵਿਚ ਬਣਕੇ ਬਲਵਾਨ।
ਸੱਚ ਕਹਿਣੋਂ ਕਿਸੇ ਤੋਂ ਨਹੀਂ ਡਰਦੇ,
ਫੇਰ ਉਹ ਹੋਵੇ ਕਾਜ਼ੀ,
ਜਾਂ ਹੋਵੇ ਜੱਲਾਦ।

**ਲਿਖਤ : ਨੀਰ ਪੰਜਾਬੀ ਯੂ ਐਸ ਏ**

## ਅਰਦਾਸ

ਕੀ ਮੇਰੀ ਅਰਦਾਸ ਜੋ ਧੁਰ ਨੀ ਪਹੁੰਚੀ।
ਇਕ ਵੀ ਚਿਣਗ,ਖੁਦ ਘਰ ਨੀ ਪਹੁੰਚੀ।
'ਹਉਮੈ' ਨੂੰ ਮਾਰੋ' ਉਹ ਕਹਿੰਦੇ ਰਹਿੰਦੇ,
ਅਰਥਾਂ ਦੀ ਕ੍ਰਿਪਾ,ਮਨ ਤਕ ਨੀ ਪਹੁੰਚੀ।
ਲੋਕਾਂ ਜਾਨ ਵਾਰੀ ਦੇਸ਼ ਆਜ਼ਾਦ ਲਈ,
ਖੁਸ਼ਹਾਲੀ ਮੁੜ ਕੇ ਘਰ ਤਕ ਨੀ ਪਹੁੰਚੀ।
ਅਜ਼ਾਦੀ ਪਿਛੋਂ, ਉਨ੍ਹਾਂ ਕੁਰਸੀ ਨਾ ਛੱਡੀ,
ਤੇ ਸਾਡੀ ਮੁਸਕਾਨ ਬਾਹਰ ਨੀ ਪਹੁੰਚੀ।
ਲੁੱਟ ਲੁੱਟ ਕੇ ਲੋਕਾਂ ਨੂੰ, ਲੋਟੂ ਨਾ ਥੱਕੇ,
ਲਾਲਸਾ ਸਬਰ ਤਕ ਫਿਰ ਨੀ ਪਹੁੰਚੀ।
ਹਰ ਚੀਜ਼ ਵਿਚ ਹੀ ਮਿਲਾਵਟ ਹੈ ਯਾਰੋ,
ਤਾਂ ਹੀ ਉਮਰ,ਆਖ਼ਰ ਤਕ ਨੀ ਪਹੁੰਚੀ।
ਕੀ ਤੇਰੀ ਰਹਿਮਤ,ਕੀ ਮੇਰੀ ਹਸਰਤ,
ਮੁਹੱਬਤ ਵੀ ਜਿਗਰ ਤੱਕ ਨੀ ਪਹੁੰਚੀ।
ਗਰੀਬ ਕਵੀ ਦੀ ਐਸੀ ਹਾਲਤ ਹੈ ਲੋਕੋ,
ਮਾਣ ਭੇਂਟ ਵੀ ਕਦਰ ਤਕ ਨੀ ਪਹੁੰਚੀ।

**ਲਿਖਤ : ਪ੍ਰਸ਼ੋਤਮ ਪੱਤੋ, ਮੋਗਾ**

## ਖ਼ਰਾਬ ਨਸਲਾਂ

ਚਿਮਟੇ ਵਾਜਿਆਂ ਨਾਲ ਤਾਂ
ਇਹ ਰੀਸ ਕਰਨ ਰਬਾਬਾਂ ਦੀ ।

ਫ਼ੱਕਰ ਆਖਣ ਖ਼ੁਦ ਨੂੰ ਤੇ
ਜ਼ਿੰਦਗੀ ਜੀਣ ਨਵਾਬਾਂ ਦੀ ।
ਕਹਿੰਦੇ ਰੱਬ ਸਾਦਗੀ ਵਿੱਚ,
ਆਪ ਸਾਵਣ ਸੇਜ ਗੁਲਾਬਾਂ ਦੀ ।

ਐਧਰ ਵਾਹਿਗੁਰੂ ਓਧਰ ਅੱਲ੍ਹਾ,
ਇਹ ਬਾਬੇ ਨਸਲ ਖਰਾਬਾਂ ਦੀ ।
ਓਹ ਤਾਂ ਘੁਲਿਆ ਮਿਲਿਆ ਫ਼ਿਰਦਾ,
ਵਿੱਚ ਮਿੱਟੀ ਦੋਵੇਂ ਪੰਜਾਬਾਂ ਦੀ ।

**ਲਿਖਤ : ਅਰਜ਼ਪ੍ਰੀਤ**

## ਬਦਲਾਵ

ਪਤਝੜ ਵੀ ਚੰਗੀ ਲੱਗਦੀ ਹੈ,
ਜਿਹੜੀ ਸ਼ੁਰੂਆਤ ਕਰੇ ਬਹਾਰਾਂ ਦੀ
ਪਹਿਲਾਂ ਬੱਦਲਵਾਈ ਹੁੰਦੀ ਹੈ,
ਫ਼ਿਰ ਹੁੰਦੀ ਉਡੀਕ ਫੁਹਾਰਾਂ ਦੀ।
ਕਿਥੋਂ ਲੱਭੀਏ ਉਨ੍ਹਾਂ ਤ੍ਰਿੰਝਣਾ ਨੂੰ,

ਜਿਥੋਂ ਸੁਣਦੀ ਘੂਕ ਸੀ ਚਰਖਿਆਂ ਦੀ।
ਸੱਥ, ਸ਼ਾਮਲਾਟ ਦਰਵਾਜ਼ੇ ਨਾ,
ਦਿਸਣ ਨਿਸ਼ਾਨੀ ਪੁਰਖਿਆਂ ਦੀ।
ਹੱਟੀ, ਭੱਠੀ, ਟੋਭੇ, ਖੂੰਢਾਂ ਤੇ,
ਨਾ ਚਲਦੀ ਗੱਲ ਵਿਚਾਰਾਂ ਦੀ।
ਪਤਝੜ ਵੀ...

ਘਰ ਸੁੰਨ ਮਸੁੰਨੇ ਹੋ ਗਏ ਨੇ,
ਜਿਥੇ ਵੱਡੇ ਟੱਬਰ ਵਸਦੇ ਸੀ।
ਨਾ ਚਾਹਤ ਸੀ ਕੋਈ ਅਮੀਰੀ ਦੀ
ਬਸ ਰੱਬ ਦੀ ਰਜ਼ਾ ਵਿੱਚ ਵਸਦੇ ਸੀ
ਹੋਈ ਆਪ ਮੁਹਾਰੀ ਹੁਣ ਦੁਨੀਆਂ
ਕੋਈ ਸੁਣੇਨਾ ਲਾਣੇਦਾਰਾਂ ਦੀ।
ਪੱਤਝੜ ਵੀ...

ਦੁਨੀਆਂ ਦੇ ਕਾਨੂੰਨ ਬਦਲਗੇ,
ਯੁੱਧ ਦੇ ਹਥਿਆਰ ਬਦਲਗੇ।
ਅਲੀ
ਬਦਲਿਆ ਨਾ ਗਰੀਬ ਵਿਚਾਰਾ।
ਰਾਤੋ ਰਾਤ ਸ਼ਾਹੂਕਾਰ ਬਦਲਗੇ।
ਸਭ ਮਾਲ ਫਰੀ ਵਿੱਚ ਵਿਕਦਾ ਹੈ
ਕੀ ਗੱਲ ਕਰਾਂ ਸਰਕਾਰਾਂ ਦੀ।
ਪੱਤਝੜ ਵੀ...

ਹਵਾ ਬਦਲ ਗਈ, ਪਾਣੀ ਬਦਲ ਗਿਆ।
ਚੰਗਾ ਭਲਾ ਸੀ ਹਾਣੀ ਬਦਲ ਗਿਆ।
ਯਾਰ ਬਦਲ ਗਏ, ਦਿਲਦਾਰ ਬਦਲ ਗਏ।
ਕਸਮਾਂ, ਵਾਅਦੇ, ਇਕਰਾਰ ਬਦਲ ਗਏ।
ਦੜ ਵੱਟ ਜਮਾਨਾ ਕੱਟ ਮਨਾਂ,
ਇਥੇ ਪਰਖ ਨਹੀਂ ਕਿਰਦਾਰਾਂ ਦੀ।
ਪੱਤਝੜ ਵੀ...

**ਲਿਖਤ : ਮੁਖਤਿਆਰ ਅਲੀ।**
**ਸੰਪਰਕ : 98728-96450**

## ਗ਼ਜ਼ਲ

ਇਕੋ ਰੁੱਖ ਤੇ ਪਲ਼ ਕੇ ਚਿੜੀਆਂ
ਰਹਿ ਨਾ ਸਕੀਆਂ ਰਲ਼ ਕੇ ਚਿੜੀਆਂ

ਬਾਜ਼ ਕਮੀਨੇ ਕੱਚੀਆਂ ਖਾ ਗਏ
ਬੰਦੇ ਖਾ ਗਏ ਤਲ਼ ਕੇ ਚਿੜੀਆਂ

ਇੱਕ ਇੱਕ ਪਿੰਜਰੇ ਪਾ ਦਿੰਦੇ ਨੇਂ
ਮਾਪੇ ਹੱਥੀਂ ਵਲ਼ ਕੇ ਚਿੜੀਆਂ

ਮੁੜ ਕੇ ਜੰਗਲੀਂ ਜਾ ਵੜੀਆਂ ਨੇਂ
ਸ਼ਹਿਰਾਂ ਤੋਂ ਸੜ ਬਲ਼ ਕੇ ਚਿੜੀਆਂ

ਲੈ ਨੀ ਮਾਏ ਟੁਰ ਚੱਲੀਆਂ ਨੀ
ਸ਼ਗਨਾਂ ਦੇ ਰੰਗ ਮਲ਼ ਕੇ ਚਿੜੀਆਂ

ਦੁੱਖ ਦੇ ਗੀਤ ਸੁਣਾਵਣ 'ਸੰਧੂ'
ਘਰ ਘਰ ਉਮਰੋਂ ਢਲ਼ ਕੇ ਚਿੜੀਆਂ

**ਲਿਖਤ : ਇਰਸ਼ਾਦ ਸੰਧੂ**

## ਕੋਸ਼ਿਸ਼

ਐਵੇਂ ਨਾਂ ਹਰ ਦੋਸ਼ ਲੇਖਾਂ ਸਿਰ ਧਰਿਆ ਕਰ
ਮਾੜੀ ਮੋਟੀ ਆਪ ਵੀ ਕੋਸ਼ਿਸ਼ ਕਰਿਆ ਕਰ

ਭਰਿਆਂ ਨੂੰ ਭਰਨੇ ਦਾ ਕੋਈ ਫਾਇਦਾ ਨੀ
ਵਰਨਾ ਏ ਤਾਂ ਮਾਰੂਥਲ ਵਰਿਆ ਕਰ

ਸੁੱਕੇ ਪੱਤੇ ਵਾਂਗ ਨਾ ਥਾਂ ਥਾਂ ਉੱਡਿਆ ਕਰ
ਝੱਖੜਾਂ ਅੱਗੇ ਥੋੜੀ ਦੇਰ ਤਾਂ ਅੜਿਆ ਕਰ

ਮੌਤ ਨੇ ਆਖਰ ਸਭ ਨੂੰ ਇਕ ਦਿਨ ਆਉਣਾ ਏ
ਮਰਨ ਤੋਂ ਪਹਿਲਾਂ ਈ ਨਾ ਐਵੇਂ ਮਰਿਆ ਕਰ

ਚਾਨਣ, ਦੀਵਾ, ਜੁਗਨੂੰ ਕੁਝ ਤਾਂ ਬਣ ਸੱਜਣਾ
ਵੇਖ ਹਨ੍ਹੇਰਾ ਆਪਾ ਰੋਸ਼ਨ ਕਰਿਆ ਕਰ

**ਲਿਖਤ : ਸੋਨੂੰ ਮੰਗਲ਼ੀ**
**ਫੋਨ : 98949-58011**

## ਮਾਂ ਬੋਲੀ

ਵੇ ਮੈਂ ਬੋਲੀ ਬਾਬੇ ਨਾਨਕ ਦੀ,
ਤੁਸੀਂ ਰੋਲਿਆ ਵਿੱਚ ਬਜ਼ਾਰਾਂ !

ਮੈਨੂੰ ਲਿਖਿਆ ਸੀ ਕਦੇ ਬੁੱਲੇ ਨੇ ,
ਪੜ੍ਹਿਆ ਸ਼ਾਹ ਮੁੰਹਮਦ ਯਾਰਾਂ !

ਮੈਨੂੰ ਵਾਰਿਸ਼ ਵਰਗੇ ਲਿਖਦੇ ਰਹੇ,
ਮੇਰੇ ਪੁੱਤ ਕਈ ਫ਼ਰੀਦ ਹਜਾਰਾਂ !

ਮੇਰੇ ਪੰਜ ਆਬ ਜੋ ਲਾਡਲੇ ਸੀ ,
ਅੱਜ ਜ਼ਹਿਰ ਦੀਆਂ ਬਣਗੇ ਧਾਰਾਂ !

ਜੱਗ ਤੇ ਜਿਉਣ ਜੁਬਾਨਾਂ ਉਹ,
ਜਿਸ ਦੀਆਂ ਪੁੱਤਰ ਲੈਂਦੇ ਸਾਰਾਂ !

ਵੇ ਮੈਂ ਤਾਂ ਮਾਖਿਓਂ ਮਿੱਠੀ ਸੀ,
ਵਿੱਚ ਰਲ ਗਏ ਸ਼ਬਦ ਹਜ਼ਾਰਾਂ !

ਕਦੇ ਜੰਮੇਂ ਭਗਤ ਸਰਾਭੇ ਸੀ,
ਹੁਣ ਦੇ ਗੱਭਰੂ ਬਣ ਗਏ ਡਾਰਾਂ !

ਪਤ ਲੁੱਟ ਲਈ ਆਪਣਿਆਂ ਨੇ ,
ਵੱਢ ਕੇ ਟੋਟੇ ਕਰੇ ਹਜ਼ਾਰਾਂ !

ਵੇ ਮੈਨੂੰ ਵਿੱਚ ਸੰਨ ਸੰਤਾਲ਼ੀ ਦੇ ,
ਪਈਆਂ ਪੁੱਤਰਾਂ ਹੱਥੋਂ ਮਾਰਾਂ !

ਫੇਰ ਆ ਕੇ ਵਿੱਚ ਚੌਰਾਸੀ ਦੇ ,
ਕਾਲ਼ਾ ਮੂੰਹ ਕਰਿਆ ਸਰਕਾਰਾਂ !

ਹੁਣ ਦੁੱਖੜੇ ਹੋਰ ਵੀ ਡਾਹਡੇ ਨੇ ,
ਮੇਰੀਆਂ ਬਿੰਨ੍ਹੀਆਂ ਪਈਆਂ ਨਾੜਾਂ !

ਲਓ ਸਾਂਭ ਵੇ ਹੁਣ ਜੀਤ ਸਿਆਂ ,
ਇਹ ਤਾਂ ਗੰਦੀਆਂ ਨੇ ਸਰਕਾਰਾਂ !

**ਲਿਖਤ : ਸਰਬਜੀਤ ਸਿੰਘ ਨਮੋਲ**
**ਸੰਪਰਕ : 98773-58044**

## ਕੇਂਦਰ ਬਨਾਮ ਪੰਜਾਬ ਸਰਕਾਰ

ਪੰਜਾਬ ਦੀ ਤਰੱਕੀ ਰੋਕਣ ਲਈ,
ਕੇਂਦਰ ਪੂਰੀ ਵਾਹ ਹੈ ਲਾਉਂਦਾ ।
ਹਰ ਵਧੀਆ ਸਕੀਮ ਨੂੰ ਫੇਲ੍ਹ ਕਰਨ ਲਈ,
ਮੋਦੀ ਸਾਹਬ ਉਹੀ ਪੁਰਾਣੇ ਵਾਜੇ ਵਜਾਉਂਦਾ।

ਨਸ਼ੇ ਬੰਦ ਕਰਨੇ, ਲੱਚਰ ਗਾਇਕੀ ਸ਼ੋਰ ਪ੍ਰਦੂਸ਼ਣ,
ਟੋਲ ਪਲਾਜ਼ੇ ਖੇਤੀ ਅਧਾਰਤ ਉਦਯੋਗ ਤੇ ਹੋਰ।
ਬਿਨਾਂ ਗੱਲ ਤੋਂ ਵਿਰੋਧੀਆਂ ਨੂੰ ਚੱਕ ਦੱਬ ਕਰਕੇ,
ਕਰਨਾ ਚਾਹੁੰਦੇ ਭਗਵੰਤਮਾਨ ਦੀ ਪਕੜ ਕਮਜ਼ੋਰ

ਮੀਡੀਆ ਵੀ ਆਪਣੇ ਵੱਲ ਕਰ ਰੱਖਿਆ ਭੰਡੀ ਪ੍ਰਚਾਰ ਲਈ,
ਮਿੱਟੀ ਪੁਟਦੇ ਮਾਨ ਸਰਕਾਰ ਨੂੰ ਬਦਨਾਮ ਕਰਨ ਵਾਸਤੇ ।
ਮਾਨ ਵੀ ਕੱਚੀਆਂ ਗੋਲੀਆਂ ਨ੍ਹੀਂ ਖੇਡਿਆ ,
ਅੰਕੜਿਆਂ ਸਬੂਤਾਂ ਸਮੇਤ ਕਰੇ ਕਾਰਵਾਈ,
ਜਨਤਾ ਨੂੰ ਸਾਵਧਾਨ ਕਰਨ ਵਾਸਤੇ।

ਸਾਰੇ ਪੰਜਾਬੀ ਜਾਗਰੂਕ ਹੋ ਰਹੇ ਬਹਾਦਰੀ ਦੀ ਬਣ ਰਹੇ ਮਿਸਾਲ,
ਆਰਐਸਐਸ ਦੇ ਪੈਂਤੜੇ ਨੂੰ ਹਰ ਫਰੰਟ ਤੇ ਕਰਨ ਨਾਕਾਮ।
ਅਖ਼ਬਾਰਾਂ ਤੇ ਮੀਡੀਏ ਚ ਭੰਬਲਭੂਸਾ ਪਾਈ ਰੱਖਦੇ,
ਸਿਆਣੇ ਤੇ ਇਨਕਲਾਬੀ ਲੋਕਾਂ ਨੂੰ ਉਨ੍ਹਾਂ ਦੀ ਹੋ ਗਈ ਪਹਿਚਾਣ।

**ਲਿਖਤ : ਅਮਰਜੀਤ ਸਿੰਘ ਤੂਰ**
**ਸੰਪਰਕ : 9878469639**

## ਨਕਲੀ ਚਿਹਰੇ

ਪਹਿਲਾਂ ਵਰਗੇ ਲੋਕ ਰਹੇ ਨਾ,
ਨਾ ਪਹਿਲਾਂ ਵਰਗੀਆਂ ਪ੍ਰੀਤਾਂ।
ਨਕਲੀ ਨਕਲੀ ਚਿਹਰੇ ਨੇ ਤੇ,
ਖੋਟੀਆਂ ਜਿਹੀਆਂ ਨੀਤਾਂ।
ਪਹਿਲਾਂ ਵਰਗੇ....

ਪਹਿਲੋਂ ਪਿਆਰ ਸੀ ਸੱਚੇ ਸੁੱਚੇ,
ਇਬਾਦਤ ਵਰਗੀਆਂ ਯਾਰੀਆਂ।
ਹੁਣ ਤਾਂ ਛੁਰੀਆਂ ਪਿੱਠਾਂ ਦੇ ਵਿੱਚ,
ਭਾਈਆਂ ਯਾਰਾਂ ਮਾਰੀਆਂ।
ਜ਼ਹਿਰ ਮਿਲਾ ਦੇ ਗਏ ਚੂਰੀ,
ਤਰਸ ਨਾ ਮਨ ਵਿੱਚ ਮੀਤਾਂ।
ਪਹਿਲਾਂ ਵਰਗੇ.....

ਮਾਇਆ ਪਿੱਛੇ ਪਾਗਲ ਹੋਏ,
ਛੋਟੇ ਵੱਡੇ ਕਰ ਲਏ ਕਾਰੇ।
ਝੂਠੀਆਂ ਕਸਮਾਂ ਖਾ ਕੇ ਮੁੱਕਰੇ,
ਤੇਰੇ ਮੇਰੇ ਸੱਭ ਡਕਾਰੇ।
ਝੂਠੇ ਖੁਸ਼ੀ ਗਮੀ ਦੇ ਚੋਜ ਤੇ,
ਦਿਖਾਵੇ ਰਹਿ ਗਈਆਂ ਰੀਤਾਂ।
ਪਹਿਲਾਂ ਵਰਗੇ.....

ਤੁਰ ਗਏ ਕਈ 'ਕੱਠੀ ਕਰਦੇ,
ਹੁਣ ਨਵਿਆਂ ਕੁੰਡਲੀ ਮਾਰੀ।
ਸਾਰਾ ਜਹਾਨ ਜਿੱਤ ਕੇ ਏਸ,
ਮਾਇਆ ਤੋਂ ਦੁਨੀਆਂ ਹਾਰੀ।
ਰੋਂਦੇ ਹਉਕੇ ਲੈ ਕੇ ਰਿਸ਼ਤੇ,
ਵਿੱਚ ਮਨਜੀਤ ਦੇ ਗੀਤਾਂ।
ਪਹਿਲਾਂ ਵਰਗੇ.....

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ : 94646-33059**

## ਗ਼ਜ਼ਲ

ਸੁਣਕੇ ਭੋਰਾ ਨੁਕਤਾਚੀਨੀ,
ਐਵੇਂ ਹੀ ਨਾ ਠਰਿਆ ਕਰ
ਝੂਠੀ ਸ਼ੋਹਰਤ ਵਾਹ-ਵਾਹ ਸੁਣਕੇ,
ਅਰਸ਼ੀਂ ਨਾ ਤੂੰ ਚੜਿਆ ਕਰ

ਕਿੱਥੇ ਅੰਤਰ, ਕਿਉਂ ਉਲਝੀ ਤਾਣੀ,
ਵਿਗੜੀ ਕਿੰਝ ਕਹਾਣੀ
ਆਤਮ ਚਿੰਤਨ ਚੁਪਕੇ- ਚੁਪਕੇ,
ਅੰਦਰ ਹੀ ਤੂੰ ਕਰਿਆ ਕਰ

ਚੱਕਰਵਿਊ ਹੈ ਜੱਗ ਪਸਾਰਾ,
ਘਿਰ ਦਾ ਹਰ ਅਭਮੰਨਿਊ ਏ
ਕਰਮ ਕਮਾਉਂਦੇ ਧਰਮ ਕਮਾਉਂਦੇ,
ਸੀਸ ਤਲੀ ਤੇ ਧਰਿਆ ਕਰ

ਮਸਲੇ ਘਰ ਸੁਲਝਾ ਲੈ ਪਹਿਲਾਂ,
ਸੱਥ 'ਚ ਫੇਰ ਸੁਲਾਹਾਂ ਦੇ
ਹਾਸੇ ਦੇਖ ਗਵਾਂਡੀ ਘਰ ਦੇ,
ਐਵੇਂ ਹੀ ਨਾ ਸੜਿਆ ਕਰ

ਜਗਤ ਤਮਾਸ਼ਾ ਬਣਜੇ ਪਲ ਵਿਚ,
ਉੱਚੀ ਸੁੱਚੀ ਹਸਤੀ ਵੀ
ਇਨਸਾਫ਼ ਤਰਾਜ਼ੂ ਹੱਥ ਖ਼ੁਦਾ ਦੇ,
ਨਾ ਠਹਾਕੇ ਜੜਿਆ ਕਰ

ਭਗਵਤ ਗੀਤਾ ਪੜ੍ਹ ਉਪਨਿਸ਼ਦਾ,
ਵੇਦ,ਪੁਰਾਨ ਸਿਮਰਤੀਆਂ
ਸੰਵਾਦ ਰਚਾ ਅੰਦਰ ਖ਼ੁਦ ਦੇ,
ਅਪਣਾ ਮਨ ਵੀ ਪੜਿਆ ਕਰ

ਪਿੰਡ ਉਜਾੜੇ ਵਿੱਚ ਖਿਆਲ਼ੀ,
ਕਬਜ਼ੇ ਕਰ ਕਰ ਪੈਲ਼ੀ 'ਤੇ
ਮਾਰਨ ਨਾਲੋਂ ਹੋਰ ਕਿਸੇ ਨੂੰ,
ਚਿੰਤਨ ਅੰਦਰ ਮਰਿਆ ਕਰ

ਬੁੱਧ ਬਣੇ ਤੂੰ ਮੈਂ ਨਾ ਆਖਾਂ,
ਨਾ ਲੁੱਟ ਸਿਕੰਦਰ ਜਿਉਂ
ਸੰਤ ਸਿਪਾਹੀ ਬਣ ਕੇ ਦਾਨੀ,
ਸੱਚ ਨਿਆਂ ਨੂੰ ਵਰਿਆ ਕਰ

ਤੋੜ ਦਮਾ ਨੇ ਦੇਣੀ ਯਾਰੀ,
"ਬਾਲੀ" ਹੋ ਜਾਣੈ ਪਾਣੀ
ਖ਼ਾਕ ਕਹਾਣੀ ਅੰਤਮ ਜਾਣੀ,
ਸੇਕ ਹਿਜਰ ਦਾ ਜਰਿਆ ਕਰ

**ਲਿਖਤ : ਬਾਲੀ ਰੇਤਗੜ੍ਹ**
**ਸੰਪਰਕ : +919465129168**


## ਕੋਸ਼ਿਸ਼

ਐਵੇਂ ਨਾਂ ਹਰ ਦੋਸ਼ ਲੇਖਾਂ ਸਿਰ ਧਰਿਆ ਕਰ
ਮਾੜੀ ਮੋਟੀ ਆਪ ਵੀ ਕੋਸ਼ਿਸ਼ ਕਰਿਆ ਕਰ

ਭਰਿਆਂ ਨੂੰ ਭਰਨੇ ਦਾ ਕੋਈ ਫਾਇਦਾ ਨੀ
ਵਰਨਾ ਏ ਤਾਂ ਮਾਰੂਥਲ ਵਰਿਆ ਕਰ

ਸੁੱਕੇ ਪੱਤੇ ਵਾਂਗ ਨਾ ਥਾਂ ਥਾਂ ਉੱਡਿਆ ਕਰ
ਝੱਖੜਾਂ ਅੱਗੇ ਥੋੜੀ ਦੇਰ ਤਾਂ ਅੜਿਆ ਕਰ

ਮੌਤ ਨੇ ਆਖਰ ਸਭ ਨੂੰ ਇਕ ਦਿਨ ਆਉਣਾ ਏ
ਮਰਨ ਤੋਂ ਪਹਿਲਾਂ ਈ ਨਾ ਐਵੇਂ ਮਰਿਆ ਕਰ

ਚਾਨਣ, ਦੀਵਾ, ਜੁਗਨੂੰ ਕੁਝ ਤਾਂ ਬਣ ਸੱਜਣਾ
ਵੇਖ ਹਨ੍ਹੇਰਾ ਆਪਾ ਰੋਸ਼ਨ ਕਰਿਆ ਕਰ

**ਲਿਖਤ : ਸੋਨੂੰ ਮੰਗਲ਼ੀ**
**ਫੋਨ : 98949-58011**



# ਨਾਰੀ ਸੰਸਾਰ





## ਬੱਚਿਆਂ ਨੂੰ ਇਮਤਿਹਾਨਾਂ ਦੀ ਤਿਆਰੀ ਕਿਵੇਂ ਕਰਾਈਏ

ਕੁਝ ਵਿਦਿਆਰਥੀ ਇਮਤਿਹਾਨ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੜ੍ਹਨਾ ਪਸੰਦ ਕਰਦੇ ਹਨ ਅਤੇ ਇਹ ਵੀ ਵੇਖਣ 'ਚ ਆਉਂਦਾ ਹੈ ਕਿ ਉਨ੍ਹਾਂ 'ਚੋਂ ਕੁਝ ਆਖਰੀ ਸਮੇਂ 'ਚ ਯਾਦ ਕਰਨ (ਰਟਨ) 'ਚ ਕਾਮਯਾਬ ਵੀ ਹੋ ਜਾਂਦੇ ਹਨ, ਪਰ ਇਸ ਨੂੰ ਵਿਆਪਕ ਤੌਰ 'ਤੇ ਚੰਗਾ ਨਹੀਂ ਮੰਨਿਆ ਜਾਂਦਾ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਪੜ੍ਹਾਈ ਲਈ ਇਕ ਸਮਾਂ ਸਾਰਨੀ ਬਣਾਉਣੀ ਚਾਹੀਦੀ ਹੈ ਅਤੇ ਉਸੇ ਨੂੰ ਧਿਆਨ 'ਚ ਰੱਖ ਕੇ ਤੁਸੀਂ ਆਪਣੀ ਪੜ੍ਹਾਈ ਲਈ ਸਮਾਂ ਨਿਸਚਿਤ ਕਰ ਸਕਦੇ ਹੋ। ਸਮਾਂ ਸਾਰਨੀ 'ਚ ਤੁਸੀਂ ਇਹ ਵੀ ਲਿਖ ਸਕਦੇ ਹੋ ਕਿ ਤੁਹਾਡੇ ਕਿੰਨੇ ਪੇਪਰ ਹਨ ਅਤੇ ਕਿਸ ਦਿਨ ਤੁਹਾਨੂੰ ਉਸ 'ਚ ਬੈਠਣਾ ਹੈ। ਫਿਰ ਉਸੇ ਨੂੰ ਧਿਆਨ 'ਚ ਰੱਖ ਕੇ ਆਪਣਾ ਪੜ੍ਹਾਈ ਦਾ ਸਮਾਂ ਤੈਅ ਕਰੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਕੁਝ ਵਿਸ਼ਿਆਂ ਨੂੰ ਦੂਜਿਆਂ ਦੀ ਤੁਲਨਾ 'ਚ ਕੁਝ ਜ਼ਿਆਦਾ ਸਮਾਂ ਅਤੇ ਤਰਜੀਹ ਦੇ ਸਕਦੇ ਹੋ। ਇਸ ਤਰੀਕੇ ਨਾਲ ਪੜ੍ਹਨ ਨਾਲ ਤੁਸੀਂ ਸਹਿਜ ਮਹਿਸੂਸ ਕਰ ਸਕਦੇ ਹੋ।

**ਪੜ੍ਹਾਈ ਲਈ ਢੁਕਵੀਂ ਥਾਂ ਦੀ ਚੋਣ :** ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਆਪਣੀਆਂ ਪਾਠ-ਪੁਸਤਕਾਂ ਅਤੇ ਨੋਟਸ ਰੱਖਣ ਲਈ ਕਾਫ਼ੀ ਥਾਂ ਹੈ। ਇਹ ਵੀ ਧਿਆਨ ਰੱਖੋ ਕਿ ਜਿਹੜੀ ਤੁਹਾਡੀ ਪੜ੍ਹਨ ਵਾਲੀ ਥਾਂ ਹੈ, ਕੀ ਉੱਥੇ ਪੂਰੀ ਰੌਸ਼ਨੀ ਹੈ? ਕੀ ਤੁਹਾਡੀ ਕੁਰਸੀ ਆਰਾਮ ਦਾਇਕ ਹੈ? ਕੀ ਕੰਪਿਊਟਰ ਗੇਮਜ਼ ਤੁਹਾਡੀਆਂ ਨਜ਼ਰਾਂ ਤੋਂ ਦੂਰ ਹਨ? ਕੋਸ਼ਿਸ਼ ਕਰੋ ਕਿ ਤੁਸੀਂ ਇਨ੍ਹਾਂ ਸਾਰੀਆਂ ਭਟਕਣਾਂ ਨੂੰ ਦੂਰ ਕਰ ਸਕੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਜਿੰਨਾ ਸੰਭਵ ਹੋ ਸਕੇ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਮਹਿਸੂਸ ਕਰਦੇ ਹੋਵੋ। ਕੁਝ ਲੋਕਾਂ ਲਈ ਇਸ ਦਾ ਮਤਲਬ ਲਗਭਗ ਪੂਰੀ ਤਰ੍ਹਾਂ ਸ਼ਾਂਤੀ ਹੋ ਸਕਦੀ ਹੈ, ਜਦੋਂ ਕਿ ਹੋਰਾਂ ਲਈ ਪੜ੍ਹਾਈ ਕਰਦੇ ਸਮੇਂ ਪਿੱਛੇ ਮੱਧਮ ਸੰਗੀਤ ਉਨ੍ਹਾਂ ਦਾ ਧਿਆਨ ਪੜ੍ਹਾਈ 'ਤੇ ਕੇਂਦਰਿਤ ਕਰਨ 'ਚ ਮਦਦ ਕਰਦਾ ਹੈ। ਸਾਡੇ 'ਚੋਂ ਕੁਝ ਨੂੰ ਧਿਆਨ ਕੇਂਦਰਿਤ ਕਰਨ ਲਈ ਹਰ ਚੀਜ਼ ਨੂੰ ਪੂਰੀ ਤਰ੍ਹਾਂ ਨਾਲ ਸਾਫ਼-ਸੁਥਰਾ ਅਤੇ ਸੰਗਠਿਤ ਕਰਨ ਦੀ ਲੋੜ ਹੁੰਦੀ ਹੈ, ਜਦੋਂ ਕਿ ਕਈ ਅਵਿਵਸਥਿਤ ਵਾਤਾਵਰਨ 'ਚ ਵਧਦੇ-ਫੁੱਲਦੇ ਹਨ। ਇਸ ਬਾਰੇ ਸੋਚੋ ਕਿ ਤੁਹਾਡੇ ਲਈ ਇਨ੍ਹਾਂ 'ਚੋਂ ਕਿਹੜਾ ਕੰਮ ਸਹੀ ਹੈ ਅਤੇ ਇਸ ਨੂੰ ਠੀਕ ਕਰਨ ਲਈ ਸਮਾਂ ਕੱਢੋ।

**ਯਾਦ ਰੱਖਣ ਲਈ ਚਿੱਤਰਾਂ ਦੀ ਵਰਤੋਂ :** ਅਸਲ 'ਚ ਰਿਵੀਜ਼ਨ ਕਰਨ ਸਮੇਂ ਚਿੱਤਰ (ਡਾਇਗਰਾਮਸ) ਮਦਦਗਾਰ ਸਾਬਤ ਹੋ ਸਕਦੇ ਹਨ। ਕਿਸੇ ਵਿਸ਼ੇ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਖੁਦ ਨੂੰ ਚੁਣੌਤੀ ਦਿਓ, ਇਹ ਦੇਖੋ ਕਿ ਤੁਸੀਂ ਉਸ ਵਿਸ਼ੇ ਬਾਰੇ ਜੋ ਕੁਝ ਵੀ ਪਹਿਲਾਂ ਤੋਂ ਜਾਣਦੇ ਹੋ, ਉਸ ਨੂੰ ਲਿਖੋ ਅਤੇ ਫਿਰ ਦੇਖੋ ਕਿ ਫ਼ਰਕ ਕਿੱਥੇ ਹੈ, ਉਸ ਨੂੰ ਨੋਟ ਕਰੋ। ਇਮਤਿਹਾਨ ਦੇ ਨੇੜੇ, ਆਪਣੇ ਰਿਵੀਜ਼ਨ ਨੋਟਸ ਨੂੰ ਇਕ ਪੰਨੇ ਦੇ ਚਿੱਤਰਾਂ ਬਣਾ ਕੇ ਯਾਦ ਕਰੋ। ਇਸ ਤਰ੍ਹਾਂ ਰਿਵੀਜ਼ਨ ਦੌਰਾਨ ਆਪਣੇ ਵਿਚਾਰਾਂ ਨੂੰ ਲਿਖਣ ਨਾਲ ਤੁਹਾਨੂੰ ਇਮਤਿਹਾਨ ਦੌਰਾਨ ਜਾਣਨ ਲਈ ਜ਼ਰੂਰੀ ਸਾਰੀਆਂ ਚੀਜ਼ਾਂ ਨੂੰ ਜਲਦੀ ਯਾਦ ਕਰਨ 'ਚ ਮਦਦ ਮਿਲ ਸਕਦੀ ਹੈ।

**ਪੁਰਾਣੇ ਪੇਪਰਾਂ 'ਤੇ ਅਭਿਆਸ :** ਇਮਤਿਹਾਨਾਂ ਦੀ ਤਿਆਰੀ ਕਰਨ ਦੇ ਸਭ ਤੋਂ ਪ੍ਰਭਾਵੀ ਤਰੀਕਿਆਂ 'ਚੋਂ ਇਕ ਪਿਛਲੇ ਪੇਪਰਾਂ ਨੂੰ ਹੱਲ ਕਰਨ ਦਾ ਅਭਿਆਸ ਕਰਨਾ ਹੈ। ਇਹ ਤੁਹਾਨੂੰ ਪ੍ਰਸ਼ਨਾਂ ਦੇ ਸਰੂਪ ਤੋਂ ਵੀ ਜਾਣੂ ਕਰਵਾਉਣ 'ਚ ਮਦਦ ਕਰਦਾ ਹੈ ਅਤੇ ਜੇਕਰ ਤੁਸੀਂ ਖ਼ੁਦ ਨੂੰ ਸਮਾਂ ਦਿੰਦੇ ਹੋ ਤਾਂ ਇਸ ਨਾਲ ਤੁਹਾਨੂੰ ਚੰਗਾ ਅਭਿਆਸ ਵੀ ਹੋ ਜਾਂਦਾ ਹੈ ਅਤੇ ਤੁਸੀਂ ਪ੍ਰਸ਼ਨ ਪੱਤਰ ਦੇ ਹਰੇਕ ਭਾਗ 'ਤੇ ਸਹੀ ਮਾਤਰਾ 'ਚ ਸਮਾਂ ਬਤੀਤ ਕਰ ਸਕਦੇ ਹੋ।

**ਗਰੁੱਪ ਬਣਾ ਕੇ ਪੜ੍ਹਨਾ :** ਦੋਸਤਾਂ ਨਾਲ ਮਿਲ ਕੇ ਗਰੁੱਪ ਬਣਾ ਕੇ ਪੜ੍ਹਾਈ ਕਰੋ। ਤੁਹਾਡੇ ਕੋਲ ਅਜਿਹੇ ਪ੍ਰਸ਼ਨ ਹੋ ਸਕਦੇ ਹਨ, ਜਿਨ੍ਹਾਂ ਦੇ ਉੱਤਰ ਤੁਹਾਡੇ ਉਨ੍ਹਾਂ ਦੋਸਤਾਂ ਦੇ ਕੋਲ ਹੋ ਸਕਦੇ ਹਨ। ਜਦੋਂ ਤੁਸੀਂ ਇਕ-ਦੂਜੇ ਨਾਲ ਵਿਚਾਰ-ਚਰਚਾ ਕਰਕੇ ਪੜ੍ਹਾਈ ਕਰਦੇ ਹੋ ਤਾਂ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਉਹ ਵਿਸ਼ਾ ਚੰਗੀ ਤਰ੍ਹਾਂ ਯਾਦ ਹੋ ਜਾਂਦਾ ਹੈ, ਇਹ ਬਹੁਤ ਹੀ ਕਾਰਗਰ ਤਰੀਕਿਆਂ 'ਚੋਂ ਇਕ ਹੈ।

**ਸਮੇਂ-ਸਮੇਂ 'ਤੇ ਆਰਾਮ ਲੈਣਾ :** ਜੇਕਰ ਤੁਸੀਂ ਸੋਚਦੇ ਹੋ ਕਿ ਪੜ੍ਹਾਈ ਕਰਨ ਦਾ ਸਭ ਤੋਂ ਵਧੀਆ ਤਰੀਕਾ ਜ਼ਿਆਦਾ ਤੋਂ ਜ਼ਿਆਦਾ ਸਮੇਂ ਤੱਕ ਪੜ੍ਹਨਾ ਹੈ ਤਾਂ ਹਕੀਕਤ ਇਸ ਤੋਂ ਉਲਟ ਵੀ ਹੋ ਸਕਦੀ ਹੈ। ਉਦਾਹਰਨ ਲਈ ਜੇਕਰ ਤੁਸੀਂ ਮੈਰਾਥਨ ਦੌੜਨ ਦਾ ਅਭਿਆਸ ਕਰਦੇ ਹੋ ਤਾਂ ਤੁਸੀਂ ਦਿਨ 'ਚ 24 ਘੰਟੇ ਦੌੜਨ ਦੀ ਕੋਸ਼ਿਸ਼ ਨਹੀਂ ਕਰੋਗੇ। ਇਸੇ ਤਰ੍ਹਾਂ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਨਿਯਮਿਤ ਸਮੇਂ 'ਤੇ ਆਰਾਮ (ਬਰੇਕ) ਲੈਣ ਨਾਲ ਲੰਬੇ ਸਮੇਂ ਤੱਕ ਯਾਦ ਰੱਖਣ 'ਚ ਮਦਦ ਮਿਲਦੀ ਹੈ। ਹਰ ਕੋਈ ਵੱਖਰਾ ਹੁੰਦਾ ਹੈ, ਇਸ ਲਈ ਪੜ੍ਹਾਈ ਲਈ ਇਕ ਸਮਾਂ ਸਾਰਨੀ ਬਣਾਓ, ਜਿਸ ਮੁਤਾਬਕ ਤੁਸੀਂ ਪੜ੍ਹ ਸਕੋ। ਜੇਕਰ ਤੁਹਾਨੂੰ ਸਵੇਰ ਸਮੇਂ ਪੜ੍ਹਨਾ ਚੰਗਾ ਲਗਦਾ ਹੈ ਤੇ ਤੁਹਾਨੂੰ ਉਸ ਸਮੇਂ ਪੜ੍ਹਿਆ ਚੰਗੀ ਤਰ੍ਹਾਂ ਯਾਦ ਰਹਿੰਦਾ ਹੈ ਤਾਂ ਤੁਸੀਂ ਉਸੇ ਸਮੇਂ ਵੱਧ ਤੋਂ ਵੱਧ ਪੜ੍ਹਨ ਦੀ ਕੋਸ਼ਿਸ਼ ਕਰੋ ਅਤੇ ਜੇਕਰ ਤੁਹਾਨੂੰ ਰਾਤ ਸਮੇਂ ਪੜ੍ਹਨ 'ਤੇ ਚੰਗੀ ਤਰ੍ਹਾਂ ਯਾਦ ਰਹਿੰਦਾ ਹੈ ਤਾਂ ਤੁਸੀਂ ਰਾਤ ਸਮੇਂ ਪੜ੍ਹਨ ਨੂੰ ਤਰਜੀਹ ਦਿਓ ਪਰ ਇਹ ਧਿਆਨ ਰੱਖੋ ਕਿ ਤੁਸੀਂ ਨਿਯਮਿਤ ਸਮੇਂ 'ਤੇ ਆਰਾਮ ਲਓ।

**ਜੰਕ ਫੂਡ ਤੋਂ ਬਚੋ :** ਤੁਸੀਂ ਜੋ ਵੀ ਖਾਂਦੇ ਹੋ, ਉਸ ਦਾ ਅਸਰ ਤੁਹਾਡੇ ਸਰੀਰ ਤੇ ਦਿਮਾਗ 'ਤੇ ਪੈਂਦਾ ਹੈ। ਇਸ ਲਈ ਇਹ ਯਕੀਨੀ ਬਣਾਓ ਕਿ ਤਲੀਆਂ ਚੀਜ਼ਾਂ ਜਾਂ ਜੰਕ ਫੂਡ ਨਾ ਖਾਓ, ਖ਼ਾਸਕਰ ਇਮਤਿਹਾਨਾਂ ਦੇ ਦਿਨਾਂ 'ਚ। ਇਨ੍ਹਾਂ ਦਿਨਾਂ 'ਚ ਤੁਸੀਂ ਮੱਛੀ, ਸੁੱਕੇ ਮੇਵੇ, ਬੀਜ, ਦਹੀ ਅਤੇ ਬਲੂਬੇਰੀ ਜਿਹੇ ਪੌਸ਼ਟਿਕ ਪਦਾਰਥ ਲੈ ਸਕਦੇ ਹੋ, ਜੋ ਤੁਹਾਡੇ ਸਰੀਰ ਤੇ ਦਿਮਾਗ਼ ਲਈ ਫਾਇਦੇਮੰਦ ਸਿੱਧ ਹੋ ਸਕਦੇ ਹਨ। ਇਸ ਤੋਂ ਇਲਾਵਾ ਇਮਤਿਹਾਨ ਦੇ ਦਿਨਾਂ 'ਚ ਪੌਸ਼ਟਿਕ ਭੋਜਨ ਖਾਓ। ਤੁਹਾਡਾ ਭੋਜਨ ਉਨ੍ਹਾਂ ਖਾਧ ਪਦਾਰਥਾਂ 'ਤੇ ਆਧਾਰਿਤ ਹੋਣਾ ਚਾਹੀਦਾ ਹੈ, ਜੋ ਤੁਹਾਨੂੰ ਹਰ ਸਮੇਂ ਊਰਜਾਵਾਨ ਬਣਾਈ ਰੱਖਣ 'ਚ ਮਦਦ ਕਰਨ।

**ਕੁਝ ਵੀ ਕੱਲ੍ਹ 'ਤੇ ਨਾ ਛੱਡੋ :** ਇਹ ਯਕੀਨੀ ਬਣਾਓ ਕਿ ਤੁਸੀਂ ਇਮਤਿਹਾਨ ਤੋਂ ਪਹਿਲਾਂ ਸਭ ਕੁਝ ਚੰਗੀ ਤਰ੍ਹਾਂ ਪੜ੍ਹ ਜਾਂ ਯਾਦ ਕਰ ਲਿਆ ਹੈ। ਤੁਸੀਂ ਕੁਝ ਵੀ ਕੱਲ੍ਹ 'ਤੇ ਨਹੀਂ ਛੱਡ ਸਕਦੇ। ਇਹ ਨਾ ਹੋਵੇ ਕਿ ਤੁਹਾਨੂੰ ਅਚਾਨਕ ਯਾਦ ਆਵੇ ਕਿ ਇਹ ਚੀਜ਼ ਰਹਿ ਗਈ ਜਾਂ ਉਹ ਚੀਜ਼ ਰਹਿ ਗਈ। ਇਸ ਲਈ ਇਮਤਿਹਾਨ ਵਾਲੇ ਦਿਨ ਤੋਂ ਪਹਿਲਾਂ ਤੱਕ ਇਹ ਯਕੀਨੀ ਬਣਾਓ ਕਿ ਤੁਸੀਂ ਇਮਤਿਹਾਨ ਲਈ ਚੰਗੀ ਤਰ੍ਹਾਂ ਤਿਆਰ ਹੋ। ਇਮਤਿਹਾਨ ਤੋਂ ਪਹਿਲਾਂ ਵੱਧ ਤੋਂ ਵੱਧ ਲਿਖ ਕੇ ਯਾਦ ਕਰਨ 'ਤੇ ਜ਼ੋਰ ਦਿਓ। ਇਸ ਤੋਂ ਇਲਾਵਾ ਪ੍ਰੀਖਿਆ ਕੇਂਦਰ 'ਚ ਇਮਤਿਹਾਨ ਤੋਂ ਪਹਿਲਾਂ ਸਹੀ ਸਮੇਂ 'ਤੇ ਪਹੁੰਚਣਾ ਵੀ ਯਕੀਨੀ ਬਣਾਓ।

**ਚੰਗੀ ਮਾਤਰਾ 'ਚ ਪਾਣੀ ਪੀਓ :** ਆਖਰੀ ਸੁਝਾਅ ਇਹ ਚੰਗੀ ਮਾਤਰਾ 'ਚ ਪਾਣੀ ਪੀਓ, ਜਿਸ ਨਾਲ ਤੁਸੀਂ ਖ਼ੁਦ ਨੂੰ ਤਰੋਤਾਜ਼ਾ ਮਹਿਸੂਸ ਕਰੋਗੇ। ਚੰਗੀ ਤਰ੍ਹਾਂ ਨਾਲ ਤਰੋਤਾਜ਼ਾ (ਹਾਈਡ੍ਰੇਟਿਡ) ਰਹਿਣ ਨਾਲ ਤੁਹਾਡਾ ਦਿਮਾਗ ਸਹੀ ਰੂਪ ਨਾਲ ਕੰਮ ਕਰਦਾ ਹੈ। ਇਸ ਲਈ ਯਕੀਨੀ ਬਣਾਓ ਕਿ ਤੁਸੀਂ ਆਪਣੇ ਰਿਵੀਜ਼ਨ ਦੇ ਦੌਰਾਨ ਅਤੇ ਇਮਤਿਹਾਨ ਦੇ ਦਿਨ ਵੀ ਖੂਬ ਪਾਣੀ ਪੀਂਦੇ ਰਹੇ ਹੋ।

## ਕਿਵੇਂ ਕਰੀਏ ਦਿਨ ਦੀ ਸ਼ੁਰੂਆਤ...




ਲਿਖਤ
ਮਨਜੀਤ ਕੌਰ ਧੀਮਾਨ,
94646-33059




ਮਨੁੱਖੀ ਜ਼ਿੰਦਗੀ ਵਿੱਚ ਜਿੱਥੇ ਰਾਤ ਨੂੰ ਸੌਣਾ ਇੱਕ ਸੁਖ਼ਦ ਅਨੁਭਵ ਹੈ ਉੱਥੇ ਸਵੇਰੇ ਉੱਠਣਾ ਬਹੁਤਿਆਂ ਲਈ ਬਹੁਤ ਦੁਖਦ ਹੁੰਦਾ ਹੈ।ਜ਼ਿੰਦਗੀ ਦੀ ਨੱਠ-ਭੱਜ ਤੋਂ ਥੱਕ ਕੇ ਜਦੋਂ ਰਾਤ ਆਉਂਦੀ ਹੈ ਤਾਂ ਬਿਸਤਰ ਤੇ ਪੈਣਾ ਇੰਝ ਹੁੰਦਾ ਹੈ ਜਿਵੇਂ ਇਹੀ ਜ਼ਿੰਦਗੀ ਦੀ ਰਾਹਤ ਹੈ।

ਅੱਜਕਲ੍ਹ ਮਹਿੰਗਾਈ ਅਤੇ ਬੇਫਜ਼ੂਲ ਖਰਚਿਆਂ ਕਰਕੇ ਛੋਟੇ-ਛੋਟੇ ਪਰਿਵਾਰਾਂ ਨੂੰ ਪਾਲਣਾ ਵੀ ਵੱਡੀ ਚਣੌਤੀ ਬਣ ਗਿਆ ਹੈ। ਸਾਰਾ ਦਿਨ ਟੱਕਰਾਂ ਮਾਰਨ ਤੋਂ ਬਾਅਦ ਵੀ ਖਰਚੇ ਪੂਰੇ ਨਹੀਂ ਹੁੰਦੇ। ਸਵੇਰੇ ਉੱਠਦਿਆਂ ਸਾਰ ਹੀ ਕਿੰਨੇ ਸਾਰੇ ਖਰਚੇ ਮੂੰਹ ਅੱਡੀ ਖੜ੍ਹੇ ਹੁੰਦੇ ਹਨ।

ਕਿਸੇ ਸ਼ਾਇਰ ਨੇ ਬਹੁਤ ਸੋਹਣਾ ਲਿਖਿਆ ਹੈ...

"ਆਰਾਮ ਕਮਾਨੇ ਨਿਕਲਤਾ ਹੂੰ ਆਰਾਮ ਛੋੜ ਕਰ।"

ਉੱਠਦੇ ਸਾਰ ਹੀ ਭੱਜ-ਦੌੜ ਸ਼ੁਰੂ ਹੋ ਜਾਂਦੀ ਹੈ।ਬੰਦੇ ਨੇ ਕੰਮ ਤੇ ਜਾਣਾ ਹੁੰਦਾ। ਜ਼ਨਾਨੀ ਨੇ ਵੀ ਕੰਮ ਤੇ ਜਾਣਾ ਹੁੰਦਾ। ਬੱਚਿਆਂ ਨੇ ਸਕੂਲ ਜਾਣਾ ਹੁੰਦਾ। ਹਰ ਕੋਈ ਭੱਜਦਾ ਹੈ। ਮੇਰਾ ਤੌਲੀਆ, ਮੇਰੇ ਕੱਪੜੇ, ਮੇਰੀ ਵਰਦੀ, ਮੇਰਾ ਰੋਟੀ ਵਾਲ਼ਾ ਡੱਬਾ, ਮੇਰੀ ਪਾਣੀ ਦੀ ਬੋਤਲ, ਮੇਰਾ ਬੈਗ, ਮੇਰਾ____? ਇੰਝ ਲੱਗਦਾ ਹੈ ਕਿ ਜਿਵੇਂ ਸਵੇਰੇ-ਸਵੇਰੇ ਭੂਚਾਲ਼ ਆ ਗਿਆ ਹੋਵੇ। ਸਾਰੇ ਦੁੱਖੀ- ਪਰੇਸ਼ਾਨ ਹੋ ਕੇ ਘਰੋਂ ਨਿਕਲਦੇ ਹਨ। ਅੱਗੋਂ ਕੰਮ ਤੇ ਜਾਂ ਸਕੂਲ ਵਿੱਚ ਦੋ ਚਾਰ ਮਿੰਟ ਵੀ ਦੇਰ ਨਾਲ ਪਹੁੰਚੇ ਤਾਂ ਦਸ ਗੱਲਾਂ ਹੋਰ ਸੁਣਨੀਆਂ ਪੈਂਦੀਆਂ। ਹੁਣ ਮੂਡ ਤਾਂ ਖ਼ਰਾਬ ਹੋਵੇਗਾ ਹੀ। ਪਹਿਲਾਂ ਘਰੋਂ ਜਿਵੇਂ-ਤਿਵੇਂ ਕਰਕੇ ਨਿਕਲਦੇ ਹਨ ਫਿਰ ਅੱਗੇ ਬਾਸ ਦੀਆਂ ਗੱਲਾਂ ਤੇ ਪਹਾੜ ਜਿੱਡੇ ਕੰਮ।

ਜੇਕਰ ਆਪਾਂ ਜ਼ਿੰਦਗੀ ਦੀ ਅਸਲੀਅਤ ਦੇਖੀਏ ਤਾਂ ਸਾਡੇ ਇਹ ਕੰਮ ਅਤੇ ਝਮੇਲੇ ਤਾਂ ਕਦੇ ਖ਼ਤਮ ਹੀ ਨਹੀਂ ਹੋਣੇ। ਅਸੀਂ ਪਰਮਾਤਮਾ ਦੀ ਦਿੱਤੀ ਸੁੰਦਰ ਕਾਇਆ ਨੂੰ ਇਹੋ ਜਿਹੇ ਰੁਝੇਵਿਆਂ ਵਿੱਚ ਫਸਾ ਕੇ ਕੋਝੀ ਕਰ ਦਿੱਤਾ ਹੈ। ਸਵੇਰੇ ਉੱਠਣ ਤੋਂ ਬਾਅਦ ਅਸੀਂ ਰੱਬ ਦਾ ਸ਼ੁਕਰ ਕਰਨਾ ਵੀ ਜ਼ਰੂਰੀ ਨਹੀਂ ਸਮਝਦੇ ਕਿ ਓਹਨੇ ਸਾਨੂੰ ਇੱਕ ਨਵਾਂ ਦਿਨ ਬਖ਼ਸ਼ਿਆ ਹੈ। ਬਲਕਿ ਅਸੀਂ ਬੇਵਕੂਫਾਂ ਦੀ ਤਰ੍ਹਾਂ ਇੱਕ ਦੂਜੇ ਨਾਲ਼ ਉਲਝਦੇ ਫ਼ਿਰਦੇ ਹਾਂ।

ਇੱਕ ਵਧੀਆ ਸੁਆਣੀ ਤੇ ਨਾਲ ਓਹਦਾ ਹਾਣੀ ਮਿਲ਼ ਕੇ ਦੋਵੇਂ ਆਪਣੀ ਸਵੇਰ ਨੂੰ ਖ਼ੂਬਸੂਰਤ ਬਣਾ ਸਕਦੇ ਹਨ। ਉਹ ਰਾਤ ਨੂੰ ਹੀ ਸਲੀਕੇ ਨਾਲ਼ ਆਪਣੇ ਸਵੇਰ ਵਾਲ਼ੇ ਕੱਪੜੇ ਤੇ ਜ਼ਰੂਰਤ ਦਾ ਸਮਾਨ ਤਿਆਰ ਕਰਕੇ ਰੱਖਦੇ ਹਨ। ਇਸੇ ਤਰ੍ਹਾਂ ਉਹ ਆਪਣੇ ਬੱਚਿਆਂ ਨੂੰ ਵੀ ਸਿਖਾਉਂਦੇ ਹਨ। ਸਵੇਰੇ ਨਿਸ਼ਚਿਤ ਸਮੇਂ ਤੇ ਉੱਠਣਾ ਤੇ ਰਾਤ ਨੂੰ ਨਿਸ਼ਚਿਤ ਸਮੇਂ ਤੇ ਸੌਣਾ ਉਹਨਾਂ ਦੀ ਸਮਾਂ-ਸਾਰਣੀ ਵਿੱਚ ਹੁੰਦਾ ਹੈ। ਪਰ ਇਸ ਸਮਾਂ- ਸਾਰਣੀ ਵਿੱਚ ਉਹ ਜ਼ਿੰਦਗੀ ਵਿੱਚ ਤਰੋਤਾਜ਼ਾ ਹੋਣ ਲਈ ਫ਼ੁਰਸਤ ਦੇ ਪਲ ਵੀ ਰੱਖਦੇ ਹਨ ਤੇ ਘੁੰਮਣ ਫ਼ਿਰਨ ਦਾ ਵਕਤ ਵੀ ਕੱਢਦੇ ਹਨ।

ਜੇਕਰ ਅਸੀਂ ਸਾਰੇ ਇਸ ਤਰ੍ਹਾਂ ਜ਼ਿੰਦਗੀ ਤੇ ਕੰਮਾਂ ਨੂੰ ਸੰਤੁਲਿਤ ਕਰ ਲਈਏ ਤਾਂ ਸਵੇਰ ਦੀ ਸ਼ੁਰੂਆਤ ਹੱਸਦਿਆਂ ਖੇਡਦਿਆਂ ਹੋਵੇਗੀ,ਕੰਮ ਤੋਂ ਵਿਹਲ ਵੀ ਮਿਲੇਗੀ ਤੇ ਸਾਰਾ ਦਿਨ ਫੁੱਲਾਂ ਵਾਂਗ ਖਿੜੇ ਵੀ ਰਹਾਂਗੇ। ਸਾਰੇ ਕੰਮ ਵੀ ਚੰਗੇ ਤਰੀਕੇ ਨਾਲ ਹੋਣਗੇ। ਦੋਸਤੋ! ਸਵੇਰ ਸਾਨੂੰ ਕੁਦਰਤ ਦੁਆਰਾ ਬਖਸ਼ੀ ਹੋਈ ਨਵੀਂ ਜ਼ਿੰਦਗੀ ਹੁੰਦੀ ਹੈ। ਇਸਨੂੰ ਖ਼ਰਾਬ ਕਰਨ ਦੀ ਥਾਂ ਸ਼ਿੰਗਾਰਨ ਦੀ ਲੋੜ ਹੈ, ਸ਼ੁਕਰ ਦੀ ਲੋੜ ਹੈ। ਸਮਾਂ ਤਾਂ ਸਭ ਦੇ ਕੋਲ ਇੱਕੋ ਜਿਹਾ ਹੁੰਦਾ ਹੈ ਬੱਸ ਉਸਨੂੰ ਵਰਤਣ ਦੇ ਢੰਗ ਵੱਖੋ-ਵੱਖਰੇ ਹੁੰਦੇ ਹਨ।ਸਾਨੂੰ ਜ਼ਰੂਰਤ ਹੈ ਕਿ ਜੀਣ ਦੇ ਨਵੇਂ ਤੇ ਸੋਹਣੇ ਤਰੀਕੇ ਲੱਭੀਏ। ਜ਼ਿੰਦਗੀ ਨਾਲ਼ ਖਹਿਬੜੀਏ ਨਾ, ਬਲਕਿ ਓਹਦੇ ਨਾਲ ਕਦਮ ਨਾਲ਼ ਕਦਮ ਮਿਲਾ ਕੇ ਚੱਲੀਏ। ਫ਼ੇਰ ਦੇਖਿਓ ਜ਼ਿੰਦਗੀ ਬੋਝ ਨਹੀਂ ਆਸ਼ੀਰਵਾਦ ਲੱਗੇਗੀ। ਲੋੜ ਹੈ ਸੱਭ ਤੋਂ ਪਹਿਲਾਂ ਆਪਣੀ ਸਵੇਰ ਨੂੰ ਸੋਹਣਾ ਬਣਾਉਣ ਦੀ, ਉੱਠਦਿਆਂ ਹੀ ਚਿਹਰੇ ਤੇ ਮੁਸਕਰਾਹਟ ਫੈਲਾਉਣ ਦੀ। ਬਾਕੀ ਦਿਨ ਅਤੇ ਜ਼ਿੰਦਗੀ ਆਪੇ ਹੀ ਖ਼ੂਬਸੂਰਤ ਬਣ ਜਾਵੇਗੀ। ਸੋ ਆਓ ਆਪਣੀ ਜ਼ਿੰਦਗੀ ਨੂੰ ਸੰਤੁਲਿਤ ਕਰੀਏ ਤੇ ਕੁਦਰਤ ਦੇ ਆਸ਼ੀਰਵਾਦ ਨੂੰ ਮਾਣੀਏ।

ਇੰਟਰਨੈਸ਼ਨਲ
# ਪੰਜਾਬੀ ਟ੍ਰਿਬਿਊਨ Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

..............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

# ਸੱਤਾ ਦੀ ਬੰਦਗੀ

**ਵਲੋਂ : ਰਾਜੇਸ਼ ਰਾਮਚੰਦਰਨ**

ਨਾਥ ਪਰੰਪਰਾ ਦੇ ਸ਼ਕਤੀਸ਼ਾਲੀ ਗੋਰਕਸ਼ਾਪੀਠ ਸੰਪਰਦਾ ਦੇ ਮੁਖੀ ਯੋਗੀ ਆਦਿਤਿਆਨਾਥ, ਜੋ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਹਨ, ਨੇ ਵਾਰਾਣਸੀ ਅਤੇ ਮਥੁਰਾ ਵਿੱਚ ਕ੍ਰਮਵਾਰ ਗਿਆਨਵਾਪੀ ਅਤੇ ਸ਼ਾਹੀ ਈਦਗਾਹ ਮਸਜਿਦਾਂ ਦੇ ਵਿਵਾਦ ਦੇ ਮੱਦੇਨਜ਼ਰ ਮਹਾਭਾਰਤ ਦੇ ਮਨਮਰਜ਼ੀ ਦੇ ਅਰਥ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਮੰਤਰੀ ਯੋਗੀ ਨੇ ਯੂਪੀ ਵਿਧਾਨ ਸਭਾ ਵਿੱਚ ਭਗਵਾਨ ਕ੍ਰਿਸ਼ਨ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਕਿ ਜਿਵੇਂ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਲਈ ਸਿਰਫ਼ ਪੰਜ ਪਿੰਡ ਮੰਗੇ ਸਨ, ਉਹ ਵੀ ਤਿੰਨ ਧਰਮ ਅਸਥਾਨਾਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਪੰਜ ਪਿੰਡ ਦੇਣ ਤੋਂ ਵੀ ਨਾਂਹ ਕਰ ਦਿੱਤੀ ਗਈ ਤਾਂ ਫਿਰ ਮਹਾਭਾਰਤ ਦਾ ਯੁੱਧ ਅਟੱਲ ਹੋ ਗਿਆ ਸੀ।

ਬਹਰਹਾਲ, ਕ੍ਰਿਸ਼ਨ ਨੇ ਕੌਰਵਾਂ ਦੇ ਦਰਬਾਰ ਵਿੱਚ ਪਾਂਡਵਾਂ ਦੇ ਦੂਤ ਵਜੋਂ ਪਹਿਲਾਂ ਅੱਧਾ ਰਾਜ ਅਤੇ ਫਿਰ ਪੰਜ ਪਿੰਡ, ਫਿਰ ਇੱਕ ਪਿੰਡ, ਫਿਰ ਪੰਜ ਘਰ, ਫਿਰ ਇੱਕ ਘਰ ਦੇਣ ਦੀ ਮੰਗ ਕੀਤੀ ਸੀ। ਜਦੋਂ ਕੌਰਵ ਰਾਜ ਨੇ ਉਨ੍ਹਾਂ ਨੂੰ ਦੱਸਿਆ ਕਿ ਪਾਂਡਵਾਂ ਨੂੰ ਸੂਈ ਦੇ ਨੱਕੇ ਜਿੰਨੀ ਵੀ ਜਗ੍ਹਾ ਨਹੀਂ ਦਿੱਤੀ ਜਾਵੇਗੀ ਅਤੇ ਜਦੋਂ ਕ੍ਰਿਸ਼ਨ ਨੂੰ ਕੈਦੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਇਹ ਮਿਸ਼ਨ ਨਾਕਾਮ ਹੋ ਗਿਆ। ਮਹਾਭਾਰਤ ਦੀ ਗਾਥਾ ਹੈ ਕਿ ਉਨ੍ਹਾਂ ਦਰਬਾਰ 'ਚੋਂ ਬਾਹਰ ਆਉਣ ਤੋਂ ਪਹਿਲਾਂ ਆਪਣੇ ਵਿਸ਼ਵਰੂਪਮ (ਵਿਰਾਟ ਰੂਪ) ਦਾ ਪ੍ਰਦਰਸ਼ਨ ਕੀਤਾ ਸੀ। ਇਹ ਕਹਾਣੀਆਂ ਭਾਰਤ ਦੇ ਪੂਰਬ ਅਤੇ ਦੱਖਣ ਵਿੱਚ ਸਨਾਤਨੀ ਸੱਭਿਆਚਾਰ ਵਿੱਚ ਵਾਰ ਵਾਰ ਦੁਹਾਰਾਈਆਂ ਜਾਂਦੀਆਂ ਹਨ।

ਅਸਲ ਵਿੱਚ, ਵਾਰਾਣਸੀ ਵਿੱਚ ਕਾਸ਼ੀ ਵਿਸ਼ਵਨਾਥ ਮੰਦਰ ਅਤੇ ਮਥੁਰਾ ਵਿੱਚ ਕ੍ਰਿਸ਼ਨ ਮੰਦਰ ਨੂੰ ਢਾਹੁਣ ਦੇ ਬਾਵਜੂਦ, ਔਰੰਗਜ਼ੇਬ ਮੂਲ ਭਾਰਤੀ ਸੰਸਕ੍ਰਿਤੀ ਦਾ ਕੁਝ ਵੀ ਨਹੀਂ ਵਿਗਾੜ ਸਕਿਆ ਸੀ। ਮਸਲਨ, ਇਕ ਦਿਨ ਮੈਂ ਯੂਟਿਊਬ 'ਤੇ ਜੈਦੇਵ ਦੇ ਗੀਤਾ ਗੋਵਿੰਦਮ ਦੇ ਮਸ਼ਹੂਰ ਗੀਤ 'ਯਹੀ ਮਾਧਵ ਯਹੀ ਕੇਸ਼ਵ' ਦੀ ਖੋਜ ਕਰ ਰਿਹਾ ਸੀ, ਜਦੋਂ ਮੇਰੀ ਤਲਾਸ਼ ਦੌਰਾਨ ਕੇਲੂਚਰਨ ਮੋਹਾਪਾਤਰਾ ਦੀ ਉੜੀਸੀ ਪੇਸ਼ਕਾਰੀ ਅਤੇ ਭਰਤਨਾਟਿਅਮ, ਫਿਰ ਗਾਇਨ ਲਈ ਕਿਸ਼ੋਰੀ ਅਮੋਨਕਰ ਦੀ ਪੇਸ਼ਕਾਰੀ ਅਤੇ ਫਿਰ ਕੇਰਲਾ ਦੀ ਸੋਪਾਨ ਸੰਗੀਤਮ ਪਰੰਪਰਾ ਵਿੱਚ ਅਤੇ ਇੱਥੋਂ ਤੱਕ ਕਿ ਫਿਲਮੀ ਗੀਤਾਂ ਦੇ ਰੂਪ ਵਿੱਚ, ਉਹੀ ਸੰਸਕ੍ਰਿਤ ਗੀਤ ਸੰਗੀਤਮਈ ਪ੍ਰਬੀਨਤਾ ਦੇ ਕਈ ਜਗਤ ਸਿਰਜਦਾ ਹੈ।

ਬਾਰ੍ਹਵੀਂ ਸਦੀ ਦੇ ਸੰਤ ਜੈਦੇਵ ਭੁਬਨੇਸ਼ਵਰ ਅਤੇ ਪੁਰੀ ਵਿਚਕਾਰ ਪੈਂਦੇ ਇੱਕ ਪਿੰਡ ਵਿਚ ਰਹਿੰਦੇ ਸਨ ਅਤੇ ਜਿਸ ਪਿੰਡ ਨੂੰ ਹੈਦਰ ਅਲੀ, ਟੀਪੂ ਸੁਲਤਾਨ, ਡੱਚ, ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ਾਂ ਦੁਆਰਾ ਵਾਰ ਵਾਰ ਤਬਾਹ ਕੀਤਾ ਗਿਆ ਸੀ। ਜੇ ਦੇਸ਼ ਦੇ ਕਿਸੇ ਨਾ ਕਿਸੇ ਦੂਰ-ਦੁਰਾਡੇ ਕੋਨੇ ਵਿੱਚ ਜੈਦੇਵ ਨੂੰ ਹਰ ਰੋਜ਼ ਸਤਿਕਾਰਿਆ ਜਾਂਦਾ ਹੈ ਤਾਂ ਉਨ੍ਹਾਂ ਦੇ ਕ੍ਰਿਸ਼ਨ ਨੂੰ ਅਸਲ ਵਿੱਚ ਕਿਸੇ ਹੋਰ ਮੰਦਰ ਦੀ ਲੋੜ ਨਹੀਂ ਹੈ। ਭਾਵੇਂ ਇਸ ਵਿਚ ਕਿੰਨੇ ਵੀ ਨੁਕਸ ਹੋਣ ਪਰ ਇਹ ਭਗਤੀ ਹੀ ਹੈ ਜਿਸ ਨੇ ਭਾਰਤੀ ਕਲਾਸਕੀ ਸੱਭਿਆਚਾਰ ਨੂੰ ਸੁਰੱਖਿਅਤ ਰੱਖਿਆ ਨਾ ਕਿ ਸੱਤਾ ਦੀ ਰਾਜਨੀਤੀ ਨੇ। ਇਹੀ ਭਗਤੀ ਹੈ ਜਿਸ ਨੇ ਭਾਰਤ ਨੂੰ ਇਕਜੁੱਟ ਕੀਤਾ ਜਿਵੇਂ ਕਿ ਇਹ ਗਾਂਧੀਵਾਦੀ ਰਾਸ਼ਟਰਵਾਦ ਵਿਚ ਪ੍ਰਗਟ ਹੁੰਦੀ ਹੈ। ਹੁਣ ਜਦੋਂ ਭਗਤੀ ਅਤੇ ਤਪ ਦੀਆਂ ਉਨ੍ਹਾਂ ਹੀ ਰਵਾਇਤਾਂ ਅਤੇ ਪ੍ਰਤੀਕਾਂ ਨੂੰ ਰਾਜਨੀਤਕ ਸੱਤਾ ਹਾਸਲ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਆਪਣੇ ਤੋਂ ਵੱਖਰੇ ਦਰਸਾਏ ਜਾਂਦੇ ਕੁਝ ਲੋਕਾਂ ਦੇ ਦਿਲਾਂ ਵਿਚ ਸਹਿਮ ਪੈਦਾ ਹੋ ਜਾਂਦਾ ਹੈ। ਦੋ ਦਿਨ ਪਹਿਲਾਂ ਉਤਰਾਖੰਡ ਦੇ ਹਲਦਵਾਨੀ ਕਸਬੇ ਵਿਚ ਇਕ ਮਦਰੱਸਾ ਢਾਹ ਦਿੱਤਾ ਗਿਆ ਜਿਸ ਤੋਂ ਬਾਅਦ ਵੀਰਵਾਰ ਨੂੰ ਭੜਕੇ ਦੰਗੇ ਵਿਚ ਛੇ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਇਸੇ ਹਫ਼ਤੇ ਦਿੱਲੀ ਦੇ ਮਹਿਰੌਲੀ ਖੇਤਰ ਵਿਚ 600 ਸਾਲ ਪੁਰਾਣੀ ਇਕ ਦਰਗਾਹ ਢਾਹ ਦਿੱਤੀ ਗਈ। ਹੋ ਸਕਦਾ ਹੈ ਕਿ ਇਨ੍ਹਾਂ 'ਚੋਂ ਕੁਝ ਢਾਂਚੇ ਅਣਅਧਿਕਾਰਤ ਹੋਣ ਪਰ ਜੇ ਕਾਨੂੰਨ ਦਾ ਬਣਦਾ ਤੌਰ ਤਰੀਕਾ ਅਪਣਾਇਆ ਜਾਂਦਾ ਤਾਂ ਮੁਕਾਮੀ ਲੋਕਾਂ ਨੂੰ ਹਿੰਸਾ ਦਾ ਰਾਹ ਨਹੀਂ ਅਪਣਾਉਣਾ ਪੈਣਾ ਸੀ ਸਗੋਂ ਉਨ੍ਹਾਂ ਸੁਰੱਖਿਅਤ ਮਹਿਸੂਸ ਕਰਨਾ ਸੀ। ਮਹਿਰੌਲੀ ਅਤੇ ਹਲਦਵਾਨੀ ਦੀਆਂ ਘਟਨਾਵਾਂ ਨਾਲ ਭਗਵਾਨ ਕ੍ਰਿਸ਼ਨ ਵਲੋਂ ਕੌਰਵਾਂ ਤੋਂ ਪਾਂਡਵਾਂ ਲਈ ਪੰਜ ਪਿੰਡ ਮੰਗਣ ਬਾਰੇ ਯੋਗੀ ਦੇ ਬਿਆਨ ਦੀ ਤਸਦੀਕ ਨਹੀਂ ਹੁੰਦੀ। ਇੱਥੋਂ ਤੱਕ ਕਿ ਇੰਡੀਅਨ ਯੂਨੀਅਨ ਮੁਸਲਿਮ ਲੀਗ (ਆਈਯੂਐਮਐਲ) ਜੋ ਕਿ ਆਜ਼ਾਦੀ ਤੋਂ ਬਾਅਦ ਜਿਨਾਹ ਦੀ ਮੁਸਲਿਮ ਲੀਗ ਦੀ ਨਿਸ਼ਾਨੀ ਹੈ ਅਤੇ ਮੁਸਲਮਾਨਾਂ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਨੇ ਵੀ ਅਧਿਕਾਰਤ ਤੌਰ 'ਤੇ ਅਯੁੱਧਿਆ ਵਿਚ ਬਾਬਰੀ ਮਸਜਿਦ ਦੀ ਜਗ੍ਹਾ ਰਾਮ ਮੰਦਰ ਦੀ ਉਸਾਰੀ ਦਾ ਸਵਾਗਤ ਕੀਤਾ ਸੀ। ਉਸ ਸਮਾਗਮ ਤੋਂ ਦੋ ਦਿਨ ਬਾਅਦ ਆਈਯੂਐੱਮਐੱਲ ਦੀ ਕੇਰਲਾ ਇਕਾਈ ਦੇ ਪ੍ਰਧਾਨ ਸਈਦ ਸਾਦਿਕ ਅਲੀ ਸ਼ਿਹਾਬ ਥੰਗਲ ਨੇ ਰਾਮ ਮੰਦਰ ਨੂੰ ਇਕ ਹਕੀਕਤ ਕਰਾਰ ਦਿੰਦਿਆਂ ਕਿਹਾ: " ਅਸੀਂ ਇਸ ਤੋਂ ਅੱਖਾਂ ਨਹੀਂ ਮੀਚ ਸਕਦੇ। ਇਸ ਦੇ ਖਿਲਾਫ਼ ਰੋਸ ਪ੍ਰਗਟਾਉਣ ਦੀ ਕੋਈ ਲੋੜ ਨਹੀਂ ਹੈ। ਅਦਾਲਤ ਦੇ ਹੁਕਮਾਂ ਦੇ ਆਧਾਰ 'ਤੇ ਇਹ ਮੰਦਰ ਬਣਾਇਆ ਗਿਆ ਹੈ ਅਤੇ ਬਾਬਰੀ ਮਸਜਿਦ ਦਾ ਨਿਰਮਾਣ ਕੀਤਾ ਜਾਣਾ ਹੈ। ਇਹ ਦੋਵੇਂ ਹੁਣ ਭਾਰਤ ਦਾ ਹਿੱਸਾ ਹਨ। ਰਾਮ ਮੰਦਰ ਅਤੇ ਪ੍ਰਸਤਾਵਿਤ ਬਾਬਰੀ ਮਸਜਿਦ ਅਜਿਹੀਆਂ ਦੋ ਸ਼ਾਨਦਾਰ ਮਿਸਾਲਾਂ ਹਨ ਜਿਨ੍ਹਾਂ ਨਾਲ ਸਾਡੇ ਦੇਸ਼ ਅੰਦਰ ਧਰਮ ਨਿਰਪੱਖਤਾ ਨੂੰ ਮਜ਼ਬੂਤੀ ਮਿਲਦੀ ਹੈ।" ਇਸ ਤੋਂ ਵੱਧ ਸਪੱਸ਼ਟ ਰੂਪ ਵਿਚ 'ਹਕੀਕਤ' ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਹਾਲੇ ਵੀ ਜਦੋਂ ਯੋਗੀ ਵਲੋਂ ਦੋ ਹੋਰ ਮੰਦਰਾਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਭਲਾ ਮੁਸਲਮਾਨਾਂ ਨੂੰ ਕਿਹੋ ਜਿਹੀ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ? ਮੈਂ ਦਿੱਲੀ ਯੂਨੀਵਰਸਿਟੀ ਦੇ ਤਿੰਨ ਗ਼ੈਰ ਹਿੰਦੂ ਵਿਦਿਆਰਥੀਆਂ ਨੂੰ ਜਾਣਦਾ ਹਾਂ ਜੋ ਆਪਣੀ ਕੈਬ ਹੇਲਿੰਗ ਅਤੇ ਫੂਡ ਡਲਿਵਰੀ ਮੋਬਾਈਲ ਐਪਸ 'ਤੇ ਹਿੰਦੂ ਨਾਵਾਂ ਦੀ ਵਰਤੋਂ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਨਫ਼ਰਤੀ ਹਮਲਿਆਂ ਦਾ ਖ਼ਤਰਾ ਰਹਿੰਦਾ ਹੈ। ਹਾਲੇ ਤੱਕ ਉਹ ਮਹਿਫ਼ੂਜ਼ ਹਨ ਪਰ ਜਦੋਂ ਨਫ਼ਰਤ ਨਾਲ ਅੰਨ੍ਹੇ ਹੋਏ ਅਨਸਰ ਦਨਦਨਾਉਂਦੇ ਫਿਰ ਰਹੇ ਹੋਣ ਜਾਂ ਆਪਣੇ ਫਿਰਕੇ ਦੇ ਬੈਨਰ ਨੂੰ ਰਾਸ਼ਟਰੀ ਝੰਡੇ ਤੋਂ ਉਪਰ ਫਹਿਰਾਉਣ ਦਾ ਯਤਨ ਕਰ ਰਹੇ ਹੋਣ ਅਤੇ ਜਦੋਂ ਸਰਕਾਰੀ ਅਫ਼ਸਰਾਂ ਦੀ ਕਿਸੇ ਗਰੁੱਪ ਹਾਊਸਿੰਗ ਸੁਸਾਇਟੀ ਵਿਚ ਗਣਤੰਤਰ ਦਿਵਸ 'ਤੇ ਵੀ ਤਿਰੰਗੇ ਦੀ ਬਜਾਏ ਭਗਵੇਂ ਝੰਡੇ ਨੂੰ ਲਹਿਰਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੋਵੇ ਤਾਂ ਥੋੜ੍ਹੀ ਵੱਖਰੀ ਸੋਚ ਜਾਂ ਮੱਤ ਦੇ ਹਰੇਕ ਧਾਰਨੀ ਦੇ ਮਨ ਵਿਚ ਖੌਫ਼ ਪੈਦਾ ਹੋਣਾ ਲਾਜ਼ਮੀ ਹੈ। ਅਚਾਨਕ ਹੀ ਹਰ ਕੋਈ ਗ਼ੈਰ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸਾਰਿਆਂ 'ਤੇ ਖੌਫ਼ ਤਾਰੀ ਹੈ -ਉਹ ਐਨੇ ਖੌਫ਼ਜ਼ਦਾ ਹਨ ਕਿ ਕੋਈ ਵੀ ਇਹ ਪੁੱਛਣ ਦੀ ਹਿੰਮਤ ਨਹੀਂ ਕਰ ਰਿਹਾ ਕਿ ਰਾਮ ਮੰਦਰ ਦੇ ਉਦਘਾਟਨ ਤੋਂ ਐਨੇ ਦਿਨ ਬਾਅਦ ਵੀ ਭਗਵੇਂ ਝੰਡੇ ਕਿਉਂ ਨਹੀਂ ਹਟਾਏ ਜਾ ਰਹੇ।

ਥੰਗਲ ਵਾਂਗੂ ਹਰ ਕੋਈ, ਹਰੇਕ ਮੁਸਲਮਾਨ ਅਗਾਂਹ ਵਧਣਾ ਚਾਹੁੰਦਾ ਹੈ ਪਰ ਜਦੋਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਅੱਤਿਆਚਾਰਾਂ ਬਦਲੇ ਜਜ਼ੀਆ ਮੰਗਿਆ ਜਾਵੇਗਾ ਤਾਂ ਉਹ ਚਾਹ ਕੇ ਵੀ ਅਗਾਂਹ ਨਹੀਂ ਵਧ ਸਕਣਗੇ। ਜਦੋਂ ਦੋ ਹੋਰ ਮਸਜਿਦਾਂ ਸੌਂਪਣ ਲਈ ਕਿਹਾ ਜਾ ਰਿਹਾ ਹੈ ਤਾਂ ਕੀ ਗਾਰੰਟੀ ਹੈ ਕਿ ਇਸ ਤੋਂ ਬਾਅਦ 20 ਹੋਰ ਨਹੀਂ ਢਾਹੀਆਂ ਜਾਣਗੀਆਂ? ਰਾਮ ਮੰਦਰ ਦੇ ਉਦਘਾਟਨੀ ਸਮਾਗਮ ਵਿਚ ਮੌਜੂਦ -ਪ੍ਰਧਾਨ ਮੰਤਰੀ, ਆਰਐੱਸਐੱਸ ਮੁਖੀ, ਯੂਪੀ ਦੀ ਰਾਜਪਾਲ ਅਤੇ ਮੁੱਖ ਮੰਤਰੀ ਸਾਰੇ ਇਕ ਸਾਥ ਮੁਸਲਿਮ ਭਾਈਚਾਰੇ ਨੂੰ ਇਹ ਸੁਹਿਰਦ ਅਤੇ ਪਾਕ ਗਾਰੰਟੀ ਦੇ ਸਕਦੇ ਹਨ ਕਿ ਕਾਸ਼ੀ ਅਤੇ ਮਥੁਰਾ ਤੋਂ ਇਲਾਵਾ ਹੋਰ ਕਿਸੇ ਮਸਜਿਦ ਦਾ ਸਰਵੇ ਨਹੀਂ ਕਰਾਇਆ ਜਾਵੇਗਾ ਜਾਂ ਉਸ ਦੀ ਮੰਗ ਨਹੀਂ ਕੀਤੀ ਜਾਵੇਗੀ ਅਤੇ ਇਹ ਕਿ ਨਾਜਾਇਜ਼ ਕਬਜ਼ਿਆਂ ਖਿਲਾਫ਼ ਮੁਹਿੰਮ ਗਿਣ ਮਿੱਥ ਕੇ ਨਹੀਂ ਚਲਾਈ ਜਾਵੇਗੀ। ਭਾਰਤ ਕੁਝ ਜ਼ਿਆਦਾ ਹੀ ਧਾਰਮਿਕ ਦੇਸ਼ ਹੈ। ਧਰਮ ਦੇ ਨਾਂ 'ਤੇ ਨਾਜਾਇਜ਼ ਕਬਜ਼ੇ ਫਿਰੌਤੀ ਦੇ ਧੰਦਿਆਂ ਦਾ ਰੂਪ ਧਾਰ ਲੈਂਦੇ ਹਨ ਅਤੇ ਇਸ ਲਈ ਇਨ੍ਹਾਂ ਨੂੰ ਝਟਪਟ ਹਟਾਉਣ ਦੀ ਲੋੜ ਹੁੰਦੀ ਹੈ। ਚੰਡੀਗੜ੍ਹ ਵਿਚ 'ਟ੍ਰਿਬਿਊਨ' ਚੌਕ ਵਿਚ ਵੀ ਕੋਈ ਨਾ ਕੋਈ ਸ਼ਿਵਲਿੰਗ ਪ੍ਰਗਟ ਹੋਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਜਦੋਂ ਵੀ ਕਦੇ ਅਜਿਹਾ ਹੋਣ ਲਗਦਾ ਹੈ ਤਾਂ ਅਸੀਂ ਖ਼ਤਰੇ ਦੀਆਂ ਘੰਟੀਆਂ ਖੜਕਾ ਕੇ ਇਸ ਨੂੰ ਹਟਵਾ ਦਿੰਦੇ ਹਾਂ ਤਾਂ ਕਿ ਕੋਈ ਸੜਕ ਛਾਪ ਧੰਦੇਬਾਜ਼ ਭਗਵਾਨ ਸ਼ਿਵ ਦਾ ਨਾਂ ਬਦਨਾਮ ਨਾ ਕਰ ਸਕੇ। ਇਸੇ ਤਰ੍ਹਾਂ, ਸਾਰੇ ਗ਼ੈਰਕਾਨੂੰਨੀ ਮਦਰੱਸਿਆਂ (ਦਰਅਸਲ, ਧਾਰਮਿਕ ਸਿੱਖਿਆ ਨੂੰ ਨਿਰਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ) ਨੂੰ ਹਟਾਉਣਾ ਚਾਹੀਦਾ ਹੈ ਪਰ ਇਸ ਲਈ ਢੁਕਵਾਂ ਕਾਨੂੰਨੀ ਤੌਰ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ।

ਮਹਾਭਾਰਤ ਦੇ ਇਕ ਅਧਿਆਏ ਵਿਚ ਇਕ ਮਾਂ ਨੇ ਆਪਣੇ ਪੁੱਤਰ ਨੂੰ ਇਸ ਕਰ ਕੇ ਆਸ਼ੀਰਵਾਦ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਆਪਣੇ ਚਚੇਰ ਭਰਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਤੋਂ ਦੇਣ ਤੋਂ ਮੁਨਕਰ ਹੋ ਗਿਆ ਸੀ ਅਤੇ ਉਸ ਨੇ ਇਹ ਮਹਾਨ ਸ਼ਲੋਕ ਉਚਰਿਆ ਸੀ ' ਯਤੋ ਧਰਮਸਤਤੋ ਜਯ' ਭਾਵ ਜਿੱਥੇ ਧਰਮ ਹੈ, ਉੱਥੇ ਜਿੱਤ ਹੁੰਦੀ ਹੈ।

# ਦਿਹਾੜੀਦਾਰ ਮਾਪਿਆਂ ਦੇ ਪੁੱਤ ਦੀ 9 ਮਹੀਨੇ ਕਈ ਮੁਲਕਾਂ 'ਚ ਘੁੰਮਣ ਮਗਰੋਂ ਡੰਕੀ ਰੂਟ ਦੌਰਾਨ ਮੌਤ

**ਵਲੋਂ : ਮਯੰਕ ਮੋਂਗੀਆ**

ਡੰਕੀ ਰਾਹੀਂ ਅਮਰੀਕਾ ਜਾ ਰਹੇ ਜ਼ਿਲ੍ਹਾ ਮੋਹਾਲੀ ਦੇ ਡੇਰਾਬਸੀ ਦੇ 24 ਸਾਲਾ ਨੌਜਵਾਨ ਦੀ ਰਸਤੇ ਵਿੱਚ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਰਣਦੀਪ ਸਿੰਘ ਵਜੋਂ ਹੋਈ ਅਤੇ ਉਹ ਡੇਰਾਬਸੀ ਦੇ ਪਿੰਡ ਸ਼ੇਖਪੁਰ ਕਲਾਂ ਦਾ ਵਸਨੀਕ ਸੀ।

ਮ੍ਰਿਤਕ ਕਰੀਬ 9 ਮਹੀਨੇ ਤੱਕ ਵੱਖ-ਵੱਖ ਦੇਸ਼ਾਂ ਵਿੱਚ ਘੁੰਮਦਾ ਰਿਹਾ। ਹਾਲਾਂਕਿ, ਉਸ ਦੀ ਮੌਤ ਕੰਬੋਡੀਆ ਵਿੱਚ ਬਿਮਾਰੀ ਕਾਰਨ ਹੋਈ ਦੱਸੀ ਜਾ ਰਹੀ ਹੈ। ਮ੍ਰਿਤਕ ਦੇ ਵੱਡੇ ਭਰਾ ਰਵੀ ਨੇ ਦੱਸਿਆ ਕਿ ਉਹ ਤਿੰਨ ਭੈਣ ਭਰਾ ਹਨ ਅਤੇ ਰਣਦੀਪ ਸਭ ਤੋਂ ਛੋਟਾ ਸੀ। ਭਰਾ ਮੁਤਾਬਕ, ਉਨ੍ਹਾਂ ਦੇ ਮਾਸੜ ਨੇ ਉਸ ਨੂੰ ਡੰਕੀ ਲਾ ਕੇ ਅਮਰੀਕਾ ਭੇਜਣ ਲਈ 45 ਲੱਖ ਰੁਪਏ ਵਿੱਚ ਏਜੰਟ ਨਾਲ ਸੌਦਾ ਤੈਅ ਕਰਵਾਇਆ ਸੀ। ਜਿਸ ਵਿੱਚੋਂ ਉਨ੍ਹਾਂ ਨੇ 25 ਲੱਖ ਰੁਪਏ ਦਿੱਤੇ ਸਨ।

ਤੈਅ ਸੌਦੇ ਮੁਤਾਬਕ ਉਹ ਲੰਘੇ ਸਾਲ 12 ਅਪ੍ਰੈਲ ਨੂੰ ਘਰ ਤੋਂ ਅਮਰੀਕਾ ਲਈ ਗਿਆ ਸੀ। ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਹੇ ਪਰਵਾਸੀਆਂ ਨੂੰ ਕੱਢਣ ਦੀ ਚਿਤਾਵਨੀ ਜਾਰੀ ਕਰ ਦਿੱਤੀ ਗਈ ਸੀ। ਪਰਿਵਾਰ ਮੁਤਾਬਕ, ਏਜੰਟ ਉਸ ਨੂੰ ਅਮਰੀਕਾ ਦੀ ਥਾਂ ਪਹਿਲਾਂ ਵੀਅਤਨਾਮ ਵਿੱਚ ਲੈ ਗਿਆ ਜਿਥੇ ਉਹ ਤਿੰਨ ਮਹੀਨੇ ਰਿਹਾ। ਇਸੇ ਦੌਰਾਨ ਉਸ ਨੂੰ ਵਾਲ ਤੋੜ ਹੋ ਗਿਆ ਜਿਸ ਦਾ ਸਮੇਂ ਰਹਿੰਦੇ ਇਲਾਜ ਨਾ ਹੋਣ ਕਾਰਨ ਉਸਦੀ ਇਨਫੈਕਸ਼ਨ ਵਧਦੀ ਗਈ। ਪਰਿਵਾਰਕ ਮੈਂਬਰਾਂ ਵੱਲੋਂ ਏਜੰਟ ਨੂੰ ਰਣਦੀਪ ਨੂੰ ਵਾਪਸ ਭੇਜਣ ਲਈ ਦਬਾਅ ਪਾਇਆ ਜਾ ਰਿਹਾ ਸੀ।

ਏਜੰਟ ਉਨ੍ਹਾਂ ਨੂੰ ਅਮਰੀਕਾ ਦੀ ਥਾਂ ਆਸਟ੍ਰੇਲੀਆ ਜਾਂ ਕੈਨੇਡਾ ਭੇਜਣ ਦਾ ਆਫ਼ਰ ਦੇ ਰਿਹਾ ਸੀ ਪਰ ਪਰਿਵਾਰ ਵੱਲੋਂ ਸਾਫ਼ ਮਨ੍ਹਾਂ ਕਰ ਦਿੱਤਾ ਅਤੇ ਮੁੰਡੇ ਨੂੰ ਵਾਪਸ ਭੇਜਣ ਲਈ ਕਿਹਾ ਗਿਆ। ਪਰ ਏਜੰਟ ਨੇ ਉਸ ਨੂੰ ਬਗੈਰ ਪਾਸਪੋਰਟ ਤੋਂ ਕੰਬੋਡੀਆ ਭੇਜ ਦਿੱਤਾ ਜਿੱਥੇ ਬਿਨਾਂ ਪਾਸਪੋਰਟ ਤੋਂ ਉਹ ਫੱਸ ਗਿਆ ਅਤੇ ਉਸਦੀ ਇਨਫੈਕਸ਼ਨ ਵੀ ਵਧਦੀ ਗਈ। ਉੱਥੇ ਇਲਾਜ ਨਾ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪਰਿਵਾਰ ਦਾ ਇਲਜ਼ਾਮ ਹੈ ਕਿ ਏਜੰਟ ਨੇ ਧੋਖੇ ਨਾਲ ਉਨ੍ਹਾਂ ਦੇ ਪੁੱਤਰ ਦਾ ਪਾਸਪੋਰਟ ਕੱਢ ਲਿਆ ਸੀ। ਪਰਿਵਾਰ ਦੀ





ਸ਼ਿਕਾਇਤ ਉੱਤੇ ਇਸ ਮਾਮਲੇ ਵਿੱਚ ਏਜੰਟ ਦੇ ਖ਼ਿਲਾਫ਼ ਐੱਫਆਈਆਰ ਵੀ ਦਰਜ ਹੋ ਗਈ ਹੈ।

**ਮੌਤ ਤੋਂ ਘੰਟੇ ਪਹਿਲਾਂ ਵੀ ਭੇਜੇ ਸਨ ਪੈਸੇ**

ਘਰ ਵਿੱਚ ਮੌਜੂਦ ਇੱਕ ਰਿਸ਼ਤੇਦਾਰ ਕੇਵਲ ਸਿੰਘ ਨੇ ਦੱਸਿਆ ਕਿ ਰਣਦੀਪ ਸਿੰਘ ਉਨ੍ਹਾਂ ਦਾ ਭਤੀਜਾ ਸੀ। ਉਨ੍ਹਾਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ, "ਉਸ ਨੇ ਕਰੀਬ ਅਪ੍ਰੈਲ ਦੀ 12 ਤਰੀਕ ਨੂੰ ਘਰੋਂ ਡੰਕੀ ਲਗਾਈ ਸੀ। ਪਰ ਏਜੰਟ ਨੇ ਸਾਡੇ ਨਾਲ ਧੋਖਾ ਕੀਤਾ ਅਤੇ ਉਸ ਨੂੰ ਕੰਬੋਡੀਆ ਵਿੱਚ ਹੀ ਫਸਾ ਕੇ ਰੱਖ ਦਿੱਤਾ।" "ਜਦੋਂ ਵੀ ਅਸੀਂ ਉਸ ਨੂੰ ਫੋਨ ਕਰਨਾ ਤਾਂ ਉਸ ਨੇ ਅੱਗੋਂ ਕਹਿਣਾ ਕਿ ਦੋ ਦਿਨ ਦਿਓ, ਚਾਰ ਦਿਨ ਦੇ ਦਿਓ ਅਤੇ ਅਸੀਂ ਵੀ ਚੁੱਪ ਕਰ ਜਾਂਦੇ ਸੀ। ਸਾਡੇ ਚੁੱਪ ਰਹਿਣ ਦਾ ਕਾਰਨ ਇਹ ਸੀ ਕਿ ਉਹ (ਏਜੰਟ) ਸਾਡਾ ਰਿਸ਼ਤੇਦਾਰ ਲੱਗਦਾ ਸੀ। ਅਸੀਂ ਇਸੇ ਵਿਸ਼ਵਾਸ ਕਾਰਨ ਹੀ ਮਾਰ ਖਾ ਗਏ।" ਕੇਵਲ ਸਿੰਘ ਅੱਗੇ ਦੱਸਦੇ ਹਨ, "ਉਸ ਨੂੰ ਖਾਣਾ ਨਾ ਮਿਲਣ ਕਰਕੇ ਸਿਹਤ ਵਿਗੜਦੀ ਰਹੀ ਅਤੇ ਉਹ ਡਿਪਰੈਸ਼ਨ ਵਿੱਚ ਚਲਾ ਗਿਆ। ਉਸ ਦੀ ਹਾਲਤ ਇੰਨੀ ਖ਼ਰਾਬ ਹੋ ਗਈ ਕਿ ਉਸ ਨੂੰ 3-4 ਦਿਨ ਪਹਿਲਾਂ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ।"

"ਪਰ ਇਸ ਦੇ ਬਾਵਜੂਦ ਵੀ ਏਜੰਟ ਨੂੰ ਕੋਈ ਫਰਕ ਨਹੀਂ ਪਿਆ। ਅਸੀਂ ਉਸ ਦੇ ਖਾਣ ਲਈ ਤਾਂ ਇੱਥੋਂ ਪੈਸੇ ਭੇਜਦੇ ਹੀ ਸੀ ਪਰ ਉਸ ਦੇ ਇਲਾਜ ਲਈ ਸਾਨੂੰ ਪੈਸੇ ਭੇਜਣੇ ਪਏ।

ਹੁਣ ਵੀ ਮੌਤ ਦੋ ਘੰਟੇ ਪਹਿਲਾਂ ਅਸੀਂ 20 ਕੁ ਹਜ਼ਾਰ ਰੁਪਏ ਹਸਪਤਾਲ ਪਾਏ ਸੀ ਪਰ ਦੋ ਘੰਟਿਆਂ ਵਿੱਚ ਉਸ ਦੀ ਮੌਤ ਦੀ ਖ਼ਬਰ ਆ ਗਈ।" ਕੇਵਲ ਸਿੰਘ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, "ਸਾਡੇ ਪੁੱਤ ਦੀ ਲਾਸ਼ ਭਾਰਤ ਲੈ ਕੇ ਆਉਣ ਲਈ ਮਦਦ ਕੀਤੀ ਜਾਵੇ ਤਾਂ ਜੋ ਅਸੀਂ ਬੱਚੇ ਦੀਆਂ ਅੰਤਮ ਰਸਮਾਂ ਨਿਭਾ ਸਕੀਏ।"

ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਏਜੰਟ ਦੇ ਨਾਲ ਵੀ ਸਖ਼ਤ ਕਾਰਵਾਈ ਹੋਣੀ ਚਾਹੀਦੀ ਤਾਂ ਜੋ ਅੱਗੇ ਕਿਸੇ ਨਾਲ ਅਜਿਹਾ ਨਾ ਹੋਵੇ। ਕੇਵਲ ਸਿੰਘ ਇਹ ਵੀ ਦੱਸਦੇ ਹਨ ਕਿ ਉਸ ਦੀ ਮੌਤ ਤੋਂ 2-3 ਘੰਟੇ ਪਹਿਲਾਂ ਜਿਹੜੀ ਗੱਲ ਹੋਈ ਸੀ ਉਸ ਵਿੱਚ ਵੀ ਉਸ ਨੇ ਇਹੀ ਕਿਹਾ ਸੀ ਕਿ ਉਹ ਉੱਥੇ ਬਹੁਤ ਪਰੇਸ਼ਾਨ ਹੈ ਤੇ ਉਸ ਦਾ ਬਚਣਾ ਮੁਸ਼ਕਲ ਹੈ। ਉਹ ਆਖਦੇ ਹਨ, "ਜੇ ਏਜੰਟ ਪਾਸਪੋਰਟ ਦੇ ਦਿੰਦਾ ਤਾਂ ਸ਼ਾਇਦ ਸਾਡਾ ਪੁੱਤਰ ਬਚ ਜਾਂਦਾ।"

**ਪੈਸਾ ਵੀ ਨਹੀਂ ਰਿਹਾ ਤੇ ਪੁੱਤ ਵੀ ਗੁਆ ਲਿਆ**

ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਗਰੀਬ ਹਨ ਅਤੇ ਉਨ੍ਹਾਂ ਵੱਲੋਂ ਕਰਜ਼ਾ ਲੈ ਕੇ ਏਜੰਟ ਨੂੰ 25 ਲੱਖ ਰੁਪਏ ਦਿੱਤੇ ਗਏ ਪਰ ਨਾ ਪੈਸੇ ਰਹੇ ਅਤੇ ਨਾ ਹੀ ਉਨ੍ਹਾਂ ਦਾ ਮੁੰਡਾ ਰਿਹਾ। ਹਾਲੇ ਮ੍ਰਿਤਕ ਦੀ ਲਾਸ਼ ਨੂੰ ਵਾਪਸ ਲਿਆਉਣਾ ਹੈ। ਨੌਜਵਾਨ ਦੀ ਮੌਤ ਮਗਰੋਂ ਪਰਿਵਾਰ ਅਤੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਪਰਿਵਾਰ ਨੇ ਏਜੰਟ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਮ੍ਰਿਤਕ ਦੀ ਮਾਂ ਨੇ ਦੱਸਿਆ ਕਿ ਰਣਦੀਪ ਨੇ ਫੋਨ 'ਤੇ ਆਪਣੇ ਭਰਾ ਨੂੰ ਦੱਸਿਆ ਸੀ, "ਨਾ ਪਾਣੀ ਮਿਲ ਰਿਹਾ ਨਾ ਖਾਣ ਨੂੰ ਮਿਲ ਰਿਹਾ, ਮੈਨੂੰ ਘਰੇ ਬੁਲਾ ਲਓ। ਮੈਂ ਭੁੱਖਾ ਮਰ ਰਿਹਾ। ਭਰਾ ਨੇ 20 ਹਜ਼ਾਰ ਰੁਪਏ ਭੇਜੇ ਉਸ ਦੇ ਇਲਾਜ ਲਈ।" "ਕਦੇ ਕਿਸੇ ਕੋਲੋਂ ਮੰਗ ਕੇ ਤੇ ਕਦੇ ਵਿਆਜ 'ਤੇ ਫੜ੍ਹ ਕੇ ਪੈਸੇ ਪਾਉਂਦੇ ਸੀ। ਕਹਿੰਦਾ ਸੀ ਮੰਮੀ ਭੈਣ ਦਾ ਵਿਆਹ ਕਰ ਦਿਆਂਗਾ। ਮੈਂ 2-4 ਸਾਲ ਬਾਹਰ ਲਗਾ ਕੇ ਆ ਜਾਵਾਂਗਾ। ਕਹਿੰਦਾ ਸੀ ਮੰਮੀ ਤੇਰੀਆਂ ਤੇ ਡੈਡੀ ਦੀਆਂ ਦਿਹਾੜੀਆਂ ਵੀ ਛੁਡਵਾ ਦਵਾਂਗਾ।"

"ਹੁਣ ਮੈਂ ਪੁੱਤ ਵੀ ਗੁਆ ਲਿਆ ਤੇ ਪੈਸਾ ਵੀ ਨਾ ਰਿਹਾ। ਮੈਂ ਤਾਂ ਡੰਕੀ ਰਾਹੀਂ ਨਹੀਂ ਭੇਜਿਆ ਸੀ, ਅਸੀਂ ਤਾਂ ਸਿੱਧੀ ਫਲਾਈਟ ਕਰਵਾਈ ਸੀ ਪਰ ਸਾਨੂੰ ਕੀ ਪਤਾ ਸੀ ਏਜੰਟ ਨੇ ਧੋਖਾ ਕਰਨਾ ਸਾਡੇ ਨਾਲ।" ਮ੍ਰਿਤਕ ਰਣਦੀਪ ਸਿੰਘ ਦੇ ਘਰ ਪਹੁੰਚੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਇਸ ਨੂੰ ਮੰਦਭਾਗੀ ਘਟਨਾ ਦੱਸਿਆ। ਉਨ੍ਹਾਂ ਨੇ ਕਿਹਾ, "ਅੱਜ ਕੋਈ ਵੀ ਨੌਜਵਾਨ ਆਪਣੇ ਸੁਨਹਿਰੇ ਭਵਿੱਖ ਦੀ ਆਸ ਵਿੱਚ, ਆਪਣੇ ਮਾਪਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਿਦੇਸ਼ਾਂ ਵਿੱਚ ਜਾ ਕੇ ਮਿਹਨਤ ਕਰਦਾ ਹੈ। ਮੈਂ ਇਸ ਵਿੱਚ ਮੋਦੀ ਸਰਕਾਰ ਦਾ ਨਾਕਾਮ ਹੋਣਾ ਮੰਨਦਾ ਹਾਂ ਕਿ ਦਿੱਲੀ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ ਅਤੇ ਪੰਜਾਬ ਵਿੱਚ ਤਿੰਨ ਜਹਾਜ਼ ਪਰਵਾਸੀਆਂ ਦੇ ਭਰ ਕੇ ਅੰਮ੍ਰਿਤਸਰ ਭੇਜੇ ਗਏ ਹਨ।" ਮੈਨੂੰ ਲੱਗਦਾ ਇਹ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਇੱਕ ਪਾਸੇ ਮੋਦੀ-ਟਰੰਪ ਦੀ ਯਾਰੀ ਦੇ ਚਰਚੇ ਹਨ ਅਤੇ ਦੂਜੇ ਪਾਸੇ ਸਾਨੂੰ ਇਨ੍ਹਾਂ ਦੀ ਯਾਰੀ ਦਾ ਫਲਸਫਾ ਮਿਲਿਆ ਹੈ।" ਉਨ੍ਹਾਂ ਨੇ ਕਿਹਾ, "ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਦੋਸ਼ੀ ਪਾਏ ਗਏ ਲੋਕਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।" ਧੰਨਵਾਦ ਸਹਿਤ ਬੀਬੀਸੀ ਪੰਜਾਬੀ

# 50 ਕਰੋੜ ਡਾਲਰ ਦੇ ਮੁੱਲ ਵਾਲੇ ਉਹ ਕਿਹੜੇ ਤੇ ਕਿਸ ਮੁਲਕ ਦੇ ਦੁਰਲਭ ਖਣਿਜ ਹਨ, ਜਿਨ੍ਹਾਂ ਉੱਤੇ ਡੌਨਲਡ ਟਰੰਪ ਦੀ ਨਜ਼ਰ

**ਵਲੋਂ : ਰੀਬੇਕਾ ਥੋਰਨ, ਅਨਾ ਕੁਨਡੀਰੇਂਕੋ, ਨਵੀਨ ਸਿੰਘ ਖੜਗੇ**

ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਉਸ ਪ੍ਰਸਤਾਵ ਨੂੰ ਠੁਕਰਾ ਦਿੱਤਾ ਹੈ ਜਿਸ ਵਿੱਚ ਉਨ੍ਹਾਂ ਨੇ ਯੂਕਰੇਨ ਦੇ 50 ਕਰੋੜ ਡਾਲਰ ਮੁੱਲ ਦੇ ਖਣਿਜਾਂ ਦੇ ਵਿਸ਼ਾਲ ਭੰਡਾਰਾਂ ਤੱਕ ਅਮਰੀਕੀ ਪਹੁੰਚ ਦੀ ਮੰਗ ਕੀਤੀ ਸੀ। ਇਨ੍ਹਾਂ ਭੰਡਾਰਾਂ ਨੂੰ ਰੇਅਰ ਅਰਥ ਕਿਹਾ ਜਾਂਦਾ ਹੈ। ਯੂਕਰੇਨ ਵਿੱਚ ਦੁਰਲੱਭ ਖਣਿਜਾਂ ਦੇ ਵੱਡੇ ਭੰਡਾਰ ਹਨ, ਪਰ ਇਨ੍ਹਾਂ ਭੰਡਾਰਾਂ ਵਾਲੇ ਵੱਡੇ ਖੇਤਰ 'ਤੇ ਰੂਸੀ ਸੈਨਿਕਾਂ ਦਾ ਕੰਟਰੋਲ ਹੈ। ਟਰੰਪ ਦਾ ਕਹਿਣਾ ਹੈ ਕਿ ਰੂਸ ਦੇ ਖ਼ਿਲਾਫ਼ ਜੰਗ ਵਿੱਚ ਯੂਕਰੇਨ ਲਈ ਜਾਰੀ ਅਮਰੀਕੀ ਸਮਰਥਨ ਬਦਲੇ ਇਨ੍ਹਾਂ ਦਾ ਆਦਾਨ-ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਪਰ ਜਵਾਬ ਵਿੱਚ ਜ਼ੇਲੇਂਸਕੀ ਨੇ ਕਿਹਾ, "ਇਹ ਕੋਈ ਗੰਭੀਰ ਗੱਲਬਾਤ ਨਹੀਂ ਹੈ। ਮੈਂ ਆਪਣਾ ਸੂਬਾ ਨਹੀਂ ਵੇਚ ਸਕਦਾ।" ਟਰੰਪ ਦੇ ਪ੍ਰਸਤਾਵ ਵਿੱਚ ਅਜਿਹੇ ਖਣਿਜਾਂ ਦੀ ਅਮਰੀਕਾ ਲਈ ਅਹਿਮੀਅਤ ਨੂੰ ਦਰਸਾਇਆ ਗਿਆ ਹੈ। ਪਰ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਦੀ ਅਮਰੀਕਾ ਨੂੰ ਕੀ ਲੋੜ ਹੈ।

**ਰੇਅਰ ਅਰਥ ਖਣਿਜ ਕੀ ਹਨ?**

'ਰੇਅਰ ਅਰਥ' 17 ਰਸਾਇਣਕ ਤੌਰ 'ਤੇ ਮੇਲ ਖਾਂਦੇ ਤੱਤਾਂ ਲਈ ਇੱਕ ਸਮੂਹਿਕ ਸ਼ਬਦ ਹੈ ਜੋ ਆਧੁਨਿਕ ਤਕਨੀਕ ਅਤੇ ਉਦਯੋਗ ਜਗਤ ਵਿੱਚ ਵਿਆਪਕ ਤੌਰ 'ਤੇ ਵਰਤੇ ਜਾਂਦੇ ਹਨ। ਇਹ ਤੱਤ ਸਮਾਰਟਫ਼ੋਨ, ਕੰਪਿਊਟਰ, ਮੈਡੀਕਲ ਸਾਜ਼ੋ-ਸਾਮਾਨ ਅਤੇ ਹੋਰ ਬਹੁਤ ਕੁਝ ਦੇ ਉਤਪਾਦਨ ਲਈ ਅਹਿਮ ਹਨ। ਇਨ੍ਹਾਂ ਵਿੱਚ ਸਕੈਂਡੀਅਮ (Sc), ਯਟਰੀਅਮ (Y), ਲੇਂਥੇਨਮ (La), ਸੇਰੀਅਮ (Ce), ਪ੍ਰੇਸਿਓਡੇਮੀਅਮ (Pr), ਨਿਓਡੇਮੀਅਮ (Nd), ਪ੍ਰੋਮੈਥੀਅਮ (Pm), ਸੇਮਰੀਅਮ (Sm), ਇਓਰਪੀਅਮ (Eu), ਗਾਡੋਲੀਨੀਅਮ (Gd), ਟਰਬੀਅਮ (Tb), ਡਾਇਸਪ੍ਰੋਜ਼ੀਅਮ (Dy), ਹੋਲੀਮਮ (Ho), ਇਰਬੀਅਮ (Er), ਥੂਲੀਅਮ (Tm), ਯਟਰਬੀਅਮ (Yb), ਲੂਟੇਟੀਅਮ (Lu) ਇਨ੍ਹਾਂ ਖਣਿਜਾਂ ਨੂੰ 'ਰੇਅਰ' (ਦੁਰਲੱਭ) ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦਾ ਸ਼ੁੱਧ ਰੂਪ ਵਿੱਚ ਲੱਭਣਾ ਬਹੁਤ ਅਸਾਧਾਰਨ ਹੈ, ਪਰ ਕਈ ਅਜਿਹੇ ਵੀ ਹਨ ਜੋ ਦੁਨੀਆਂ ਭਰ ਵਿੱਚ ਪਾਏ ਜਾਂਦੇ ਹਨ।

ਹਾਲਾਂਕਿ, ਰੇਅਰ ਅਰਥਜ਼ ਅਕਸਰ ਥੋਰੀਅਮ ਅਤੇ ਯੂਰੇਨੀਅਮ ਵਰਗੇ



ਰੇਡੀਓਐਕਟਿਵ ਤੱਤਾਂ ਨਾਲ ਪਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਵੱਖ ਕਰਨ ਲਈ ਬਹੁਤ ਸਾਰੇ ਜ਼ਹਿਰੀਲੇ ਰਸਾਇਣਾਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਵੱਖ-ਵੱਖ ਖਣਿਜਾਂ ਨੂੰ ਵੱਖ ਕਰਨ ਦੀ ਪ੍ਰਕਿਰਿਆ ਕਈ ਵਾਰ ਬਹੁਤ ਮੁਸ਼ਕਲ ਅਤੇ ਮਹਿੰਗੀ ਬਣ ਜਾਂਦੀ ਹੈ।

**ਯੂਕਰੇਨ ਕੋਲ ਕਿਹੜੇ 'ਰੇਅਰ ਅਰਥ' ਹਨ?**

ਯੂਕਰੇਨ ਕੋਲ 30 ਵਿੱਚੋਂ 21 ਖਣਿਜ ਪਦਾਰਥ ਹਨ ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ "ਨਾਜ਼ੁਕ ਕੱਚੇ ਮਾਲ" ਵਜੋਂ ਪਰਿਭਾਸ਼ਿਤ ਕਰਦਾ ਹੈ। ਇਹ ਵਿਸ਼ਵ ਦੇ ਭੰਡਾਰਾਂ ਦਾ ਤਕਰੀਬਨ 5 ਫ਼ੀਸਦ ਹਿੱਸਾ ਬਣਦਾ ਹੈ।

ਇਨ੍ਹਾਂ ਤੱਤਾਂ ਵਾਲੇ ਬਹੁਤ ਸਾਰੇ ਇਲਾਕੇ ਯੂਕਰੇਨੀ ਕ੍ਰਿਸਟਲਿਨ ਸ਼ੀਲਡ ਦੇ ਦੱਖਣ ਵਿੱਚ ਸਥਿਤ ਹਨ, ਮੁੱਖ ਤੌਰ 'ਤੇ ਅਜ਼ੋਵ ਸਾਗਰ ਵਿੱਚ। ਇਨ੍ਹਾਂ ਵਿੱਚੋਂ ਬਹੁਤੇ ਇਲਾਕੇ ਇਸ ਵੇਲੇ ਰੂਸ ਦੇ ਕਬਜ਼ੇ ਵਿੱਚ ਹਨ। ਹਾਲਾਂਕਿ, ਮਿਡਲ ਬੁਜ਼ ਦੇ ਨਾਲ-ਨਾਲ ਕੀਵ, ਵਿਨਿਤਸੀਆ ਅਤੇ ਜ਼ਾਇਟੋਮਾਈਰ ਦੇ ਇਲਾਕਿਆਂ ਵਿੱਚ ਹਾਲੇ ਵੀ ਕਈ ਸ਼ਾਨਦਾਰ ਪ੍ਰੋਜੈਕਟ ਜਾਰੀ ਹਨ। ਮਾਹਰਾਂ ਦਾ ਕਹਿਣਾ ਹੈ ਕਿ ਜਦੋਂ ਸੈਂਕੜੇ ਫ਼ਾਇਦੇਮੰਦ ਭੂ-ਵਿਗਿਆਨਕ ਵਸਤੂਆਂ ਦੀ ਪਛਾਣ ਕਰ ਲਈ ਗਈ ਹੈ, ਇਨ੍ਹਾਂ ਵਿੱਚੋਂ ਕੁਝ ਵਸਤੂਆਂ ਜਿਨ੍ਹਾਂ ਦਾ ਵਿਕਾਸ ਆਰਥਿਕ ਤੌਰ 'ਤੇ ਸੰਭਵ ਹੋਵੇ ਦਾ ਭੰਡਾਰ ਕੀਤਾ ਜਾ ਸਕਦਾ ਹੈ। ਬੈਂਚਮਾਰਕ ਮਿਨਰਲ ਇੰਟੈਲੀਜੈਂਸ ਦੇ ਬੈਟਰੀ ਰਾਅ ਮਟੀਰੀਅਲਜ਼ ਦੇ ਮੁਖੀ ਐਡਮ ਵੈੱਬ ਕਹਿੰਦੇ ਹਨ, "ਜੋ ਅੰਦਾਜ਼ੇ ਲਗਾਏ ਗਏ ਹਨ, ਉਹ ਅਸਲ ਵਿੱਚ ਅਨਿਸ਼ਚਿਤ ਅਨੁਮਾਨ ਹੀ ਹਨ।"

"ਉਨ੍ਹਾਂ ਖਣਿਜ ਭੰਡਾਰਾਂ ਨੂੰ ਆਰਥਿਕ ਤੌਰ 'ਤੇ ਲਾਹੇਵੰਦ ਭੰਡਾਰਾਂ ਵਜੋਂ ਸਾਬਤ ਕਰਨ ਲਈ ਬਹੁਤ ਜ਼ਿਆਦਾ ਕੰਮ ਕਰਨ ਦੀ ਲੋੜ ਹੈ।"

ਫੋਰਬਸ ਯੂਕਰੇਨ ਦੇ ਮੁਤਾਬਕ, ਹੋਰ ਅਹਿਮ ਯੂਕਰੇਨੀ ਖਣਿਜ ਸਰੋਤਾਂ ਵਿੱਚੋਂ ਤਕਰੀਬਨ 70 ਫ਼ੀਸਦ ਡੋਨੇਟਸਕ, ਨਿਪ੍ਰੋਪੇਤ੍ਰੋਵਸਕ ਅਤੇ ਲੁਹਾਨਸਕ ਖੇਤਰਾਂ ਵਿੱਚ ਸਥਿਤ ਹਨ। ਇਸ ਲਈ ਬਹੁਤ ਸਾਰੇ ਖੇਤਰ ਅਜਿਹੇ ਹਨ ਜਿਨ੍ਹਾਂ ਉੱਤੇ ਰੂਸ ਨੇ ਹਮਲਾ ਕੀਤਾ ਅਤੇ ਅਜੇ ਵੀ ਕਬਜ਼ਾ ਕੀਤਾ ਹੋਇਆ ਹੈ। ਸਰਕਾਰ ਦੇ ਮੁਤਾਬਕ, ਯੂਕਰੇਨ ਵਿੱਚ ਤਕਰੀਬਨ 450,000 ਟਨ ਲਿਥੀਅਮ ਦਾ ਭੰਡਾਰ ਹੈ। ਇਸਦਾ ਉਤਪਾਦਨ ਹਾਲੇ ਸੰਭਵ ਨਹੀਂ ਹੋ ਸਕਿਆ ਹੈ, ਹਾਲਾਂਕਿ ਇਸਦੀ ਖੁਦਾਈ ਕਰਨ ਦੀਆਂ ਯੋਜਨਾਵਾਂ ਹਨ।

ਰੂਸ ਨੇ ਘੱਟੋ-ਘੱਟ ਦੋ ਲਿਥੀਅਮ ਭੰਡਾਰਾਂ 'ਤੇ ਕਬਜ਼ਾ ਕਰ ਲਿਆ ਹੈ। ਡੋਨੇਟਸਕ ਖੇਤਰ ਵਿੱਚ ਸ਼ੇਵਚੇਨਕੀਵਸਕੇ ਅਤੇ ਬਰਡਯਾਂਸਕ ਖੇਤਰ ਵਿੱਚ ਕ੍ਰੂਟਾ ਬਾਲਕਾ ਕੰਪਲੈਕਸ ਧਾਤੂ ਭੰਡਾਰ ਹੁਣ ਰੂਸ ਦੇ ਕਬਜੇ ਵਿੱਚ ਹਨ। ਕਿਰੋਵੋਹਰਾਡ ਇਲਾਕੇ ਵਿੱਚ ਲਿਥੀਅਮ ਧਾਤ ਦੇ ਭੰਡਾਰ ਯੂਕਰੇਨੀ ਨਿਯੰਤਰਣ ਵਿੱਚ ਰਹਿੰਦੇ ਹਨ।

**ਟਰੰਪ ਇਹ ਖਣਿਜ ਕਿਉਂ ਚਾਹੁੰਦੇ ਹਨ?**

ਦੁਰਲੱਭ ਧਰਤੀ ਦੇ ਖਣਿਜਾਂ ਦੇ ਉਤਪਾਦਨ ਨੂੰ ਨਿਯੰਤਰਿਤ ਕਰਨ ਵਿੱਚ ਅਮਰੀਕਾ ਦੀ ਦਿਲਚਸਪੀ ਮੁੱਖ ਤੌਰ 'ਤੇ ਚੀਨ ਨਾਲ ਮੁਕਾਬਲੇ ਦੇ ਕਾਰਨ ਹੈ, ਜੋ ਵਰਤਮਾਨ ਵਿੱਚ ਇਨ੍ਹਾਂ ਖਣਿਜਾਂ ਦੀ ਵਿਸ਼ਵਵਿਆਪੀ ਸਪਲਾਈ ਵਿੱਚ ਉੱਤੇ ਕਾਫ਼ੀ ਹੱਦ ਤੱਕ ਕਾਬਜ ਹੈ।

ਪਿਛਲੇ ਕੁਝ ਦਹਾਕਿਆਂ ਵਿੱਚ, ਚੀਨ ਰੇਅਰ ਅਰਥ ਖਣਿਜਾਂ ਦੀ ਖੁਦਾਈ ਅਤੇ ਪ੍ਰੋਸੈਸਿੰਗ ਦੋਵਾਂ ਵਿੱਚ ਇੱਕ ਮੋਹਰੀ ਬਣ ਗਿਆ ਹੈ, ਜੋ ਕਿ ਵਿਸ਼ਵ ਉਤਪਾਦਨ ਦਾ 60-70 ਫ਼ੀਸਦ ਅਤੇ ਕੁੱਲ ਪ੍ਰੋਸੈਸਿੰਗ ਸਮਰੱਥਾ ਦਾ ਤਕਰੀਬਨ 90 ਫ਼ੀਸਦ ਹੈ। ਇਸ ਮਾਮਲੇ ਵਿਚ ਅਮਰੀਕਾ ਦੀ ਚੀਨ 'ਤੇ ਨਿਰਭਰਤਾ ਕੌਮੀ ਸੁਰੱਖਿਆ ਅਤੇ ਆਰਥਿਕਤਾ ਦੋਵਾਂ ਦੇ ਲਿਹਾਜ਼ ਨਾਲ ਚਿੰਤਾਜਨਕ ਹੈ। । ਆਖਰਕਾਰ, ਇਹ ਸਮੱਗਰੀ ਅਤਿ ਆਧੁਨਿਕ ਤਕਨੀਕਾਂ ਇਲੈਕਟ੍ਰਿਕ ਕਾਰਾਂ ਤੋਂ ਮਿਲਟਰੀ ਉਪਕਰਣਾਂ ਤੱਕ ਲਈ ਜ਼ਰੂਰੀ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਵਿਖ ਸਟੂਡੈਂਟ ਬੱਚਿਆਂ ਵਲੋਂ ਜੋ ਸਹਿਜਪਾਠ ਲਗਾਤਾਰ ਚਲ ਰਹੇ ਹਨ ਉਨ੍ਹਾਂ ਦੇ ਭੋਗ ਦਿਨ ਐਤਵਾਰ ਮਾਰਚ 2 ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਖੁਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ੁੱਕਰਵਾਰ 28 ਫਰਵਰੀ ਨੂੰ ਅੰਤਮ ਸੰਸਕਾਰ 10:00 ਵਜੇ ਸਵ: ਸੋਹਣ ਸਿੰਘ ਮਾਨ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ, ਉਪਰੰਤ 12:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਨਿੱਚਰਵਾਰ ਮਾਰਚ 1 ਨੂੰ 10:00 ਵਜੇ ਅਨੰਦਕਾਰਜ ਬੱਚੀ ਅਮਨਪ੍ਰੀਤ ਕੌਰ ਅਤੇ ਕਾਕਾ ਚੰਨਪ੍ਰੀਤ ਸਿੰਘ ਦਾ ਹੋਵੇਗਾ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਬੀਬੀ ਚਰਨਪ੍ਰੀਤ ਕੌਰ ਪਰਿਵਾਰ ਵਲੋਂ ਹੋਵੇਗੀ।

---

ਰਾਗੀ ਜੱਥਾ : ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ

ਕਥਾਵਾਚਕ : ਭਾਈ ਨਿਸ਼ਾਨ ਸਿੰਘ

ਢਾਡੀ ਜਥਾ : ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

---

ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7–8 ਵਜੇ ਤੱਕ ਲੱਗਦੀਆਂ ਹਨ।

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604–590–3232, 604–590–3224**

# ਸਿੱਖ ਨਸਲਕੁਸ਼ੀ ਦੇ ਮਾਮਲੇ ’ਚ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ



ਨਵੀਂ ਦਿੱਲੀ : ਇਥੋਂ ਦੀ ਅਦਾਲਤ ਨੇ 1984 ਦੇ ਸਿੱਖ ਨਸਲਕੁਸ਼ੀ ਨਾਲ ਸਬੰਧਤ ਹੱਤਿਆ ਦੇ ਕੇਸ 'ਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ 2.4 ਲੱਖ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਕਿਹਾ ਕਿ ਉਸ (ਸੱਜਣ ਕੁਮਾਰ) ਦੀ ਵਡੇਰੀ ਉਮਰ ਤੇ ਬਿਮਾਰੀ ਕਾਰਨ ਦਸਦੇ ਹੋਏ ਮੌਤ ਦੀ ਸਜ਼ਾ ਦੀ ਥਾਂ ਉਮਰ ਕੈਦ ਸਜ਼ਾ ਦਿੱਤੀ।

ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਇੱਕ ਨਵੰਬਰ 1984 ਨੂੰ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਇਹ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਇਸ ਮਾਮਲੇ 'ਚ ਸੱਜਣ ਕੁਮਾਰ ਨੂੰ 12 ਫਰਵਰੀ ਨੂੰ ਦੋਸ਼ੀ ਕਰਾਰ ਦਿੱਤਾ ਸੀ। ਹੱਤਿਆ ਦੇ ਮਾਮਲੇ 'ਚ ਵੱਧ ਤੋਂ ਵੱਧ ਮੌਤ ਦੀ ਸਜ਼ਾ ਤੇ ਘੱਟ ਤੋਂ ਘੱਟ ਉਮਰ ਕੈਦ ਦੀ ਸਜ਼ਾ ਹੁੰਦੀ ਹੈ। ਜੱਜ ਨੇ ਕਿਹਾ ਕਿ ਸੱਜਣ ਕੁਮਾਰ ਵੱਲੋਂ ਕੀਤੇ ਅਪਰਾਧ ਬਿਨਾਂ ਸ਼ੱਕ ਜ਼ਾਲਮਾਨਾ ਤੇ ਨਿੰਦਣਯੋਗ ਹਨ ਪਰ ਉਸ ਦੀ 80 ਸਾਲ ਦੀ ਉਮਰ ਤੇ ਬਿਮਾਰੀਆਂ ਸਮੇਤ ਕੁਝ ਹੋਰ ਗੱਲਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ, ਜੋ ਉਸ ਨੂੰ ਮੌਤ ਦੀ ਸਜ਼ਾ ਦੇਣ ਦੀ ਥਾਂ ਘੱਟ ਸਜ਼ਾ ਦੇਣ ਦੇ ਪੱਖ ਵਿੱਚ ਹਨ। ਜੱਜ ਨੇ ਆਪਣੇ ਹੁਕਮਾਂ 'ਚ ਕਿਹਾ ਕਿ ਜੇਲ੍ਹ ਅਧਿਕਾਰੀਆਂ ਦੀ ਉਸ ਦੇ 'ਤਸੱਲੀਬਖ਼ਸ਼ ਵਤੀਰੇ' ਬਾਰੇ ਰਿਪੋਰਟ, ਉਹ ਬਿਮਾਰੀਆਂ ਜਿਸ ਤੋਂ ਉਹ ਪੀੜਤ ਹੈ, ਅਜਿਹੇ ਤੱਥ ਹਨ ਕਿ ਜਿਨ੍ਹਾਂ ਦੇ ਆਧਾਰ 'ਤੇ ਅਦਾਲਤ ਦੀ ਰਾਏ ਹੈ ਕਿ ਉਸ ਨੂੰ ਮੌਤ ਦੀ ਸਜ਼ਾ ਦੀ ਥਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਦੇ ਵਿਹਾਰ ਬਾਰੇ ਕੋਈ ਵੀ ਗਲਤ ਰਿਪੋਰਟ ਨਹੀਂ ਦਿੱਤੀ ਗਈ ਅਤੇ ਜੇਲ੍ਹ ਰਿਪੋਰਟ ਅਨੁਸਾਰ ਉਸ ਦਾ ਵਤੀਰਾ ਤਸੱਲੀਬਖ਼ਸ਼ ਹੈ। ਜੱਜ ਨੇ ਕਿਹਾ ਕਿ ਮੌਜੂਦਾ ਮਾਮਲਾ ਉਸੇ ਘਟਨਾ ਦਾ ਹਿੱਸਾ ਹੈ, ਜਿਸ ਲਈ ਸੱਜਣ ਕੁਮਾਰ ਨੂੰ 17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਫਿਰ ਉਸ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਦੰਗਿਆਂ ਦੀ ਅਜਿਹੀ ਦੀ ਘਟਨਾ ਦੌਰਾਨ ਪੰਜ ਜਣਿਆਂ ਦੀ ਮੌਤ ਲਈ ਦੋਸ਼ੀ ਪਾਇਆ ਗਿਆ ਸੀ। ਜੱਜ ਨੇ ਕਿਹਾ, 'ਬੇਸ਼ੱਕ ਮੌਜੂਦਾ ਕੇਸ 'ਚ ਦੋ ਬੇਕਸੂਰ ਵਿਅਕਤੀਆਂ ਦੀ ਹੱਤਿਆ ਕੋਈ ਘੱਟ ਅਪਰਾਧ ਨਹੀਂ ਹੈ ਫਿਰ ਵੀ ਮੇਰੀ ਰਾਏ 'ਚ ਉਪਰੋਕਤ ਸਥਿਤੀਆਂ ਇਸ ਨੂੰ 'ਦੁਰਲੱਭ ਤੋਂ ਅਤਿ-ਦੁਰਲੱਭ' ਕੇਸ ਨਹੀਂ ਬਣਾਉਂਦੀਆਂ, ਜਿਸ ਵਿੱਚ ਮੌਤ ਦੀ ਸਜ਼ਾ ਦੇਣ ਦੀ ਲੋੜ ਹੋਵੇ। ਅਦਾਲਤ ਵੱਲੋਂ ਸੱਜਣ ਕੁਮਾਰ ਨੂੰ 2.4 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਅਦਾਲਤ ਨੇ ਸਾਰੀਆਂ ਸਜ਼ਾਵਾਂ ਇਕੱਠੀਆਂ ਚਲਾਉਣ ਦਾ ਹੁਕਮ ਦਿੱਤਾ। ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਤੇ ਇਸਤਗਾਸਾ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਸੱਜਣ ਕੁਮਾਰ ਫਿਲਹਾਲ ਤਿਹਾੜ ਜੇਲ੍ਹ 'ਚ ਹੈ। ਪੰਜਾਬੀ ਬਾਗ ਥਾਣੇ 'ਚ ਇਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ ਹਾਲਾਂਕਿ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ 'ਚ ਲੈ ਲਈ ਸੀ।

1984 ਦੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੇ ਸੱਜਣ ਕੁਮਾਰ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਦਾ ਸਵਾਗਤ ਕੀਤਾ। ਉਨ੍ਹਾਂ ਹਾਲਾਂਕਿ ਕਿਹਾ ਕਿ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਨਿਆਂ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ, 'ਅਸੀਂ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਪਰ ਅਸੀਂ ਅਦਾਲਤ ਦਾ ਫ਼ੈਸਲਾ ਸਵੀਕਾਰ ਕਰਦੇ ਹਾਂ।'

ਜ਼ਿਕਰਯੋਗ ਹੈ ਕਿ ਪੀੜਤ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਸੱਜਣ ਕੁਮਾਰ ਨੂੰ 12 ਫਰਵਰੀ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਹ ਮਾਮਲਾ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਵਿੱਚ ਜਸਵੰਤ ਸਿੰਘ ਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਹੈ। ਇਸ ਸਮੇਂ ਦੌਰਾਨ ਸੱਜਣ ਬਾਹਰੀ ਦਿੱਲੀ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਸੀ। ਉਹ ਇਸ ਸਮੇਂ ਦੰਗਿਆਂ ਨਾਲ ਸਬੰਧਤ ਇੱਕ ਹੋਰ ਮਾਮਲੇ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਹੈ ਅਤੇ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਹੋਈ ਸਜ਼ਾ ਦਾ ਸਵਾਗਤ ਕੀਤਾ ਪਰ ਇਸ ਨੂੰ ਦੇਰ ਨਾਲ ਮਿਲਿਆ ਤੇ ਅਧੂਰਾ ਇਨਸਾਫ ਆਖਿਆ ਹੈ। ਸਿੱਖ ਸੰਸਥਾ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਉਨ੍ਹਾਂ ਨੂੰ ਸਜ਼ਾਵਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਭੂਮਿਕਾ ਬਾਰੇ ਵੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ ਵਿਚ ਬੈਠੇ ਪੀੜਤ ਪਰਿਵਾਰਾਂ ਨੂੰ ਕੁਝ ਹੱਦ ਤੱਕ ਧਰਵਾਸ ਮਿਲੇਗਾ। ਮੰਨਣ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਸੀ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਵੇਗੀ ਪਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜੋ ਦੋਸ਼ੀਆਂ ਦੇ ਜ਼ੁਲਮਾਂ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਲਈ ਅੱਗੇ ਵੀ ਕਾਨੂੰਨੀ ਲੜਾਈ ਜਾਰੀ ਰੱਖੇਗੀ। ਨਿਹੰਗ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਵੀ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਸੀ। ਉਨ੍ਹਾਂ ਦਿੱਲੀ ਸਰਕਾਰ ਨੂੰ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਹਾਈ ਕੋਰਟ 'ਚ ਅਗਲਾ ਕਦਮ ਚੁੱਕਣ ਦੀ ਅਪੀਲ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਸਜ਼ਾ ਦਿੱਤੇ ਜਾਣ 'ਤੇ ਕਿਹਾ ਕਿ ਇਸ ਮਾਮਲੇ 'ਚ ਸਪੱਸ਼ਟ ਹੋ ਗਿਆ ਹੈ ਕਿ ਇਹ ਯੋਜਨਾਬੱਧ ਸੰਗਠਿਤ ਅਪਰਾਧ ਸੀ।

# ਖ਼ਤਰਨਾਕ ਬਿਮਾਰੀਆਂ ਕਾਰਨ ਪੰਜਾਬ ਵਿਚ ਕਾਰਪੋਰੇਟਾਂ ਦੇ ਫਾਈਵ ਸਟਾਰ ਹਸਪਤਾਲ ਵਧੇ

ਕਾਰਪੋਰੇਟਾਂ ਦੇ ਪੰਜ ਤਾਰਾ ਹਸਪਤਾਲ ਵਧੇ ਹਨ, ਜੋ ਗਵਾਹ ਹਨ ਕਿ ਬਿਮਾਰੀ ਨੇ ਪੰਜਾਬ ਨੂੰ ਘੇਰ ਲਿਆ ਹੈ। ਫ਼ਾਰਮਾ ਕੰਪਨੀਆਂ ਦਾ ਪੰਜਾਬ ਤੋਂ ਬਾਹਰ ਅਤੇ ਦਵਾਈ ਦੀ ਖਪਤ ਦਾ ਪੰਜਾਬ 'ਚ ਰੋਜ਼ਾਨਾ ਔਸਤਨ 177.53 ਕਰੋੜ ਦਾ ਕਾਰੋਬਾਰ ਹੈ। ਪ੍ਰਾਈਵੇਟ ਫ਼ਾਰਮਾ ਸਨਅਤ ਦਾ ਇਕੱਲੇ ਸਾਲ 2023-24 'ਚ 64,801.06 ਕਰੋੜ ਰੁਪਏ ਦਾ ਕਾਰੋਬਾਰ ਰਿਹਾ ਹੈ ਜਿਸ ਵਿਚ ਪੰਜਾਬ ਤੋਂ ਬਾਹਰ ਗਈ ਮੈਡੀਸਨ ਵੀ ਸ਼ਾਮਲ ਹੈ। ਇਸ ਦੇ ਵੱਡੇ ਹਿੱਸੇ ਦੀ ਖਪਤ ਪੰਜਾਬ ਵਿਚ ਰਹੀ ਹੈ।

ਪੰਜਾਬ 'ਚ ਫ਼ਾਰਮਾ ਕਾਰੋਬਾਰ ਸਾਲ 2017-18 ਤੋਂ ਸਾਲ 2023-24 ਤੱਕ 3,23,764 ਕਰੋੜ ਦਾ ਰਿਹਾ ਹੈ। ਕਰੀਬ 50 ਫ਼ੀਸਦੀ ਹਿੱਸੇਦਾਰੀ ਇਕੱਲੇ ਜ਼ਿਲ੍ਹਾ ਮੁਹਾਲੀ ਦੀ ਹੈ ਜਿੱਥੇ ਇੱਕੋ ਜ਼ਿਲ੍ਹੇ ਵਿਚ ਮੈਡੀਸਨ ਤੇ ਫ਼ਾਰਮਾ ਕਾਰੋਬਾਰ 1,59,548.14 ਕਰੋੜ ਦਾ ਰਿਹਾ ਹੈ। ਬਠਿੰਡਾ ਪੰਜਾਬ ਦੀ ਨਵੀਂ ਹੈਲਥ ਹੱਬ ਬਣ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਭਾਰਤ ਵਿਚ ਆਮ ਲੋਕ ਆਪਣੇ ਇਲਾਜ ਲਈ 70 ਫ਼ੀਸਦੀ ਖ਼ਰਚੇ ਪੱਲਿਓਂ ਕਰਦੇ ਹਨ। ਪੰਜਾਬ ਵਿਚ ਇਸ ਵੇਲੇ 57,640 ਰਜਿਸਟਰਡ ਫਾਰਮਾਸਿਸਟ ਹਨ ਜਦਕਿ ਪ੍ਰਚੂਨ ਤੇ ਥੋਕ ਦੇ 34,276 ਲਾਇਸੈਂਸੀ ਹਨ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਮੈਡੀਸਨ ਤੇ ਫਾਰਮਾਸਿਊਟੀਕਲ ਕਾਰੋਬਾਰ ਸਾਲ 2017-18 'ਚ 20,116.90 ਕਰੋੜ ਸੀ ਜੋ ਸਾਲ 2023-24 ਵਿਚ ਵੱਧ ਕੇ 64,801.06 ਕਰੋੜ ਦਾ ਹੋ ਗਿਆ ਹੈ। ਉਪਰੋਕਤ ਤੋਂ ਇਲਾਵਾ ਪੰਜਾਬ ਵਿਚ ਮੈਡੀਕਲ ਕਾਸਮੈਟਿਕ ਟਰੀਟਮੈਂਟ/ਹੇਅਰ ਟਰਾਂਸਪਲਾਂਟ 'ਤੇ ਸਾਲ 2017-18 ਤੋਂ ਸਾਲ 2023-24 ਦੌਰਾਨ 5699.45 ਕਰੋੜ ਦਾ ਕਾਰੋਬਾਰ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਰੀਜ਼ਾਂ ਨੇ ਸਰਜੀਕਲ ਉਤਪਾਦਾਂ, ਟੈਸਟਾਂ ਅਤੇ ਐਕਸ-ਰੇਅ ਆਦਿ 'ਤੇ 1145.72 ਕਰੋੜ ਵੱਖਰੇ ਖ਼ਰਚੇ ਹਨ। ਇਨ੍ਹਾਂ ਸੱਤ ਵਰ੍ਹਿਆਂ ਵਿਚ ਪੰਜਾਬ ਦੇ ਲੋਕਾਂ ਨੇ 1301.31 ਕਰੋੜ ਦਾ ਖ਼ਰਚਾ ਨਜ਼ਰ ਵਾਲੀਆਂ ਐਨਕਾਂ ਅਤੇ ਬਰਾਂਡਿਡ ਐਨਕਾਂ 'ਤੇ ਖ਼ਰਚ ਕੀਤੇ ਹਨ। ਇਨ੍ਹਾਂ ਸਾਲਾਂ 'ਚ ਹੀ ਮੈਡੀਕਲ ਸੇਵਾਵਾਂ ਤੇ ਹਸਪਤਾਲਾਂ ਦਾ ਕਾਰੋਬਾਰ 15254.95 ਕਰੋੜ ਦਾ ਵੱਖਰਾ ਰਿਹਾ ਹੈ। ਜ਼ਿਲ੍ਹਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਬਠਿੰਡਾ ਜ਼ਿਲ੍ਹੇ ਵਿਚ ਸੱਤ ਸਾਲਾਂ 'ਚ ਦਵਾਈਆਂ ਦਾ ਕਾਰੋਬਾਰ 9045.74 ਕਰੋੜ ਰਿਹਾ ਹੈ ਜਦਕਿ ਪਟਿਆਲਾ ਜ਼ਿਲ੍ਹੇ 'ਚ 19063.17 ਕਰੋੜ ਦਾ ਰਿਹਾ ਹੈ। ਇਵੇਂ ਮਾਨਸਾ ਜ਼ਿਲ੍ਹੇ ਵਿਚ 1076.42 ਕਰੋੜ ਦਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 3928.32 ਕਰੋੜ ਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁਝ ਅਰਸਾ ਪਹਿਲਾਂ ਜੈਨੇਰਿਕ ਦਵਾਈਆਂ 'ਤੇ ਅਧਾਰਿਤ ਜਨ ਔਸ਼ਧੀ ਕੇਂਦਰ ਖੋਲ੍ਹੇ ਗਏ ਹਨ ਅਤੇ ਆਯੂਸ਼ਮਾਨ ਭਾਰਤ ਸਕੀਮ ਤਹਿਤ ਲੋਕਾਂ ਨੂੰ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ 'ਚ ਆਮ ਆਦਮੀ ਲਈ ਟੈਸਟਾਂ ਦਾ ਖਰਚਾ ਝੱਲਣਾ ਮੁਸ਼ਕਲ ਹੈ, ਇਲਾਜ ਦਾ ਖਰਚਾ ਤਾਂ ਦੂਰ ਦੀ ਗੱਲ ਹੈ। 'ਆਪ' ਸਰਕਾਰ ਨੇ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿਨ੍ਹਾਂ 'ਚ ਟੈਸਟ ਮੁਫ਼ਤ ਹਨ ਤੇ ਦਵਾਈਆਂ ਵੀ ਜਿਸ ਨਾਲ ਗ਼ਰੀਬ ਲੋਕਾਂ ਦੇ ਜ਼ਖ਼ਮਾਂ 'ਤੇ ਥੋੜ੍ਹੀ ਮਲ੍ਹਮ ਲੱਗੀ ਹੈ। ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਹੈ। ਕੌਮੀ ਸਿਹਤ ਨੀਤੀ 2017 ਅਨੁਸਾਰ ਸੂਬਿਆਂ ਨੂੰ ਬਜਟ ਦਾ ਅੱਠ ਫ਼ੀਸਦ ਹਿੱਸਾ ਸਿਹਤ ਖੇਤਰ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਜਦਕਿ ਪੰਜਾਬ ਦੇ ਬਜਟ ਖ਼ਰਚ ਦਾ 4.6 ਫ਼ੀਸਦੀ ਬਜਟ ਚਾਲੂ ਵਿੱਤੀ ਦੌਰਾਨ ਸਿਹਤ ਲਈ ਰੱਖਿਆ ਗਿਆ ਹੈ।

ਪੰਜਾਬ ਸਰਕਾਰ ਨੇ ਸਾਲ 2020-21 ਤੋਂ ਨਵੰਬਰ 2024 (ਪੌਣੇ ਪੰਜ ਸਾਲ) ਤੱਕ ਸਰਕਾਰੀ ਸਿਹਤ ਕੇਂਦਰਾਂ ਲਈ 718.67 ਕਰੋੜ ਰੁਪਏ ਇਕੱਲੀ ਮੈਡੀਸਨ ਦੀ ਖ਼ਰੀਦ 'ਤੇ ਖ਼ਰਚ ਕੀਤੇ ਹਨ। ਚਾਲੂ ਵਿੱਤੀ ਸਾਲ 'ਚ 123.53 ਕਰੋੜ ਤੇ ਸਾਲ 2023-24 'ਚ 191.37 ਕਰੋੜ ਦੀ ਦਵਾਈ ਸਰਕਾਰ ਨੇ ਖ਼ਰੀਦੀ ਸੀ। ਸਾਲ 2020-21 ਵਿੱਚ ਦਵਾਈ ਦੀ ਖ਼ਰੀਦ 'ਤੇ ਸਰਕਾਰੀ ਖ਼ਰਚ 84 ਕਰੋੜ ਸੀ। ਇਸ ਤੋਂ ਇਲਾਵਾ ਨਸ਼ੇੜੀਆਂ ਦਾ ਨਸ਼ਾ ਛੁਡਾਉਣ ਲਈ ਜੋ ਬੁਪਰੇਨੋਰਫਿਨ ਆਦਿ ਦੀ ਗੋਲੀ ਓਟ ਕਲੀਨਿਕਾਂ 'ਚ ਦਿੱਤੀ ਜਾਂਦੀ ਹੈ, ਉਸ 'ਤੇ ਸਰਕਾਰ ਨੇ ਸਾਲ 2019 ਤੋਂ ਹੁਣ ਤੱਕ 402.51 ਕਰੋੜ ਰੁਪਏ ਖ਼ਰਚੇ ਹਨ।

### ਵੀਆਈਪੀ ਦੇ ਇਲਾਜ ਦਾ ਖ਼ਰਚਾ ਸਰਕਾਰੀ ਖ਼ਜ਼ਾਨੇ 'ਚੋਂ

ਕੈਬਨਿਟ ਵਜ਼ੀਰਾਂ, ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦਾ ਸਮੁੱਚਾ ਮੈਡੀਕਲ ਖ਼ਰਚਾ ਸਰਕਾਰ ਚੁੱਕਦੀ ਹੈ ਜਿਸ ਦੀ ਕੋਈ ਸੀਮਾ ਨਹੀਂ। ਜੇਲ੍ਹਾਂ ਦੇ ਬੰਦੀਆਂ ਦਾ ਖਰਚਾ ਵੀ ਖ਼ਜ਼ਾਨੇ ਵਿਚੋਂ ਹੁੰਦਾ ਹੈ ਜੋ ਅਸੀਮਿਤ ਹੁੰਦਾ ਹੈ। ਹੁਣ ਤੱਕ ਬਾਦਲ ਪਰਿਵਾਰ ਦਾ ਮੈਡੀਕਲ ਖ਼ਰਚਾ 4.98 ਕਰੋੜ, ਬਰਾੜ ਪਰਿਵਾਰ (ਸਰਾਏਨਾਗਾ) ਦਾ 4.72 ਕਰੋੜ, ਤਲਵੰਡੀ ਪਰਿਵਾਰ ਦਾ 42.26 ਲੱਖ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦਾ 29.60 ਲੱਖ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਮੈਡੀਕਲ ਖ਼ਰਚਾ ਚਾਰ ਲੱਖ ਰੁਪਏ ਰਿਹਾ ਹੈ।

ਅਨੇਕਾਂ ਪੱਖਾਂ ਤੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਤਾਮਿਲ, ਕੇਰਲ, ਕਾਰਨਾਟਕ, ਤਿਲੰਗਾਨਾ ਆਦਿ ਰਾਜਾਂ ਤੋਂ ਪਿੱਛੇ ਪੈ ਗਿਆ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਇਹ ਰਾਜ ਪੰਜਾਬ ਤੋਂ ਵੱਧ ਅਮੀਰ ਹੋ ਗਏ ਹਨ ਤੇ ਨਿੱਤ ਨਵੀਆਂ ਤਕਨੀਕਾਂ ਰਾਹੀਂ ਰਾਜਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਜਦੋਂ ਸਿਹਤ ਸਿਆਸੀ ਜ਼ਿੰਮੇਵਾਰੀ ਬਣਦੀ ਹੈ ਤਾਂ ਇਹ ਸੱਤਾ ਵਿਚ ਬੈਠੀ ਸਰਕਾਰ ਤੇ ਨਿਰਭਰ ਕਰਦਾ ਹੈ। ਸਰਕਾਰਾਂ ਆਪਣੇ ਲੋਕਾਂ ਪ੍ਰਤੀ ਕਿੰਨੀਆਂ ਫ਼ਿਕਰਮੰਦ ਹਨ, ਇਹ ਤੈਅ ਕਰਦਾ ਹੈ ਕਿ ਵਿਵਸਥਾ ਕਿਸ ਤਰ੍ਹਾਂ ਦੀ ਹੈ ਜਾਂ ਹੋਵੇਗੀ।

ਇਸ ਹਾਲਤ ਦਾ ਜਾਇਜ਼ਾ ਇਸ ਪੱਖ ਤੋਂ ਲਾਇਆ ਜਾ ਸਕਦਾ ਹੈ ਕਿ ਆਜ਼ਾਦੀ ਮਗਰੋਂ ਸ਼ੁਰੂ ਤੋਂ ਹੀ ਕੇਂਦਰ ਨੇ ਸਿਹਤ ਨੂੰ ਕਦੇ ਵੀ ਪਹਿਲਕਦਮੀ ਵਾਲਾ ਮੁੱਦਾ ਨਹੀਂ ਸਮਝਿਆ। ਕਈ ਸਿਹਤ ਪ੍ਰੋਗਰਾਮ ਭਾਵੇਂ ਚੱਲ ਰਹੇ ਹਨ ਪਰ ਇਸ ਦੀ ਝਲਕ ਸਿਹਤ ਬਜਟ ਤੋਂ ਦੇਖੀ ਜਾ ਸਕਦੀ ਹੈ ਜੋ ਕਦੇ ਵੀ ਦੋ ਫੀਸਦ (2%) ਵੀ ਨਹੀਂ ਹੋਇਆ ਜਦੋਂਕਿ ਸੰਸਾਰ ਸਿਹਤ ਸੰਸਥਾ ਦੇ ਮਾਪਦੰਡਾਂ ਅਨੁਸਾਰ ਇਹ ਘੱਟੋ-ਘੱਟ ਛੇ ਫੀਸਦ ਹੋਣਾ ਚਾਹੀਦਾ ਹੈ।ਭਾਰਤ ਦੀ 62 ਫੀਸਦੀ ਆਬਾਦੀ ਸਿਹਤ ਦੇ ਪੱਖ ਤੋਂ ਆਪਣੀ ਜੇਬ ਵਿਚੋਂ ਪੈਸੇ ਖ਼ਰਚ ਕਰਦੀ ਹੈ ਅਤੇ ਇਸ ਕਾਰਜ ਲਈ ਕਰਜ਼ਾ ਵੀ ਲੈਂਦੀ ਹੈ।

ਪੰਜਾਬ ਵਿਚ ਹਾਲਾਤ ਇਸ ਤੋਂ ਵੀ ਅੱਗੇ ਹਨ ਜਿੱਥੇ 75% ਲੋਕ ਆਪਣੇ ਸਿਹਤ ਮਾਮਲਿਆਂ ਲਈ ਜੇਬੋਂ ਪੈਸੇ ਖ਼ਰਚ ਕਰਦੇ ਹਨ। ਇਸ ਦੇ ਮੱਦੇਨਜ਼ਰ ਸਰਕਾਰੀ ਸਿਹਤ ਸੰਸਥਾਵਾਂ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਦੀ ਗੱਲ ਕਰੀਏ ਤਾਂ 85 ਫੀਸਦੀ ਰੋਜ਼ਾਨਾ ਓਪੀਡੀ ਅਤੇ 45 ਫੀਸਦ ਦਾਖਲੇ ਲਈ ਪ੍ਰਾਈਵੇਟ ਸਿਹਤ ਸੰਸਥਾਵਾਂ ਕੋਲ ਜਾਂਦੇ ਹਨ।

ਪੰਜਾਬ ਦਾ ਇੱਕ ਹੋਰ ਪਹਿਲੂ ਹੈ। ਇੱਥੇ ਮੁੱਢਲੀਆਂ ਪੇਂਡੂ ਸਿਹਤ ਸੇਵਾਵਾਂ ਲਈ ਪੰਚਾਇਤੀ ਰਾਜ ਪ੍ਰਬੰਧ ਜ਼ਿੰਮੇਵਾਰ ਹੈ। ਮੁੱਢਲੇ ਸਿਹਤ ਕੇਂਦਰ ਅਤੇ ਕਾਫ਼ੀ ਜ਼ਿਲ੍ਹਾ ਹਸਪਤਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਚਲਾਉਂਦੀ ਹੈ ਤੇ ਕੁਝ ਸਿਹਤ ਸੰਸਥਾਵਾਂ ਸਿਹਤ ਸੇਵਾਵਾਂ ਮਹਿਕਮਾ। ਤੀਸਰੇ ਪੱਧਰ ਦੀਆਂ ਸਿਹਤ ਸੇਵਾਵਾਂ, ਮੈਡੀਕਲ ਕਾਲਜ ਪੱਧਰੀ ਸੇਵਾਵਾਂ ਦਾ ਵਿਭਾਗ ਵੱਖਰਾ ਹੈ। ਕੰਮ ਵੰਡ ਵਧੀਆ ਗੱਲ ਹੁੰਦੀ ਹੈ ਪਰ ਤਾਲਮੇਲ ਦੀ ਘਾਟ ਉਸ ਮਕਸਦ ਨੂੰ ਪੂਰਾ ਨਹੀਂ ਕਰਦੇ ਜਾਂ ਬਹੁਤੀ ਵਾਰੀ ਅੜਿੱਕਾ ਬਣਦੇ ਹਨ।

ਕੌਮੀ ਪੱਧਰ ਦੀ ਵਿਉਂਤਬੰਦੀ ਹੇਠ ਪੰਜਾਬ ਕੋਲ 2900 ਸਬ ਸੈਂਟਰ ਹਨ ਜਿਨ੍ਹਾਂ ਨੂੰ ਹੁਣ ਵੈਲਨੈੱਸ ਸੈਂਟਰ ਦਾ ਨਾਂ ਦਿੱਤਾ ਜਾ ਰਿਹਾ ਹੈ। ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ 233 ਅਤੇ ਸਮੂਹਿਕ ਸਿਹਤ ਕੇਂਦਰਾਂ ਦੀ ਗਿਣਤੀ 139 ਹੈ। ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲ 64 ਹਨ ਅਤੇ ਚਾਰ ਸਰਕਾਰੀ ਮੈਡੀਕਲ ਕਾਲਜ ਹਨ। ਇਹ ਤਸੱਲੀਬਖ਼ਸ਼ ਤਸਵੀਰ ਜਾਪਦੀ ਹੈ ਪਰ ਇਮਾਰਤ ਤੋਂ ਵੱਧ ਜ਼ਰੂਰੀ ਹੁੰਦਾ ਹੈ ਡਾਕਟਰ, ਨਰਸ, ਸਾਜ਼ੋ-ਸਮਾਨ, ਦਵਾਈਆਂ ਆਦਿ। ਇਹ ਕਹਿਣ ਵਿਚ ਕੋਈ ਹਰਜ ਨਹੀਂ ਕਿ ਬਹੁਤੀਆਂ ਸੰਸਥਾਵਾਂ, ਪਿੰਡ ਤੋਂ ਲੈ ਕੇ ਮੈਡੀਕਲ ਕਾਲਜ ਤੱਕ, ਸਹੂਲਤਾਂ ਪੱਖੋਂ ਸੰਪੂਰਨ ਨਹੀਂ ਹਨ।

ਜ਼ਾਹਿਰ ਹੈ ਕਿ ਆਮ ਲੋਕਾਂ ਤੋਂ ਜਨਤਕ ਸਿਹਤ ਸਹੂਲਤਾਂ ਦੂਰ ਜਾ ਰਹੀਆਂ ਹਨ ਤੇ ਲੋਕ ਪ੍ਰਾਈਵੇਟ ਖੇਤਰ ਦੀਆਂ ਮਹਿੰਗੀਆਂ ਸਿਹਤ ਸਹੂਲਤਾਂ ਲੈਣ ਲਈ ਮਜਬੂਰ ਹਨ ਜਿਸ ਕਾਰਨ ਕਰਜ਼ਿਆਂ ਦਾ ਬੋਝ ਵਧਣਾ ਲਾਜ਼ਮੀ ਹੈ। ਅਸਲ ਵਿਚ, ਅਜੋਕੀ ਸਿਹਤ ਨੀਤੀ ਬਾਰੇ ਸਰਕਾਰਾਂ ਨੂੰ ਤਬਦੀਲੀ ਦੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ।

# ਸ਼੍ਰੋਮਣੀ ਢਾਡੀ ਭਾਈ ਦਇਆ ਸਿੰਘ ਦਿਲਬਰ ਦੇ ਸਪੁੱਤਰ ਅਤੇ ਮਾਂ ਬੋਲੀ ਪੰਜਾਬੀ ਦੇ ਅਲੰਬਰਦਾਰ ਢਾਡੀ ਕੁਲਜੀਤ ਸਿੰਘ ਦਿਲਬਰ ਦਾ ਅਚਾਨਕ ਵਿਛੋੜਾ

**ਵੈਨਕੂਵਰ (ਡਾ. ਗੁਰਵਿੰਦਰ ਸਿੰਘ):** ਪੰਜਾਬੀ ਮਾਂ ਬੋਲੀ ਨੂੰ ਸਮਰਪਿਤ, ਹੱਕ ਸੱਚ ਲਈ ਵਾਲੇ ਅਤੇ ਕੌਮੀ ਸੋਚ ਨੂੰ ਅੱਗੇ ਰੱਖ ਕੇ ਗਾਉਣ ਵਾਲੇ ਢਾਡੀ ਅਤੇ ਸਿੱਖ ਕੌਮ ਦੀ ਸਨਮਾਨਿਤ ਸ਼ਖਸੀਅਤ ਭਾਈ ਕੁਲਜੀਤ ਸਿੰਘ ਦਿਲਬਰ, ਪ੍ਰਧਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਢਾਡੀ ਸਭਾ ਪੰਜਾਬ ਅਚਾਨਕ ਵਿਛੋੜਾ ਦੇ ਗਏ ਹਨ। ਇਸ ਖਬਰ ਨਾਲ ਸਿੱਖ ਜਗਤ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਭਾਈ ਕੁਲਜੀਤ ਸਿੰਘ ਮਹਾਨ ਢਾਡੀ ਭਾਈ ਦਇਆ ਸਿੰਘ ਦਿਲਬਰ ਜੀ ਦੇ ਛੋਟੇ ਸਪੁੱਤਰ ਸਨ। ਪਤਾ ਲੱਗਿਆ ਹੈ ਕਿ ਉਹ ਕੁਝ ਸਮੇਂ ਤੋਂ ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਸਨ। ਉਹ ਪਰਿਵਾਰਕ ਤੌਰ ਤੇ ਸਿਆਟਲ ਅਮਰੀਕਾ ਵਿੱਚ ਜਾ ਵਸੇ ਸਨ। ਇੰਨੀ ਦਿਨੀ ਪੰਜਾਬ ਵਿੱਚ ਸਨ, ਜਿੱਥੇ ਉਨਾਂ ਨੇ ਅੰਤਿਮ ਸਵਾਸ ਲਏ। ਭਾਈ ਕੁਲਜੀਤ ਸਿੰਘ ਆਪਣੇ ਸਤਿਕਾਰਯੋਗ ਪਿਤਾ ਭਾਈ ਦਇਆ ਸਿੰਘ ਦਿਲਬਰ ਵਾਂਗ, ਹਮੇਸ਼ਾ ਹੀ ਸਿੱਖ ਕੌਮ ਦੇ ਦਿਲਾਂ ਵਿੱਚ ਜਿਉਂਦੇ ਰਹਿਣਗੇ!




ਮੇਰੇ ਲਈ ਉਹ ਬੜਾ ਸੁਭਾਗਾ ਦਿਨ ਸੀ, ਜਦੋਂ ਭਾਈ ਕੁਲਜੀਤ ਸਿੰਘ ਦਿਲਬਰ ਨਾਲ ਸਰੀ ਵਿਖੇ ਨਿੱਘੀ ਮਿਲਣੀ ਹੋਈ ਸੀ ਅਤੇ ਦਿਲ ਦੇ ਵਲਵਲੇ ਸਾਂਝੇ ਹੋਏ ਸਨ। ਮੌਜੂਦਾ ਸਮੇਂ ਪੰਜਾਬੀ ਗਾਇਕੀ ਦੇ ਸੰਕਟ, ਢਾਡੀ ਕਲਾ 'ਚ ਆ ਰਹੀ ਚਲੰਤ ਕਿਸਮ ਦੀ ਗਾਇਕੀ ਵਾਲੀ ਪਹੁੰਚ ਅਤੇ ਢਾਡੀ ਰਾਗਾਂ ਤੋਂ ਦੂਰੀਆਂ ਬਾਰੇ ਵਿਚਾਰਾਂ ਹੋਈਆਂ। ਦਰਅਸਲ ਇਸ ਮੁਲਾਕਾਤ ਦਾ ਉਦਮ ਵੀ ਢਾਡੀ ਦਿਲਬਰ ਜੀ ਨੇ ਹੀ ਕੀਤਾ ਸੀ। ਉਹ ਸਰੀ ਆਏ ਹੋਏ ਸਨ ਅਤੇ ਸੁਨੇਹਾ ਭੇਜਿਆ ਕਿ ਆਓ ਜਰੂਰ ਮਿਲੀਏ! ਉਹਨਾਂ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਢਾਡੀ ਕਲਾ ਪ੍ਰਤੀ ਨਾ ਸਰਕਾਰਾਂ ਤਵੱਜੋ ਦੇ ਰਹੀਆਂ ਹਨ ਅਤੇ ਨਾ ਹੀ ਢਾਡੀ ਖੁਦ ਇਸ ਪ੍ਰਤੀ ਫਿਕਰਮੰਦ ਹਨ। ਇਸ ਬਾਰੇ ਵਿਚਾਰਾਂ ਕਰਨ ਦੀ ਲੋੜ ਹੈ। ਇਹ ਮੁਲਾਕਾਤ ਗਿੱਲ ਡਰਾਫਟਿੰਗ ਵਾਲੇ ਵੀਰ ਜਤਿੰਦਰਪਾਲ ਸਿੰਘ ਗਿੱਲ ਦੇ ਦਫਤਰ ਵਿਖੇ ਹੋਈ ਸੀ, ਜਿੱਥੇ ਗਾਇਕ ਅਤੇ ਗੀਤਕਾਰ ਰਾਜਵਿੰਦਰ ਸਿੰਘ ਰਾਜ ਕਾਕੜਾ ਵੀ ਮੌਜੂਦ ਸਨ, ਇਸ ਮੁਲਾਕਾਤ ਵੇਲੇ ਇਹ ਨਹੀਂ ਸੀ ਪਤਾ ਕਿ ਇਹ ਮੁਲਾਕਾਤ ਆਖਰੀ ਹੋ ਨਿਬੜੇਗੀ। ਇਸ ਮੌਕੇ 'ਤੇ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਆਪਣੀ ਕਿਤਾਬ 'ਸੁਖਨ ਸਵੇਰ' ਸਤਿਕਾਰ ਸਹਿਤ ਭੇਟ ਕੀਤੀ।

ਦੱਸਣਯੋਗ ਹੈ ਕਿ ਭਾਈ ਕੁਲਜੀਤ ਸਿੰਘ ਦਿਲਬਰ ਢਾਡੀ ਤੋਂ ਇਲਾਵਾ ਇੱਕ ਚੰਗੇ ਲਿਖਾਰੀ ਵੀ ਸਨ। ਉਹਨਾਂ 'ਮੇਰੀ ਲਸੂੜੀ', 'ਠੋਕਰ' ਅਤੇ ' ਰੂਹ ਦੀ ਪੀੜ' ਆਦਿਕ ਕਈ ਕਿਤਾਬਾਂ ਲਿਖੀਆਂ, ਜਿਹੜੀਆਂ ਕਿ ਪੰਜਾਬੀ ਮਾਂ ਬੋਲੀ, ਵਿਰਸੇ ਅਤੇ ਸਿੱਖ ਕੌਮ ਦੇ ਸਨਮਾਨ ਨੂੰ ਚਾਰ ਚੰਨ ਲਾਉਂਦੀਆਂ ਰਹਿਣਗੀਆਂ।

## ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ ਜੀ ਕੈਨੇਡੀਅਨ ਦੀ ਯਾਦ ਵਿੱਚ ਸਿੱਖ ਸੰਗਤਾਂ ਵੱਲੋਂ ਸਮਾਗਮ

**ਵੈਨਕੂਵਰ (ਡਾ. ਗੁਰਵਿੰਦਰ ਸਿੰਘ):** ਕੈਨੇਡਾ ਦੀ ਧਰਤੀ 'ਤੇ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊਵੈਸਟ ਮਨਿਸਟਰ ਲਈ, 1919 ਵਿੱਚ ਜਮੀਨ ਖਰੀਦ ਕੇ ਸੇਵਾ ਕਰਨ ਵਾਲੇ, ਸਤਿਕਾਰਯੋਗ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਸੁੰਦਰ ਸਿੰਘ ਜੀ ਕਨੇਡੀਅਨ ਦੀ ਯਾਦ ਵਿੱਚ ਇਸ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸਮੂਹ



ਇਲਾਕਾ ਨਿਵਾਸੀ ਸਿੱਖ ਸੰਗਤਾਂ ਵੱਲੋਂ ਸਮਾਗਮ ਕਰਵਾਏ ਗਏ ਲ ਇਸ ਮੌਕੇ ਦਾਸ ਵੱਲੋਂ ਸੰਗਤਾਂ ਦੇ ਸਨਮੁਖ ਹਾਜ਼ਰ ਹੋ ਕੇ ਬਾਬਾ ਸੰਤ ਸੁੰਦਰ ਸਿੰਘ ਜੀ ਅਤੇ ਭਾਈ ਬਿਸ਼ਨ ਸਿੰਘ ਜੀ ਦੇ ਜੀਵਨ ਅਤੇ ਮਹਾਨ ਦੇਣ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ ਲ ਆਓ! ਸਾਡੇ ਲਈ ਰਾਹ ਬਣਾਉਣ ਵਾਲੀਆਂ ਮਹਾਨ ਸ਼ਖਸੀਅਤਾਂ ਨੂੰ ਯਾਦ ਕਰੀਏ ਅਤੇ ਉਹਨਾਂ ਤੋਂ ਸੇਧ ਲਈਏ!!

## ਬੀ.ਸੀ. ਵਿੱਚ ਅਮਰੀਕੀ ਕੋਲੇ ‘ਤੇ "ਕਾਰਬਨ ਟੈਕਸ" ਲਗਾਉਣ ਦੀ ਸਿਫ਼ਾਰਸ਼

**ਵੈਨਕੂਵਰ (ਏਕਜੋਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਵਿਰੋਧੀ ਧਿਰ ਦੇ ਆਗੂ ਜੌਨ ਰਸਟਾਡ (John Rustad) ਨੇ ਅਮਰੀਕੀ ਥਰਮਲ ਕੋਲੇ 'ਤੇ "ਕਾਰਬਨ ਟੈਕਸ" ਲਗਾਉਣ ਦੀ ਸਿਫ਼ਾਰਸ਼ ਕੀਤੀ ਹੈ। ਇਹ ਕਦਮ ਅਮਰੀਕਾ ਵਲੋਂ ਕੈਨੇਡਾ ਦੇ ਸੋਫਟਵੁਡ ਲੁੰਬਰ 'ਤੇ ਲਗਾਏ ਜਾ ਰਹੇ ਟੈਰਿਫ਼ਾਂ ਦਾ ਜਵਾਬ ਦੇਣ ਲਈ ਉਠਾਇਆ ਜਾ ਸਕਦਾ ਹੈ। ਰਸਟਾਡ ਦੇ ਅਨੁਸਾਰ, ਇਹ ਟੈਕਸ ਇੱਕ "ਹਥਿਆਰ" ਵਜੋਂ ਵਰਤਿਆ ਜਾ ਸਕਦਾ ਹੈ ਤਾਂ ਜੋ ਅਮਰੀਕਾ ਨੂੰ ਉਸੇ ਦੀ ਭਾਸ਼ਾਂ ‘ਚ ਜਵਾਬ ਦਿੱਤਾ ਜਾ ਸਕੇ।



ਬੀ.ਸੀ. ਦੇ ਜੰਗਲਾਤ ਮੰਤਰੀ ਰਵੀ ਪਰਮਾਰ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਟੈਰਿਫ਼ ਨੀਤੀ ਕਰਕੇ ਕੈਨੇਡੀਅਨ ਸੋਫਟਵੁਡ ਲੁੰਬਰ ‘ਤੇ ਲਾਗੂ ਟੈਕਸ 50% ਤੱਕ ਵਧ ਸਕਦਾ ਹੈ।

ਰਸਟਾਡ ਨੇ ਕਿਹਾ, "ਅਸੀਂ ਅਮਰੀਕਾ ਵਲੋਂ ਲਾਏ ਗਏ ਟੈਰਿਫ਼ਾਂ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਪਵੇਗਾ। ਜਦ ਤਕ ਇਹ ਟੈਰਿਫ਼ਾਂ ਹਟਾਈਆਂ ਨਹੀਂ ਜਾਂਦੀਆਂ, ਅਸੀਂ ਅਮਰੀਕਾ ‘ਤੇ ਜਵਾਬੀ ਕਰਵਾਈਆਂ ਕਰਾਂਗੇ।"

ਰਸਟਾਡ ਨੇ ਸਿੱਧਾ ਤੌਰ ‘ਤੇ ਕਿਹਾ ਕਿ ਉਹ ਅਮਰੀਕਾ ‘ਤੇ ਟੈਰਿਫ਼ਾਂ ਲਗਾਉਣ ਦੀ ਨਹੀਂ ਪਰ ਇੱਕ "ਗ੍ਰੈਜੂਏਟਡ ਕਾਰਬਨ ਟੈਕਸ" ਲਿਆਉਣ ਦੀ ਗੱਲ ਕਰ ਰਹੇ ਹਨ, ਜੋ ਲੰਬਰ ਸਮਝੌਤੇ ਤੱਕ ਅੱਗੇ ਵਧਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਅਮਰੀਕਾ ਵਲੋਂ ਹਰ ਸਾਲ 18 ਮਿਲੀਅਨ ਟਨ ਥਰਮਲ ਕੋਲਾ ਵੈਨਕੂਵਰ ਦੀਆਂ ਬੰਦਰਗਾਹਾਂ ਰਾਹੀਂ ਭੇਜਿਆ ਜਾਂਦਾ ਹੈ, ਪਰ ਇਸਨੂੰ ਬੀ.ਸੀ. ਵਿਚ ਵਰਤਿਆ ਨਹੀਂ ਜਾਂਦਾ।

ਪਹਿਲਾਂ, ਬੀ.ਸੀ. ਕੰਜ਼ਰਵੇਟਿਵ ਪਾਰਟੀ ਨੇ ਕਿਹਾ ਸੀ ਕਿ ਅਮਰੀਕਾ ‘ਤੇ ਵਾਪਸ ‘ਚ ਟੈਰਿਫ਼ ਲਗਾਉਣ ਦੀ ਬਜਾਏ, ਇਸਨੂੰ ਬੀ.ਸੀ. ਦੀ ਅਰਥਵਿਵਸਥਾ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਮੌਕਾ ਸਮਝਿਆ ਜਾਣਾ ਚਾਹੀਦਾ ਹੈ।

"ਸਾਡੇ ਵਧੇਰੇ ਲੰਬਰ ਉਤਪਾਦ ਅੰਤਰਰਾਸ਼ਟਰੀ ਮਾਰਕੀਟ ਵਿੱਚ ਵਧੀਆ ਮੁੱਲ 'ਤੇ ਵੇਚਣੇ ਚਾਹੀਦੇ ਹਨ। ਸਾਨੂੰ ਵਿਰੋਧ ਕਰਕੇ ਨਾ ਹੀ ਆਪਣੀ ਹਾਲਤ ਖ਼ਰਾਬ ਕਰਨੀ ਚਾਹੀਦੀ ਹੈ, ਨਾ ਹੀ ਵਧੇਰੇ ਵਪਾਰਕ ਮੁਸ਼ਕਲਾਂ ਖੜ੍ਹੀਆਂ ਕਰਨੀ ਚਾਹੀਦੀਆਂ।"

ਪਰ ਹੁਣ ਰਸਟਾਡ ਨੇ ਕਿਹਾ ਕਿ ਉਨ੍ਹਾਂ ਦੀ ਨਵੀਂ "ਗ੍ਰੈਜੂਏਟਡ ਕਾਰਬਨ ਟੈਕਸ" ਯੋਜਨਾ, ਵਿਰੋਧ ਨਹੀਂ, ਬਲਕਿ ਇੱਕ ਨਵੀਂ ਰਣਨੀਤੀ ਹੈ, ਜੋ ਅਮਰੀਕਾ ‘ਤੇ ਤਰੀਕੇ ਨਾਲ ਦਬਾਅ ਬਣਾਉਣ ਲਈ ਵਰਤੀ ਜਾ ਸਕਦੀ ਹੈ। This report was written by Ekjot Singh as part of the Local Journalism Initiative.

## 'ਸਰੀਨਾਮਾ' ਨੂੰ ਸਰੀ ਵਿੱਚ 'ਜੀ ਆਇਆਂ ਨੂੰ'!






**ਵੈਨਕੂਵਰ (ਡਾ. ਗੁਰਵਿੰਦਰ ਸਿੰਘ):** ਪੱਤਰਕਾਰ ਅਤੇ ਲੇਖਕ ਬਖ਼ਸ਼ਿੰਦਰ ਦੀ ਨਵੀਂ ਕਿਤਾਬ 'ਸਰੀਨਾਮਾ' (ਸ਼ਹਿਰ-ਵਾਰਤਾ) ਛਪ ਚੁੱਕੀ ਹੈ।'ਸਰੀਨਾਮਾ' ਵਿੱਚ ਸਰੀ ਸ਼ਹਿਰ ਦੀ ਵਾਰਤਾ ਲੇਖਕ ਨੇ ਬਾਖੂਬ ਬਿਆਨੀ ਹੈ। ਸਰੀ ਦਾ ਇਤਿਹਾਸ, ਇਥੋਂ ਦੀ ਰਾਜਨੀਤੀ, ਸਮਾਜ, ਸੱਭਿਆਚਾਰ, ਸਾਹਿਤ ਅਤੇ ਹੋਰ ਅਨੇਕਾਂ ਪਹਿਲੂਆਂ ਤੋਂ ਇਲਾਵਾ, ਪੰਜਾਬੀ ਭਾਈਚਾਰੇ ਦਾ ਸਰੀ ਦੇ ਵਿਕਾਸ ਵਿੱਚ ਯੋਗਦਾਨ ਵੀ 'ਸਰੀਨਾਮਾ' ਵਿੱਚ ਬਿਆਨ ਕੀਤਾ ਗਿਆ ਹੈ।'ਸਰੀਨਾਮਾ' ਨਾ ਸਿਰਫ ਜਾਣਕਾਰੀ ਭਰਪੂਰ ਹੈ, ਬਲਕਿ ਇਸ ਵਿਚਲੇ ਤੱਥ ਇਤਿਹਾਸਿਕ ਦਸਤਾਵੇਜ਼ ਕਹੇ ਜਾ ਸਕਦੇ ਹਨ। ਇਹ ਕਿਤਾਬ ਜਲਦੀ ਹੀ ਰਿਲੀਜ਼ ਕੀਤੀ ਜਾਵੇਗੀ। ਅਜੇ ਅੱਜ ਹੀ ਇਸ 'ਤੇ ਚੈਨਲ ਪੰਜਾਬੀ 'ਤੇ ਪ੍ਰੋਗਰਾਮ 'ਆਵਾਜ਼-ਏ-ਪੰਜਾਬ' ਵਿੱਚ ਇੱਕ ਵਿਸ਼ੇਸ਼ ਗੱਲਬਾਤ ਵੀ ਹੋਈ ਹੈ, ਜੋ ਕਿ ਦੇਖਣ ਲਾਇਕ ਹੈ। 'ਸਰੀਨਾਮਾ' ਆਪਣੇ ਆਪ ਵਿੱਚ ਵਿਲੱਖਣ ਕਿਤਾਬ ਹੈ। ਇਹ ਕਿਤਾਬ ਵਿਚਾਰ ਪੱਖੋਂ ਤਾਂ ਵੱਡੀ ਹੈ ਹੀ, ਆਕਾਰ ਪੱਖੋਂ ਵੀ ਵੱਡੀ ਹੈ। ਜਦੋਂ ਵੀ ਕਿਸੇ ਨੂੰ ਸਰੀ ਦੇ ਇਤਿਹਾਸ ਅਤੇ ਵਿਰਸੇ ਦੀ ਜਾਣਕਾਰੀ ਦੀ ਲੋੜ ਪਵੇਗੀ, ਤਾਂ ਇਹ ਕਿਤਾਬ ਉਸ ਜਗਿਆਸੂ ਦੀ ਗਿਆਨ ਪੂਰਤੀ ਕਰੇਗੀ। ਇਥੋਂ ਤੱਕ ਕਿ ਲਿਖਾਰੀਆਂ ਲਈ ਵੀ ਇਹ ਕਿਤਾਬ, ਹਵਾਲੇ ਦੇ ਰੂਪ ਵਿੱਚ ਲਾਹੇਵੰਦ ਸਾਬਤ ਹੋਵੇਗੀ!

## ਹਾਕੀ ਟੂਰਨਾਮੈਂਟ 'ਚ ਕੈਨੇਡਾ ਤੋਂ ਹਾਰਿਆ ਅਮਰੀਕਾ



ਔਟਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 4 ਦੇਸ਼ਾਂ ਦੇ ਫੇਸ-ਆਫ ਫਾਈਨਲ ਵਿੱਚ ਕੈਨੇਡਾ ਵੱਲੋਂ ਆਪਣੇ ਵਿਰੋਧੀ ਅਮਰੀਕਾ ਨੂੰ ਹਰਾਉਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਬੋਸਟਨ ਵਿਚ ਆਈਸ ਹਾਕੀ ਮੈਚ ਵਿਚ ਕੈਨੇਡਾ ਦੀ 3-2 ਦੀ ਜਿੱਤ ਤੋਂ ਤੁਰੰਤ ਬਾਅਦ ਟਰੂਡੋ ਨੇ ਐਕਸ 'ਤੇ ਪੋਸਟ ਕਰਦੇ ਲਿਖਿਆ, "ਤੁਸੀਂ ਸਾਡਾ ਦੇਸ਼ ਨਹੀਂ ਲੈ ਸਕਦੇ। ਤੁਸੀਂ ਸਾਡੀ ਖੇਡ ਵੀ ਨਹੀਂ ਲੈ ਸਕਦੇ।" ਦਰਅਸਲ, ਖੇਡ ਸ਼ੁਰੂ ਹੋਣ ਤੋਂ ਪਹਿਲਾਂ ਅਮਰੀਕਾ ਨੇ ਕੈਨੇਡਾ ਦਾ ਮਜ਼ਾਕ ਉਡਾਇਆ ਸੀ। ਅਮਰੀਕਾ ਨੇ ਕਿਹਾ ਸੀ ਕਿ ਅਸੀ ਜਲਦੀ ਹੀ ਸਾਡਾ 51ਵਾਂ ਰਾਜ ਬਣਨ ਜਾ ਰਿਹਾ ਹਾਂ, ਕੈਨੇਡਾ ਨੂੰ ਹਰਾਉਣ ਵਾਲੇ ਹਾਂ। ਇੱਥੇ ਦੱਸ ਦੇਈਏ ਕਿ ਜਦੋਂ ਤੋਂ ਡੋਨਾਲਡ ਟਰੰਪ ਰਾਸ਼ਟਰਪਤੀ ਬਣੇ ਹਨ, ਉਨ੍ਹਾਂ ਨੇ ਵਾਰ-ਵਾਰ ਕੈਨੇਡਾ ਨੂੰ ਸੰਯੁਕਤ ਰਾਜ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਮੰਗ ਕੀਤੀ ਹੈ।


fruiticana hee jaana!
Rajan MANGOES
have arrived!
UNBEATABLE BIGGEST SALE IN CANADA
UNBEATABLE EXTRA SUPER SPECIAL
Roma Tomatoes
ਰੋਮਾ ਟਮਾਟਰ
68¢ lb
EXTRA SUPER SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ 9
$2.99 ea.
SUPER SPECIAL
Fresh Spinach
ਪਾਲਕ
99¢ bunch
SUPER SPECIAL
Red Delicious Apples
ਲਾਲ ਸਵਾਦ ਸੇਬ
98¢ lb
SUPER SPECIAL
Green Bell Peppers
ਹਰੀ ਸ਼ਿਮਲਾ ਮਿਰਚ
98¢ lb
SUPER SPECIAL
Cilantro
ਧਣੀਆ
2 bunches for 99¢
Gachak (Indican) 400 g
ਇੰਡੀਕਨ ਗੁੜ ਗਚਕ
$2.98 pkg.
BOX SALE
Yellow Onions 50 lbs
ਪੀਲੇ ਗੰਢੇ
$10.98 bag
Roma Tomatoes 25 lbs
ਰੋਮਾ ਟਮਾਟਰ
$15.99 box
Cauliflower Jumbo Size 9
ਵੱਡਾ ਗੋਬੀ ਦਾ ਫੁੱਲ ਸਾਈਜ਼ 9
$25.99 box
Green Bell Peppers Apx. 25 lbs
ਹਰੀ ਸ਼ਿਮਲਾ ਮਿਰਚ
$23.99 box
Fresh Spinach 24's
ਪਾਲਕ
$22.99 box
Red Lentil Whole 55 lbs & Chickpeas 55 lbs
ਚਿੱਟੇ ਛੋਲੇ ਧੋਤੀ ਮਸਰਾਂ ਦੀ ਦਾਲ
$45.99 bag
Rapini (Sarson da Saag)
ਸਰਸੋਂ ਦਾ ਸਾਗ
$2.99 bunch
Red Onions 25 lbs
ਲਾਲ ਗੰਢੇ
$16.88 bag
Fresh Garlic
ਤਾਜ਼ਾ ਲਸਣ
$1.88 lb
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
Fresh Methi
ਤਾਜ਼ਾ ਮੇਥੀ
$1.99 bunch
Zucchini
ਜ਼ੁਕੀਨੀ ਸਕੁਐਸ਼
59¢ lb
Fresh Ginger
ਤਾਜ਼ਾ ਅੱਦਰਕ
$1.48 lb
Seedless Oranges (Small)
ਛੋਟਾ ਸੰਤਰੇ (ਬਿਨਾ ਬੀਜ ਤੋਂ)
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Broccoli Crown
ਬਰੋਕਲੀ ਕਰਾਊਨ
$1.28 lb
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.49
Roasted Peanuts in Shell
ਭੁੱਜੀ ਮੂੰਗਫਲੀ
$1.88 lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.
Indican Premium Tea 216's
ਇੰਡੀਕਨ ਚਾਹ
$5.99 box
Chickpeas & Red Lentil Whole
ਚਿੱਟੇ ਛੋਲੇ ਧੋਤੀ ਮਸਰਾਂ ਦੀ ਦਾਲ
88¢ lb
Red Lentil Whole, Red Lentil Split, Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾਂ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ (ਇੰਡੀਕੈਨ)
$3.98 bag
Thur Feb 27, 2025 - Wed Mar 05, 2025
We reserve the right to limit the quantities while they last
Specials valid for Lower Mainland only
Product images may differ from the actual produc...
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Disclaimer: We reserve the right to add restrictions on products with a minimum purchase
THE SOUTH SURREY/WHITE ROCK FRUITICANA NOW OPEN AT 1812, 152ND ST.
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Surrey 101-1812 152St. 604-539-5736
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520